INTERNATIONAL MAGAZINE
RNI No. 61816/95

ਚੜਦੀ ਕਲਾ ਤੇ ਸੂਰਬੀਰਤਾ ਦਾ ਪ੍ਰਤੀਕ
## ਹੋਲਾ ਮਹੱਲੇ
ਦੀ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਮਾਰਚ 2025



ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਰਤਵਾੜਾ ਸਾਹਿਬ ਵਾਲੇ
ਨਗਰ ਧਮੋਟ (ਲੁਧਿਆਣਾ) ਵਿਖੇ ਗੁਰਮਤਿ ਸਮਾਗਮ ਦੌਰਾਨ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।







ਪਿੰਡ ਝੰਬੇਲਵਾਲੀ (ਸ੍ਰੀ ਮੁਕਤਸਰ ਸਾਹਿਬ) ਵਿਖੇ ਸਮਾਗਮ ਦੀ ਸਮਾਪਤੀ ਉਪਰੰਤ ਸੰਗਤਾਂ ਅਰਦਾਸ ਵਿੱਚ ।



# ਆਤਮ ਮਾਰਗ

ਸਾਲ-ਤੀਹਵਾਂ, ਮਹੀਨਾ-ਮਾਰਚ, 2025

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

**ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ**

**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ**
ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ
ਭਾਈ (ਡਾ.) ਸੁਖਵਿੰਦਰ ਸਿੰਘ

ਚੀਫ ਐਡੀਟਰ
ਡਾ. ਜਗਜੀਤ ਸਿੰਘ


**ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ**

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

**Email :atammarg1@yahoo.co.in**

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**
**'ATAM MARG' MAGAZINE**
Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


**Media Broadcast (Ratwara Sahib)**

Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.org
www.ratwarasahib.com
www.vgrmct.org
} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

**Live Programme & Cable Tv Network**
**98728-14385, 94172-14385**
**98147-12900**

**ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ**

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**
**9417214378, 9417214384**

**ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ**

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ੍ਰੀ ਮਾਨ ਜੀ - 98551-32009
ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**
**98889-10777, 96461-01996, 9417214381**

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 7 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 3. | **ਮੰਝ ਪਿਆਰਾ ਗੁਰੂ ਨੂੰ.......।** | 12 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਚਉਥੈ ਪਹਰਿ ਸਬਾਹ ਕੈ...॥** | 21 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥** | 26 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | **ਸੰਤ ਕਾ ਸੰਗੁ ਵਡਭਾਗੀ ਪਾਈਐ** | 33 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 7. | **ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ** | 37 |
| | *ਡਾ. ਜਗਜੀਤ ਸਿੰਘ* | |
| 8. | **ਗੁਰਬਾਣੀ ਅਰਥ ਭੰਡਾਰ** | 39 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 9. | **ਗੁਰ ਨਾਨਕ ਆਗਮਨ** | 42 |
| | *ਡਾ. ਭਾਈ ਵੀਰ ਸਿੰਘ ਜੀ* | |
| 10. | **ਜਨ ਪਰਉਪਕਾਰੀ ਆਏ - ਭਾਗ 4** | 46 |
| | *ਪ੍ਰੋ. ਗੁਰਦੇਵ ਸਿੰਘ* | |
| 11. | **ਈਸ਼੍ਵਰ ਅਮੋਲਕ ਲਾਲ** | 50 |
| | *ਕ੍ਰਿਤ- ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ* | |
| 12. | **ਵਾਰਾਂ ਭਾਈ ਗੁਰਦਾਸ ਜੀ** | 52 |
| 13. | **ਭਾਈ ਨੰਦ ਲਾਲ ਜੀ** | 54 |
| 14. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ** | 56 |
| | **ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | |

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

*ਬਨਸਪਤਿ ਮਉਲੀ ਚੜਿਆ ਬਸੰਤੁ ॥*
*ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥ ਅੰਗ - ੧੧੭੬*

ਕਾਦਰ ਦੀ ਰਚੀ ਹੋਈ ਕੁਦਰਤਿ ਵਿਚ ਬਨਸਪਤੀ ਬਸੰਤ ਰੁੱਤ ਵਿਚ ਮਉਲਦੀ ਦੇਖੀ ਜਾਂਦੀ ਹੈ। ਬਨਸਪਤੀ ਵਿਚ ਬਦਲਾਅ ਕਿਉਂ ਅਤੇ ਕਿਵੇਂ ਆਉਂਦਾ ਹੈ? ਇਹ ਸਾਡੀ ਸੋਚ ਸਮਝ ਤੋਂ ਬਾਹਰ ਦੀ ਬਾਤ ਹੈ। ਜਦੋਂ ਪਵਿੱਤਰ ਗੁਰਬਾਣੀ ਨੂੰ ਸ਼ਰਧਾ ਪਿਆਰ ਨਾਲ ਨਮਸ਼ਕਾਰ ਕਰਦੇ ਹਾਂ ਤਾਂ ਬਹੁਤ ਸਾਰੀਆਂ ਗੁੰਝਲਾਂ ਜੋ ਦਿਸਦੇ ਅਤੇ ਅਣਦਿਸਦੇ ਸੰਸਾਰ ਨਾਲ ਸਬੰਧਿਤ ਹਨ, ਆਪ ਮੁਹਾਰੇ ਖੁਲ੍ਹ ਜਾਂਦੀਆਂ ਹਨ। ਪ੍ਰਮੇਸ਼ਰ ਕਰਤਾ ਹੁੰਦਾ ਹੋਇਆ ਪੁਰਖ ਵੀ ਹੈ। ਕਰਤੇ ਤਾਂ ਸੰਸਾਰ ਵਿਚ ਅਨੇਕਾਂ ਹਨ, ਕਿਸੇ ਵੀ ਚੀਜ਼ ਦੀ ਘਾੜਤ ਕਰਨ ਵਾਲਾ ਭਾਵ ਉਸ ਦਾ ਨਿਰਮਾਣ ਕਰਨ ਵਾਲਾ ਉਸ ਵਸਤੂ ਦਾ ਕਰਤਾ ਤਾਂ ਹੈ ਪਰ ਉਹ ਪੁਰਖ ਨਹੀਂ ਹੋ ਸਕਦਾ। ਕਰਤਾ ਪੁਰਖ ਕੇਵਲ ਤੇ ਕੇਵਲ ਅਕਾਲ ਪੁਰਖ ਆਪ ਹੀ ਹੈ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸ੍ਰੀ ਜਪੁਜੀ ਸਾਹਿਬ ਤੋਂ ਪਹਿਲਾਂ ਆਏ ਮੂਲ ਮੰਤ੍ਰ ਵਿਚ ਸੱਚੇ ਪਾਤਸ਼ਾਹ ਉਸ ਅਕਾਲ ਪੁਰਖ ਦੇ ਸਰੂਪ ਬਾਰੇ ਬਖਸ਼ਿਸ਼ ਕਰ ਰਹੇ ਹਨ ਜਿਥੇ ਉਸ ਅਕਾਲ ਪੁਰਖ (ੴ) ਦਾ ਸਰੂਪ, ਸਤਿ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਜੂਨਾਂ ਤੋਂ ਰਹਿਤ ਸੈਭੰ ਅਤੇ ਗੁਰੂ ਕ੍ਰਿਪਾ ਵਾਲਾ ਹੈ। ਉਥੇ ਕਰਤਾ ਪੁਰਖ ਵੀ ਹੈ। ਭਾਵ -

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥*

ਇਥੇ ਹੀ ਬਸ ਨਹੀਂ ਉਪਰੋਕਤ ਗੁਣਾਂ ਵਾਲਾ ਸਰੂਪ ਤਾਂ ਹੈ ਹੀ ਪਰ ਉਹ -

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*

ਵੀ ਹੈ। ਇਥੇ ਅਸੀਂ ਉਸ ਦੇ 'ਕਰਤਾ ਪੁਰਖ' ਵਾਲੇ ਸਰੂਪ ਦੀ ਵਿਚਾਰ ਕਰ ਰਹੇ ਹਾਂ ਭਾਵ ਕਿ ਉਹ ਆਪਣੀ ਕੁਦਰਤਿ ਸਾਜ ਕੇ ਉਸ ਤੋਂ ਵੱਖ ਨਹੀਂ ਹੈ। ਉਹ ਆਪ ਕਿਸੇ ਹੋਰ ਥਾਂ 'ਤੇ ਚਲਾ ਨਹੀਂ ਗਿਆ ਜਿਵੇਂ ਕਿ ਇਕ ਭਰਮ ਸੀ ਕਿ -

*ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ ॥*
*ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ*
*ਏਹੀ ਠਉਰ ਮੁਕਾਮਾ ॥ ਅੰਗ - ੧੩੪੯*

ਮਹਾਰਾਜ ਬਖਸ਼ਿਸ਼ ਕਰਦੇ ਹਨ -

*ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ*
*ਏਹੀ ਠਉਰ ਮੁਕਾਮਾ ॥ ਅੰਗ - ੧੩੪੯*

ਕਰਤਾ ਪੁਰਖ ਭਾਵ ਉਸ ਦੀ ਵਿਦਮਾਨਤਾ ਦੀ ਬਖਸ਼ਿਸ਼ ਮੇਰੇ ਸਤਿਗੁਰੂ ਕਰਦੇ ਹਨ ਕਿ -

*ਬਲਿਹਾਰੀ ਕੁਦਰਤਿ ਵਸਿਆ ॥*
*ਤੇਰਾ ਅੰਤੁ ਨ ਜਾਈ ਲਖਿਆ ॥ ਅੰਗ - ੪੬੯*

ਉਹ ਆਪਣੀ ਰਚੀ ਕੁਦਰਤਿ ਵਿਚ ਵਿਦਮਾਨ ਹੋ ਕੇ ਜ਼ਿੰਦਗੀ ਬਖਸ਼ ਰਿਹਾ ਹੈ -

*ਕੁਦਰਤਿ ਕਰਿ ਕੈ ਵਸਿਆ ਸੋਇ॥ ਅੰਗ - ੮੩*

ਬਸੰਤ ਰੁੱਤ ਵਿਚ ਪ੍ਰਮੇਸ਼ਰ ਦੀ ਕੁਦਰਤਿ ਵਿਚ ਵਿਦਮਾਨਤਾ ਦਾ ਸਰੂਪ ਪ੍ਰਤੱਖ ਰੂਪ ਵਿਚ ਨਿਖਰ ਕੇ ਸਾਨੂੰ ਨਜ਼ਰ ਆਉਂਦਾ ਹੈ। ਪੋਹ-ਮਾਘ ਮਹੀਨੇ ਦੀ ਸਰਦੀ ਨੇ ਸਾਰੀ ਬਨਸਪਤੀ ਨੂੰ ਖੁਸ਼ਕ ਬਣਾ ਦਿਤਾ। ਵਾਤਾਵਰਣ ਵਿਚ ਨਿੱਘ ਆਈ, ਗਰਮਾਇਸ਼ ਨਾਲ ਹਵਾ ਵਿਚ ਨਿੱਘ ਆਉਣੀ ਸ਼ੁਰੂ ਹੋਈ। ਇਸ ਨਿੱਘ ਨਾਲ ਹਰ ਸ਼ੈਅ ਭਾਵੇਂ ਉਹ ਬਨਸਪਤੀ ਹੈ, ਪਸ਼ੂ ਪੰਛੀ, ਜੀਵ ਜੰਤੂ ਅਤੇ ਮਨੁੱਖ ਹੈ, ਸਾਰਿਆਂ ਦੇ ਉਤੇ ਨਵਾਂ ਰੂਪ ਦੇਖਣ ਨੂੰ ਮਿਲਿਆ। ਦਰਖਤਾਂ ਦੀਆਂ ਕਰੂੰਬਲਾਂ ਫੁੱਟੀਆਂ, ਫਲਾਂ ਵਾਲੀ ਬਨਸਪਤੀ ਨੂੰ ਫੁੱਲਾਂ ਨੇ ਸਿੰਗਾਰਿਆ, ਪੰਛੀਆਂ ਵਿਚ ਚਿਹ-ਚਿਹਾਹਟ ਵਧੀ। ਇਸ ਸਾਰੇ ਦਾ ਅਸਰ ਮਨੁੱਖਾ ਮਨ ਤੇ ਪੈਣਾ ਵੀ ਸੁਭਾਵਿਕ ਹੈ। ਜਿਥੇ ਸਰੀਰ ਕਰਕੇ, ਤਨ ਕਰਕੇ ਗਰਮਾਇਸ਼ ਮਿਲੀ, ਨਿੱਘ ਪ੍ਰਾਪਤ ਹੋਈ ਉਥੇ ਬਾਹਰਲੇ ਵਾਤਾਵਰਣ ਦੇ ਨਜ਼ਾਰੇ ਦੇਖ ਕੇ ਮਨ ਵਿਚ ਉਤਸ਼ਾਹ ਜਾਗਿਆ। ਹੁਲਾਰਾ ਮਿਲਿਆ ਕਿ ਜੇ ਇਹ ਬਨਸਪਤੀ ਮਉਲ ਸਕਦੀ ਹੈ ਤਾਂ ਮਨੁੱਖ ਕਿਉਂ ਨਹੀਂ ਮਉਲੇ? ਹੁਣ ਬਨਸਪਤੀ ਤਾਂ ਮਉਲਦੀ ਦੇਖੀ ਗਈ, ਇਹ ਮਨ

ਕਿਵੇਂ ਮਉਲੇ? ਇਹ ਮਨ ਕਦੇ ਉਦਾਸੀ ਵਿਚ ਜਾਂਦਾ ਹੈ, ਕਦੇ ਖੁਸ਼ੀ ਵਿਚ ਆਉਂਦਾ। ਕੀ ਇਹੋ ਜਿਹੀ ਸਥਿਤੀ ਵੀ ਹੈ ਜਿਥੇ ਕਦੇ ਮੁਰਝਾਉਪੁਣਾ ਆਵੇ ਹੀ ਨਾ?

*ਕਬਹੂ ਜੀਅੜਾ ਊਭਿ ਚੜਤੁ ਹੈ*
*ਕਬਹੂ ਜਾਇ ਪਇਆਲੇ ॥*
*ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥*
*ਅੰਗ - ੮੭੬*

ਦੁਨਿਆਵੀ ਪਦਾਰਥਾਂ ਵਿਚ ਸਦਾ ਦਾ ਵਿਗਾਸ ਨਹੀਂ ਹੈ। ਛਿਨਭੰਗਰ ਸੁਖ ਹਨ, ਸਮਾਂ ਪਾ ਕੇ ਦੁਖਾਂ ਵਿਚ ਬਦਲ ਜਾਂਦੇ ਹਨ। ਸੱਚੇ ਪਾਤਸ਼ਾਹ ਬਖਸ਼ਿਸ਼ ਕਰਦੇ ਹਨ ਕਿ ਜੇ ਸਦਾ ਦਾ ਸੁੱਖ ਮਾਨਣਾ ਹੈ ਤਾਂ-

*ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥*
*ਅੰਗ - ੧੪੨੭*

ਜੇ ਮਨ ਸਦਾ ਦਾ ਖੇੜਾ ਲੋਚਦਾ ਹੈ ਤਾਂ ਜਿਵੇਂ ਬਨਸਪਤੀ ਮਉਲੀ, ਮਨੁੱਖਾ ਮਨ ਵੀ ਮਉਲ ਜਾਵੇਗਾ ਪਰ ਸੰਸਾਰ ਦੇ ਸੰਗ ਨਹੀਂ। ਸਤਿਗੁਰੂ ਦੇ ਸੰਗ ਲਗ ਕੇ ਹੀ ਮਨ ਮਉਲ ਸਕਦਾ ਹੈ, ਨਹੀਂ ਤਾਂ ਮੁਰਝਾਉਪੁਣਾ ਪੱਲੇ ਪਿਆ ਰਹਿਣਾ ਹੈ।

ਭਾਵ -

*ਸਾ ਧਰਤੀ ਭਈ ਹਰੀਆਵਲੀ*
*ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥ ਅੰਗ - ੩੧੦*

ਜਿਥੇ ਸਤਿਗੁਰੂ ਸਸ਼ੋਭਿਤ ਹੋ ਗਏ, ਉਹ ਧਰਤੀ ਹਰੀ ਭਰੀ ਹੋ ਜਾਂਦੀ ਹੈ।

*ਜਿਥੈ ਜਾਇ ਬਹੈ ਮੇਰਾ ਸਤਿਗੁਰੂ*
*ਸੋ ਥਾਨੁ ਸੁਹਾਵਾ ਰਾਮ ਰਾਜੇ ॥ ਅੰਗ - ੪੫੦*

ਸਤਿਗੁਰੂ ਦੀ ਆਮਦ ਨਾਲ ਖੁਸ਼ਕ ਧਰਤੀ ਹਰੀ ਭਰੀ ਹੋ ਜਾਂਦੀ ਹੈ ਤਾਂ ਉਸ ਧਰਤੀ 'ਤੇ ਰਹਿਣ ਵਾਲੇ ਬਸ਼ਿੰਦੇ ਵੀ ਤਰ ਹੋ ਜਾਂਦੇ ਹਨ -

*ਸੇ ਜੰਤ ਭਏ ਹਰੀਆਵਲੇ*
*ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥ ਅੰਗ - ੩੧੦*

ਭਾਵ ਕ੍ਰੋੜਾਂ ਪਾਪਾਂ ਨਾਲ ਭਰਿਆ ਵੀ ਸਤਿਗੁਰੂ ਦੀ ਬਖਸ਼ਿਸ਼ ਨਾਲ ਨਿਰਮਲ ਹੋ ਕੇ ਤਰ ਜਾਂਦਾ ਹੈ-

*ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥*
*ਗੁਰੁ ਨਾਨਕੁ ਜਿਨ ਸੁਣਿਆ ਪੇਖਿਆ*
*ਸੇ ਫਿਰਿ ਗਰਭਾਸਿ ਨ ਪਰਿਆ ਰੇ ॥ ਅੰਗ - ੬੧੨*

ਠੰਡ ਦੇ ਮੌਸਮ ਤੋਂ ਬਾਅਦ ਸੂਰਜ ਦੀ ਥੋੜ੍ਹੀ ਤਪਸ਼ ਵਧੀ, ਬਸੰਤ ਰੁੱਤ ਦਾ ਆਗਮਨ ਹੋਇਆ। ਬਨਸਪਤੀ 'ਚ ਤਬਦੀਲੀ ਆਈ, ਖੁਸ਼ਕੀ ਤੋਂ ਛੁਟਕਾਰਾ ਪਾ ਹਰੀ ਭਰੀ ਹੋਈ। ਇਸੇ ਤਰ੍ਹਾਂ ਇਹ ਮਨ ਵੀ ਸਤਿਗੁਰੂ ਦੀ ਚਰਨ ਸਰਣਿ ਵਿਚ ਜਾ ਕੇ ਨਾਮ ਬਾਣੀ ਨਾਲ ਜੁੜ ਕੇ ਮਉਲ ਜਾਵੇਗਾ। ਫਿਰ ਸਦਾ ਦਾ ਖੇੜਾ ਪ੍ਰਾਪਤ ਹੋ ਜਾਵੇਗਾ -

*ਨਾਨਕ ਭਗਤਾ ਸਦਾ ਵਿਗਾਸੁ ॥*
*ਸੁਣਿਐ ਦੂਖ ਪਾਪ ਕਾ ਨਾਸੁ ॥ ਅੰਗ - ੨*

ਪਰ ਇਸ ਅਵਸਥਾ ਨੂੰ ਮਾਨਣ ਦੀ ਸੋਝੀ ਕੋਈ ਵਿਰਲਾ ਹੀ ਰਖਦਾ ਹੈ। ਬਨਸਪਤੀ ਦੀ ਤਬਦੀਲੀ ਨੂੰ ਹਰ ਕੋਈ ਜਾਣਦਾ ਤੇ ਸਮਝਦਾ ਹੈ ਪਰ ਮਨ ਦੀ ਤਬਦੀਲੀ ਨੂੰ ਕੋਈ ਵਿਰਲਾ ਹੀ ਜਾਣ ਸਮਝ ਸਕਦਾ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ - ੩੪੨*

ਸੋ ਲੋੜ ਹੈ ਜੇਕਰ ਸਦਾ ਦੇ ਖੇੜੇ, ਆਨੰਦ, ਸੁਖਮਈ ਜੀਵਨ ਦੀ ਲੋਚਾ ਹੈ ਤਾਂ ਸਤਿਗੁਰੂ ਨੂੰ ਕਰਤਾ ਪੁਰਖ ਰੂਪ ਵਿਚ, ਅੰਦਰ ਵਸਦੇ ਨਾਲ ਜੁੜਨਾ ਹੈ। ਜਿਵੇਂ ਫੁਰਮਾਨ ਹੈ -

*ਬਸੰਤੁ ਚੜਿਆ ਫੂਲੀ ਬਨਰਾਇ ॥*
*ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥ ੧ ॥*
*ਇਨ ਬਿਧਿ ਇਹੁ ਮਨੁ ਹਰਿਆ ਹੋਇ ॥*
*ਹਰਿ ਹਰਿ ਨਾਮੁ ਜਪੈ ਦਿਨੁ ਰਾਤੀ*
*ਗੁਰਮੁਖਿ ਹਉਮੈ ਕਢੈ ਧੋਇ ॥ ੧ ॥ ਰਹਾਉ ॥*
*ਅੰਗ - ੧੧੭੭*

ਇਸੇ ਅਵਸਥਾ ਦੀ ਸੋਝੀ ਕਰਵਾਉਣ ਹਿਤ ਰਤਵਾੜਾ ਸਾਹਿਬ ਦੇ ਬਾਨੀ ਪਿਆਰੇ ਮਹਾਂਪੁਰਸ਼ਾਂ ਨੇ 'ਆਤਮ ਮਾਰਗ' ਮੈਗਜ਼ੀਨ ਦਾ ਸੰਚਾਲਨ ਕੀਤਾ। 'ਆਤਮ ਮਾਰਗ' ਦੀ ਸਾਰੀ ਲੇਖਨੀ, ਸਮੱਗਰੀ ਸਤਿਗੁਰੂ ਦੇ ਸੰਗਿ ਲਗ ਕੇ, ਨਾਮ ਬਾਨੀ ਨਾਲ ਜੁੜ ਕੇ ਜੀਵਨ ਸਫਲ ਕਰਨ ਲਈ ਉਤਸ਼ਾਹ ਤੇ ਪ੍ਰੇਰਨਾ ਬਖਸ਼ਦੀ ਹੈ। ਇਸ ਦਾ ਇਕ-ਇਕ ਅੱਖਰ ਗੁਰਮਤਿ ਦੇ ਗੂੜ੍ਹ ਸਿਧਾਂਤਾਂ ਨੂੰ ਸਰਲ ਸ਼ੈਲੀ ਵਿਚ ਸਾਨੂੰ ਉਤਸ਼ਾਹ ਦਿੰਦਾ ਹੈ।

ਪਿਆਰੇ ਮਹਾਂਪੁਰਸ਼ ਆਪ ਸਦਾ ਦੇ ਵਿਗਾਸ/

*(ਬਾਕੀ ਪੰਨਾ 20 'ਤੇ)*

# ਚੇਤਿ
# ਸੰਗਰਾਂਦ - ਮਾਰਚ 14 (ਦਿਨ ਸ਼ੁਕਰਵਾਰ)

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪**

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥
ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥
ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥
ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥
ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥
ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ ॥
ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥
ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ ॥
ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥
ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ ॥ ੧ ॥
*ਅੰਗ - ੧੩੩*

ਪ੍ਰਮੇਸ਼ਰ ਦੇ ਹੁਕਮਿ ਵਿਚ ਸ੍ਰਿਸ਼ਟੀ ਦੀ ਰਚਨਾ ਹੋਈ।

*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥*
*ਅੰਗ - ੪*

ਪਹਿਲੀ ਆਰੰਭਕ ਅਵਸਥਾ -

*ਅਰਬਦ ਨਰਬਦ ਧੁੰਧੂਕਾਰਾ ॥*
*ਧਰਣਿ ਨ ਗਗਨਾ ਹੁਕਮੁ ਅਪਾਰਾ ॥*
*ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ*
*ਸੁੰਨ ਸਮਾਧਿ ਲਗਾਇਦਾ ॥* *ਅੰਗ - ੧੦੩੫*

ਦੀ ਹੈ ਪਰ ਉਸ ਪਰਮ ਸ਼ਕਤੀ ਨੇ ਆਪਣੇ ਆਪੇ ਵਿਚੋਂ ਸ੍ਰਿਸ਼ਟੀ ਦੀ ਰਚਨਾ ਦਾ ਫੁਰਨਾ ਕੀਤਾ ਤੇ ਸਭ ਕੁਝ ਹੋਂਦ ਵਿਚ ਆ ਗਿਆ -

*ਕੀਤਾ ਪਸਾਉ ਏਕੋ ਕਵਾਉ ॥*
*ਤਿਸ ਤੇ ਹੋਏ ਲਖ ਦਰੀਆਉ ॥* *ਅੰਗ - ੩*

ਭਾਵ -

*ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥*
*ਅੰਗ - ੪੬੩*

ਸ੍ਰਿਸ਼ਟੀ ਦੀ ਹੋਂਦ ਦੇ ਨਾਲ ਚੰਦ, ਸੂਰਜ ਸਾਰੇ ਬ੍ਰਹਿਮੰਡ, ਗ੍ਰਹਿ ਆਦਿ ਹੋਂਦ ਵਿਚ ਆਏ। ਸਮੇਂ ਦਾ ਕਾਲ ਚੱਕਰ ਸ਼ੁਰੂ ਹੋਇਆ। ਸੂਰਜ ਦੀ ਗਤੀ ਨਾਲ ਦਿਨ ਤੇ ਰਾਤ ਬਣੇ ਤੇ ਫਿਰ ਮਹੀਨੇ, ਮਹੀਨਿਆਂ ਤੋਂ ਬਾਅਦ ਸਾਲ। ਇਸ ਤਰ੍ਹਾਂ ਸਮੇਂ ਦਾ ਚੱਕਰ ਵਧਣਾ ਸ਼ੁਰੂ ਹੋਇਆ। ਇਸੇ ਤਰ੍ਹਾਂ ਜੀਵ ਹੋਂਦ ਵਿਚ ਆਏ।

*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥*
*ਅੰਗ - ੧*

ਸਮੇਂ ਦਾ ਸਫਰ ਸ਼ੁਰੂ ਹੋਣ ਦੇ ਨਾਲ ਜੀਵ ਦੀ ਯਾਤਰਾ ਵੀ ਸ਼ੁਰੂ ਹੋ ਗਈ। ਸੂਰਜ ਦੇ ਚੱਕਰ ਨਾਲ ਬਾਹਰਲੀਆਂ ਰੁੱਤਾਂ ਬਦਲੀਆਂ ਤੇ ਜੀਵ ਦੇ ਸਫਰ ਵਿਚ ਇਸ ਦੇ ਅੰਦਰ ਦੀਆਂ ਰੁੱਤਾਂ ਬਦਲੀਆਂ। ਸੱਚੇ ਪਾਤਸ਼ਾਹ ਨੇ ਬਾਹਰਲੀਆਂ ਰੁੱਤਾਂ ਦੇ ਬਦਲਾਅ ਨੂੰ ਮਹੀਨਿਆਂ ਦੇ ਰੂਪ ਵਿਚ ਸਾਡੇ ਸਾਹਮਣੇ ਪੇਸ਼ ਕੀਤਾ, ਅਸਲ ਵਿਚ ਇਹ ਜੀਵ ਦੇ ਅੰਦਰ ਦੇ ਬਦਲਦੀਆਂ ਰੁੱਤਾਂ ਦਾ ਹੀ ਪ੍ਰਗਟਾਵਾ ਕੀਤਾ ਹੈ।

ਬਾਹਰਲੀਆਂ ਰੁੱਤਾਂ ਸੂਰਜ 'ਤੇ ਅਧਾਰਿਤ ਹਨ। ਸੂਰਜ ਤਪਸ਼ ਦਾ ਪ੍ਰਤੀਕ ਹੈ। ਜੀਵ ਦੇ ਅੰਦਰਲੀਆਂ ਰੁੱਤਾਂ ਪ੍ਰਮੇਸ਼ਰ ਅਧਾਰਿਤ ਹਨ। ਪ੍ਰਮੇਸ਼ਰ ਸੀਤਲਤਾ ਦਾ ਸੂਚਕ ਹੈ। ਤਪਸ਼ ਤੇ ਸੀਤਲਤਾ ਦਾ ਵਿਰੋਧ ਹੈ। ਤਪਸ਼ ਤੋਂ ਦੂਰ ਜਾਣਾ ਸੀਤਲਤਾ ਦੀ ਨੇੜਤਾ ਹੈ -

*ਜੀਉ ਤਪਤੁ ਹੈ ਬਾਰੋ ਬਾਰ ॥*
*ਤਪਿ ਤਪਿ ਖਪੈ ਬਹੁਤੁ ਬੇਕਾਰ ॥* *ਅੰਗ - ੬੬੧*

ਤਾਂਹੀ ਦਿਸਦੀ ਦੁਨੀਆਂ ਨੂੰ ਤਪਤ ਦਾ ਪ੍ਰਤੀਕ

ਦਸਿਆ ਹੈ –

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*

*ਅੰਗ – ੯੨੧*

ਸੱਚੇ ਪਾਤਸ਼ਾਹ ਬਾਹਰ ਮਾਹਾ ਰਾਹੀਂ ਸਾਨੂੰ ਬਖਸ਼ਿਸ਼ ਕਰਕੇ ਸਮਝਾ ਰਹੇ ਹਨ ਕਿ ਜਦੋਂ ਸੀਤਲਤਾ ਭਾਵ ਪ੍ਰਮੇਸ਼ਰ ਤੋਂ ਦੂਰ ਜਾਈਏ ਤਾਂ ਜੀਵ ਦੇ ਅੰਦਰ ਕਿਹੜੀ ਰੁੱਤ ਦਾ ਆਗਮਨ ਹੁੰਦਾ ਹੈ –

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*

*ਅੰਗ – ੧੩੩*

ਜੀਵ ਆਤਮਾ ਹਉਂ ਧਾਰਨ ਕਰਕੇ ਕੀਤੇ ਕਰਮਾਂ ਕਰਕੇ ਆਪਣੇ ਪ੍ਰੀਤਮ ਨਾਲੋਂ ਭਾਵ ਸੀਤਲਤਾ ਨਾਲੋਂ ਟੁੱਟ ਗਈ ਹੈ। ਭਾਵ –

*ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ ਅੰਗ – ੮*

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ – ੧੩੪*

ਹੁਣ ਅਰਦਾਸ ਹੈ, ਇਕ ਹੂਕ ਹੈ, ਤਰਲਾ ਹੈ ਕਿ ਪ੍ਰੀਤਮ ਨਾਲੋਂ ਟੁੱਟੀ ਹੋਈ ਜੀਵ ਆਤਮਾ ਨੂੰ ਮੇਲ ਲਵੋ। ਜੀਵ ਆਤਮਾ ਵਿਚ ਆਪਣਾ ਕੋਈ ਤਾਣ ਨਹੀਂ ਹੈ। ਉਸ ਦੀ ਮਿਹਰ ਨਾਲ ਹੀ ਮਿਲਾਪ ਸੰਭਵ ਹੈ–

*ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥*
*ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥*

*ਅੰਗ – ੧੩੭੮*

ਆਪਣੀ grace (ਕ੍ਰਿਪਾ) ਨਾਲ, ਰਿਆਇਤੀ ਨੰਬਰ ਦੇ ਕੇ ਪਾਸ ਕਰ ਦੇਵੋ। ਭਾਵ ਮੇਲ ਲਵੋ –

ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥

ਭਾਵ –

*ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥*
*ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥*

ਚਾਰੇ ਦਿਸ਼ਾਵਾਂ, ਦੱਸਾਂ ਪਾਸਿਆਂ ਵਿਚੋਂ ਘੁੰਮ ਕੇ, ਭਟਕ ਕੇ ਆਪ ਜੀ ਦੀ ਸ਼ਰਨ ਵਿਚ ਆਏ ਹਾਂ –

*ਸਤਿਗੁਰ ਆਇਓ ਸਰਣਿ ਤੁਹਾਰੀ ॥*
*ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥*

*ਅੰਗ – ੭੧੩*

ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥

ਜਿਵੇਂ ਗਊ ਦੁੱਧ ਤੋਂ ਬਿਨਾਂ ਨਿਕੰਮੀ ਹੈ, ਕਿਸੇ ਕੰਮ ਦੀ ਨਹੀਂ, ਇਹੋ ਜਿਹੀ ਹਾਲਤ ਇਸ ਜੀਵ ਦੀ ਹੈ–

ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥

ਜਿਵੇਂ ਜਲ ਤੋਂ ਬਿਨਾਂ ਬਨਸਪਤੀ ਕੁਮਲਾ ਜਾਂਦੀ ਹੈ, ਫਸਲ ਆਦਿ ਸੁੱਕ ਜਾਂਦੀ ਹੈ। ਉਸ ਵਿਚੋਂ ਕੋਈ ਆਰਥਿਕ ਨਫਾ ਨਹੀਂ ਕਮਾਇਆ ਜਾਂਦਾ। ਇਸੇ ਤਰ੍ਹਾਂ ਪ੍ਰੀਤਮ ਨਾਲੋਂ ਵਿਛੜ ਕੇ ਜੀਵ ਆਤਮਾ ਦਾ ਕੋਈ ਟਿਕਾਣਾ ਨਹੀਂ ਰਹਿੰਦਾ। ਜਦੋਂ ਅੱਕ ਦੀਆਂ ਖੱਖੜੀਆਂ ਅੱਕ ਦੀਆਂ ਟਾਹਣੀਆਂ ਨਾਲ ਲੱਗੀਆਂ ਹੁੰਦੀਆਂ ਹਨ ਉਨ੍ਹਾਂ ਦੀ ਸ਼ਕਲ ਖੂਬਸੂਰਤ ਅੰਬਾਂ ਵਾਂਗੂੰ ਦਿਸਦੀ ਹੈ ਪਰ ਜਦੋਂ ਟਾਹਣੀ ਨਾਲੋਂ ਟੁੱਟ ਜਾਂਦੀਆਂ ਹਨ ਤਾਂ ਉਹ ਫਟ ਜਾਂਦੀਆਂ ਹਨ ਤੇ ਹਵਾ ਉਡਾ ਕੇ ਲੈ ਜਾਂਦੀ ਹੈ –

*ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ ॥*
*ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ ॥*

*ਅੰਗ – ੩੧੯*

ਜਿਹੜੇ ਪ੍ਰਮੇਸ਼ਰ ਤੋਂ ਟੁੱਟ ਜਾਂਦੇ ਹਨ ਉਹਨਾਂ ਨੂੰ ਕੋਈ ਬਿਸਰਾਮ ਭਾਵ ਟਿਕਾਣਾ ਨਹੀਂ ਮਿਲਦਾ –

ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥

ਜਿਥੇ ਪ੍ਰਮੇਸ਼ਰ ਪ੍ਰੀਤਮ ਦਾ ਪਿਆਰ ਨਹੀਂ, ਉਥੇ ਸੀਤਲਤਾ ਨਹੀਂ ਹੋ ਸਕਦੀ –

*ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥*
*ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥*

*ਅੰਗ – ੭੦੯*

*ਜੀਉ ਤਪਤੁ ਹੈ ਬਾਰੋ ਬਾਰ ॥*
*ਤਪਿ ਤਪਿ ਖਪੈ ਬਹੁਤੁ ਬੇਕਾਰ ॥ ਅੰਗ– ੬੬੧*

ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥

ਮਾਨੋਂ ਉਹ ਭੱਠੀ ਵਾਂਗੂੰ ਤਪਦੇ ਹਨ।

ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥

ਸਾਰੇ ਪਦਾਰਥ, ਸਾਰੇ ਸ਼ਿੰਗਾਰ, ਪਤੀ ਪ੍ਰਮੇਸ਼ਰ ਤੋਂ ਬਿਨਾਂ ਕਿਸੇ ਕੰਮ ਦੇ ਨਹੀਂ ਹਨ।

ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ ॥

ਪ੍ਰਮੇਸ਼ਰ ਦੀ ਪ੍ਰੀਤ ਤੋਂ ਬਿਨਾਂ ਸਾਰੇ ਪਦਾਰਥ, ਸੱਜਣ–ਮਿੱਤਰ ਸਭ ਜਮ ਰੂਪ ਹੋ ਕੇ ਦੁਖਦਾਇਕ ਬਣ ਜਾਂਦੇ ਹਨ।

ਹੁਣ ਸੱਚੇ ਪਾਤਸ਼ਾਹ ਸਾਡੇ 'ਤੇ ਬਖਸ਼ਿਸ਼ ਕਰਦੇ ਹਨ ਕਿ ਹੇ ਪ੍ਰਭੂ ਜੀਵ ਤੇਰੇ ਨਾਲੋਂ ਟੁੱਟ ਕੇ ਤਪਤ ਦੀ ਦੁਨੀਆਂ ਵਿਚ ਪ੍ਰਵੇਸ਼ ਹੋ ਗਏ ਹਨ, ਹੁਣ ਆਪ ਜੀ ਰਹਿਮਤ ਕਰੋ, ਬਖਸ਼ਿਸ਼ ਕਰਕੇ ਸਾਨੂੰ ਵਿਛੜੇ ਹੋਇਆਂ ਨੂੰ ਜੋੜ ਲਵੋ। ਆਪਣੇ ਅਟੱਲ ਘਰ, ਥਰਿ ਘਰਿ ਵਿਚ ਵਾਸਾ ਦੇ ਦਿਉ।

ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥
ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥

ਸੱਚੇ ਪਾਤਸ਼ਾਹ ਬਾਰਹ ਮਾਹਾ ਰਾਹੀਂ ਸਾਨੂੰ ਸਮਝਾ ਰਹੇ ਹਨ ਕਿ ਅੰਦਰ ਵੀ ਇਕ ਬਾਰਹ ਮਾਹਾ ਹੈ। ਅੰਦਰ ਵੀ ਰੁੱਤਾਂ ਬਦਲ ਰਹੀਆਂ ਹਨ। ਜਦੋਂ ਪ੍ਰਮੇਸ਼ਰ ਨਾਲੋਂ ਟੁੱਟਦੇ ਹਾਂ ਤਾਂ ਸਾਡੀ ਹਾਲਤ ਭਾਵ ਜੀਵ ਦੀ ਹਾਲਤ ਕੁਝ ਹੋਰ ਹੁੰਦੀ ਹੈ। ਜਦੋਂ ਉਸ ਨਾਲ ਜੁੜਦੇ ਹਾਂ ਤਾਂ ਹਾਲਤ ਕੁਝ ਹੋਰ ਹੀ ਹੋਰ

ਬਣ ਜਾਂਦੀ ਹੈ। ਜਦੋਂ ਸਮਰੱਥ ਗੁਰੂ ਦੀ ਬਖਸ਼ੀ ਹੋਈ ਸੰਗਤ ਵਿਚ ਜੁੜਦੇ ਹਾਂ ਤਾਂ ਫਿਰ ਸੀਤਲਤਾ ਦਾ ਵਾਤਾਵਰਣ ਬਣਦਾ ਹੈ। ਆਉ! ਬਾਰਹ ਮਾਹਾ ਸੱਚੇ ਪਾਤਸ਼ਾਹ ਨੇ ਅੰਦਰ ਦੇ ਜੀਵ ਦੀਆਂ ਰੁੱਤਾਂ ਨੂੰ ਦਿਖਾਉਣ ਲਈ ਤੇ ਸਮਝਾਉਣ ਲਈ ਬਖਸ਼ਿਸ਼ ਕੀਤੇ ਹਨ। ਉਨ੍ਹਾਂ ਦੀ ਵਿਚਾਰ, ਉਨ੍ਹਾਂ ਵਲੋਂ ਬਖਸ਼ੀ ਮਤਿ ਅਨੁਸਾਰ ਕਰੀਏ ਜੀ।

**ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥**
**ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥**
**ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥**
**ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥**
**ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥**
**ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥**
**ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥**
**ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥**
**ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥ ੨ ॥**
*ਅੰਗ - ੧੩੩*

ਨਿਰੰਕਾਰ ਰੂਪ, ਨਿਰੰਕਾਰ ਦੇ ਦੇਸ਼ ਵਿਚੋਂ ਆਈ ਧੁਰਿ ਕੀ ਬਾਣੀ ਵਿਚੋਂ ਬਾਰਹ ਮਾਹਾ ਦੇ ਆਰੰਭਿਕ ਸ਼ਬਦ ਵਿਚ ਸੱਚੇ ਪਾਤਸ਼ਾਹ ਨੇ ਬ੍ਰਹਿਮੰਡ ਦੀਆਂ ਰੁੱਤਾਂ ਦਾ ਸਿਧਾਂਤ ਪੇਸ਼ ਕੀਤਾ ਹੈ। ਸਮੁੱਚੇ ਸਿਧਾਂਤ ਦਾ ਸਾਰ ਅੰਸ ਹੈ ਕਿ ਸੰਸਾਰ ਅਗਨ ਰੂਪ ਹੈ। ਨਿਰੰਕਾਰ ਸੀਤਲ ਸਤਾ ਹੈ। ਹੁਣ ਚੋਣ ਇਹ ਕਰਨੀ ਹੈ ਕਿ ਸੂਰਜ ਭਾਵ ਤਪਤ ਦੇ ਨੇੜੇ ਜਾਣਾ ਹੈ ਜਾਂ ਸੀਤਲਤਾ ਦੇ। ਕਿਸੇ ਰੱਬ ਦੇ ਪਿਆਰੇ ਦੇ ਕਥਨ ਅਨੁਸਾਰ ਸੰਸਾਰ ਵਲੋਂ ਪੁਟਿਆ ਇਕ ਕਦਮ, ਨਿਰੰਕਾਰ ਵੱਲ ਵਧਦਾ ਕਦਮ ਹੈ। ਭਾਵ ਇਕ ਕਦਮ ਸੰਸਾਰ ਵਲੋਂ ਪੁਟੀਏ ਦੂਜਾ ਕਦਮ ਨਿਰੰਕਾਰ ਵਲ ਹੋਵੇਗਾ। ਬੁਲ੍ਹੇਸ਼ਾਹ ਦੇ ਕਥਨ ਅਨੁਸਾਰ 'ਰੱਬ ਦਾ ਕੀ ਪਾਉਣਾ, ਇਧਰੋਂ ਪੁੱਟਣਾ ਉਧਰ ਲਾਉਣਾ।' ਇਸ ਫਾਨੀ ਸੰਸਾਰ 'ਤੇ ਦੋ ਤਰ੍ਹਾਂ ਦਾ ਵਰਤਾਰਾ ਮਨੁੱਖਤਾ ਦਾ ਰਿਹਾ ਹੈ। ਇਕ ਤਾਂ ਉਹ ਜਿਹਨਾਂ ਨੇ ਇਸ ਦਿਸਦੇ ਸੰਸਾਰ ਨੂੰ ਹੀ ਅਨੰਦਮਈ ਹੋਣ ਦਾ ਭਰਮ ਪਾਲਿਆ ਹੈ। ਇਹ ਧਾਰਨਾ ਪੱਕੀ ਕਰ ਲਈ ਕਿ 'ਇਹ ਜਗ ਮਿੱਠਾ, ਅਗਲਾ ਕਿਨ ਡਿੱਠਾ, ਖਾਓ ਪੀਓ ਐਸ਼ ਕਰੋ। ਇਸ ਸੰਸਾਰ ਦੀ ਅੱਗ ਵਿਚ ਲੁਭਾਇਮਾਨ ਹੋ ਕੇ ਸਾਰਾ ਜੀਵਨ ਖਤਮ ਕਰ ਲਿਆ। ਭਾਵ ਪਰਮਾਰਥ ਤਿਆਗ ਦਿਤਾ। ਦੂਸਰੇ ਉਹ ਹਨ ਜਿਨ੍ਹਾਂ ਨੇ ਇਸ ਦੁਨੀਆਂ ਦੇ ਪਦਾਰਥ ਤਿਆਗ ਦਿਤੇ। ਘਰ-ਬਾਰ ਛੱਡ ਕੇ ਜੰਗਲਾਂ ਬੀਆਬਾਨਾਂ ਵਿਚ ਵਾਸਾ ਕਰ ਲਿਆ। ਦੋਨੋਂ ਰਸਤੇ ਪਰਮਾਰਥ ਤੋਂ ਦੂਰ ਹਨ।

ਸੱਚੇ ਪਾਤਸ਼ਾਹ ਨੇ ਸਾਨੂੰ ਸੰਸਾਰ ਵਿਚ ਰਹਿ ਕੇ, ਸੰਸਾਰੀ ਨਾ ਬਣਨ ਦਾ ਰਸਤਾ ਦਰਸਾਇਆ ਹੈ-

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*
*ਅੰਗ - ੯੩੮*

ਮੂਲ ਰੂਪ ਵਿਚ ਰੁੱਤਾਂ ਦੋ ਹੀ ਹਨ ਪਰ ਵਿਸਥਾਰਕਿ ਤੌਰ 'ਤੇ ਸੰਪੂਰਨ ਰੂਪ ਵਿਚ ਛੇ ਹਨ। ਇਨ੍ਹਾਂ ਰੁੱਤਾਂ ਅਨੁਸਾਰ ਵਾਤਾਵਰਣ ਵਿਚ ਕਿਵੇਂ ਤਬਦੀਲੀ ਆਉਂਦੀ ਹੈ? ਇਹ ਰੁੱਤਾਂ ਸਾਡੇ ਅਨੁਸਾਰੀ ਕਿਵੇਂ ਬਣ ਸਕਦੀਆਂ ਹਨ। ਸਾਡੇ ਅਨੁਸਾਰੀ ਬਣਨਾ ਹੀ ਬਾਰਹ-ਮਾਹਾ ਦੀ ਆਰੰਭਤਾ ਹੈ। ਇਨ੍ਹਾਂ ਰੁੱਤਾਂ ਵਿਚ ਸਭ ਤੋਂ ਮਨ ਪਸੰਦ ਰੁੱਤ ਬਸੰਤ ਰੁੱਤ ਮੰਨੀ ਗਈ ਹੈ। ਜਦੋਂ ਨਾ ਸਰਦੀ 'ਤੇ ਨਾ ਹੀ ਗਰਮੀ ਸਤਾਉਂਦੀ ਹੈ। ਇਹ ਗਰਮੀ ਤੇ ਸਰਦੀ ਦੋਨਾਂ ਦਾ ਸੁਮੇਲ ਮੰਨੀ ਜਾਂਦੀ ਹੈ। ਇਸੇ ਰੁੱਤ ਵਿਚ ਬਨਸਪਤੀ ਮਉਲਦੀ ਹੈ। ਦਰਖਤ ਹਰੇ ਭਰੇ ਹੁੰਦੇ ਹਨ। ਕਰੂੰਬਲਾਂ ਫੁਟਦੀਆਂ ਹਨ। ਪੰਛੀਆਂ ਦੀ ਚਿਹਚਿਹਾਟ ਵਧਦੀ ਹੈ। ਕੋਇਲ ਅੰਬਾਂ 'ਤੇ ਕੂਕਦੀ ਹੈ।

ਭਾਵ -

*ਆਪਿ ਬਸੰਤੁ ਜਗਤੁ ਸਭੁ ਵਾੜੀ ॥*
*ਨਾਨਕ ਪੂਰੈ ਭਾਗਿ ਭਗਤਿ ਨਿਰਾਲੀ ॥ ਅੰਗ - ੧੧੭੭*

*ਆਜੁ ਹਮਾਰੈ ਗ੍ਰਿਹਿ ਬਸੰਤ ॥*
*ਗੁਨ ਗਾਏ ਪ੍ਰਭ ਤੁਮ੍ ਬੇਅੰਤ ॥ ਅੰਗ - ੧੧੮੦*

ਜਦੋਂ ਮਨੁੱਖ ਨਾਮ ਨਾਲ ਜੁੜ ਗਿਆ ਤਾਂ ਉਸ

ਦੇ ਮਨ ਦੀ ਰੁੱਤ ਵੀ ਬਦਲ ਜਾਂਦੀ ਹੈ ਭਾਵ ਕਿ ਬਸੰਤ ਰੁੱਤ ਦਾ ਆਗਮਨ ਹੋ ਜਾਂਦਾ ਹੈ।

*ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ ॥*

*ਅੰਗ – ੪੫੨*

ਬਸੰਤ ਦੀ ਭਲੀ ਰੁੱਤ ਚੇਤ ਦੇ ਮਹੀਨੇ ਵਿਚ ਆਉਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਰਹ ਮਾਹਾ ਦੋ ਰੂਪਾਂ ਵਿਚ ਸਾਨੂੰ ਬਖਸ਼ਿਸ਼ ਕੀਤਾ ਹੈ। ਇਕ ਤੁਖਾਰੀ ਰਾਗ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਰਾਹੀਂ ਬਖਸ਼ਿਸ਼ ਹੋਇਆ। ਦੂਸਰਾ ਮਾਝ ਰਾਗ ਵਿਚ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਪਾਤਸ਼ਾਹ ਰਾਹੀਂ ਬਖਸ਼ਿਸ਼ ਹੋਇਆ। ਦੋਨਾਂ ਦਾ ਆਰੰਭ 'ਚੇਤਿ' ਤੋਂ ਹੀ ਹੁੰਦਾ ਹੈ।

ਚੇਤਿ ਬਸੰਤ ਦਾ ਪ੍ਰਤੀਕ ਹੈ। ਚੇਤਿ ਤੋਂ ਪਹਿਲਾਂ ਫਲਗੁਣਿ ਲੰਘਿਆ ਹੈ। ਫੱਗਣ ਤੇ ਚੇਤਿ ਦੋਨੋਂ ਬਸੰਤ ਦਾ ਪ੍ਰਤੀਕ ਹਨ।

ਸੰਸਾਰ ਤਪਤ ਦਾ ਪ੍ਰਤੀਕ ਹੈ। ਮਹਾਰਾਜ ਸਾਡੇ ਅੰਦਰ ਦੇ ਬਾਰਹ ਮਾਹਾ ਦਾ ਚਿਤਰਣ ਕਰ ਰਹੇ ਹਨ। ਅੰਦਰਲੀ ਬਦਲਦੀ ਅਵਸਥਾ ਦਾ ਨਕਸ਼ਾ ਖਿੱਚ ਰਹੇ ਹਨ। ਕਿਵੇਂ ਪਹਿਲਾਂ ਜੀਵ ਮਾਤਾ ਦੇ ਪੇਟ ਵਿਚ ਅਗਨਿ ਸਹਿਨ ਕਰ ਰਿਹਾ ਹੁੰਦਾ ਹੈ –

*ਮਾਤ ਗਰਭ ਮਹਿ ਆਪਨ ਸਿਮਰਨੁ ਦੇ*
*ਤਹ ਤੁਮ ਰਾਖਨਹਾਰੇ ॥*
*ਪਾਵਕ ਸਾਗਰ ਅਥਾਹ ਲਹਰਿ ਮਹਿ*
*ਤਾਰਹੁ ਤਾਰਨਹਾਰੇ ॥* *ਅੰਗ – ੬੧੩*

ਉਥੇ ਜਠਰਾ ਅਗਨ ਤਪਾ ਰਹੀ ਸੀ ਪਰ ਅਕਾਲ ਪੁਰਖ ਨੇ ਉਥੇ ਵੀ ਤਰਸ ਖਾ ਕੇ ਆਪਣੇ ਨਾਮ ਦੀ ਸੀਤਲਤਾ ਬਖਸ਼ੀ। ਜੇ ਸਿਮਰਨ ਨਾ ਉਥੇ ਹੁੰਦਾ ਤਾਂ ਬਚਣਾ ਮੁਸ਼ਕਿਲ ਸੀ। ਬਾਹਰ ਆਉਂਦੇ ਸਾਰ ਵੀ ਮਾਇਆ ਰੂਪੀ ਤਪਤ ਦਾ ਸਾਮ੍ਹਣਾ ਕਰਨਾ ਪਿਆ।

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ ਜੇਹੀ*
*ਕਰਤੈ ਖੇਲੁ ਰਚਾਇਆ ॥* *ਅੰਗ– ੯੨੧*

ਹੁਣ ਸੰਸਾਰ ਵੀ ਅਗਨਿ ਰੂਪ ਹੈ ਪਰ ਕੀ ਇਸ ਨੂੰ ਤਿਆਗਣ 'ਚ ਭਲਾਈ ਹੈ? ਨਹੀਂ, ਇਸ ਦੇ ਵਿਚ ਰਹਿ ਕੇ ਨਾਮ ਨਾਲ ਜੁੜ ਕੇ ਸੀਤਲਤਾ ਪ੍ਰਾਪਤ ਕਰਨੀ। ਆਪਣੇ ਅੰਦਰ ਬਸੰਤ ਪੈਦਾ ਕਰਨੀ ਹੈ। ਭਾਵ –

*ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ*
*ਤਿਨੀ ਵਿਚੇ ਮਾਇਆ ਪਾਇਆ ॥* *ਅੰਗ – ੯੨੧*

ਬਸੰਤ ਰੁੱਤ ਸਰਦੀ ਤੇ ਗਰਮੀ ਦਾ ਸੁਮੇਲ ਹੈ। ਜਿਥੇ ਦੋਨਾਂ ਦਾ ਸੁਮੇਲ ਹੋਵੇ ਉਹ ਚੇਤਿ ਮਹੀਨਾ ਹੈ।

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥

ਹੁਣ ਤਪਤ ਤੋਂ ਛੁਟਕਾਰਾ ਹੋ ਕੇ ਸੀਤਲਤਾ ਰੂਪੀ ਅਨੰਦ ਵਰਤ ਗਿਆ।

*ਪਾਵਕ ਸਾਗਰ ਅਥਾਹ ਲਹਰਿ ਮਹਿ*
*ਤਾਰਹੁ ਤਾਰਨਹਾਰੇ ॥* *ਅੰਗ – ੬੧੩*

ਉਸ ਪ੍ਰਮੇਸ਼ਰ ਦੀ ਅਰਾਧਣਾ ਨਾਲ ਅਨੰਦ ਵਿਗਸ ਗਿਆ। ਆਨੰਦ ਦਾ ਵਾਤਾਵਰਣ ਸਿਰਜਿਆ ਗਿਆ। ਦੁਨਿਆਵੀ ਆਨੰਦ ਫਿੱਕੇ ਹਨ, ਸੁਖਮਈ ਭਾਸਦੇ ਹਨ ਪਰ ਦੁਖਦਾਇਕ ਹੋ ਨਿਬੜਦੇ ਹਨ। ਪਰ ਸਤਿਗੁਰੂ ਵਲੋਂ ਬਖਸ਼ਿਸ਼ ਆਨੰਦ ਸਦੀਵੀ ਹੈ।

*ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥*

*ਅੰਗ – ੯੧੭*

ਭਾਵ –

*ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥*

*ਅੰਗ – ੯੧੭*

ਪਰ ਇਸ ਆਨੰਦ ਦੀ ਪ੍ਰਾਪਤੀ ਵਾਸਤੇ ਇਸ ਅਵਸਥਾ ਨੂੰ ਪ੍ਰਾਪਤ ਕਰ ਚੁੱਕੇ ਸੰਤ ਜਨਾਂ ਕੋਲ ਜਾਣਾ ਪੈਣਾ ਹੈ –

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*

*ਅੰਗ – ੫੨੦*

*ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥*

*ਅੰਗ – ੩੨੦*

*ਜਨ ਕੈ ਸੰਗਿ ਚਿਤਿ ਆਵੈ ਨਾਉ ॥* *ਅੰਗ – ੨੯੫*

ਜੁੜੇ ਹੋਏ ਹੀ, ਜੋੜਨ ਦੇ ਸਮਰੱਥ ਹਨ, ਮਿਲੇ ਹੋਏ ਹੀ ਮੇਲਨ ਦੇ ਸਮਰੱਥ ਹਨ। ਲੱਖਾਂ ਬੁਝੇ ਦੀਵੇ ਇਕ ਦੀਵਾ ਨਹੀਂ ਜਲਾ ਸਕਦੇ ਪਰ ਇਕ ਜਗਦਾ ਦੀਵਾ ਲੱਖਾਂ ਬੁਝਿਆਂ ਨੂੰ ਜਲਾ ਸਕਦਾ ਹੈ।

ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥

ਜਿਨ੍ਹਾਂ ਨੇ ਸੰਤਾਂ ਦੀ ਸੰਗਤਿ ਵਿਚ ਮਿਲ ਕੇ, ਰੱਬ ਦੇ ਪਿਆਰਿਆਂ ਦੀ ਸੰਗਤ ਦੇ ਮਿਲਾਪ ਨਾਲ ਉਸ ਨੂੰ ਪਾ ਲਿਆ ਭਾਵ ਪ੍ਰਾਪਤ ਕਰ ਲਿਆ। ਉਨ੍ਹਾਂ ਦਾ ਆਉਣਾ ਸਫਲਾ ਹੋ ਗਿਆ –

ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥

ਪ੍ਰਮੇਸ਼ਰ ਦੇ ਪਿਆਰ ਵਾਲੇ ਹੀ ਇਸ ਮਾਤ ਲੋਕ 'ਤੇ ਆਏ ਪ੍ਰਵਾਨ ਹਨ।

ਭਾਵ –

*ਆਇਆ ਸਫਲ ਤਾਹੂ ਕੋ ਗਨੀਐ ॥*
*ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥* *ਅੰਗ – ੨੫੨*

ਉਸ ਪ੍ਰਮੇਸ਼ਰ ਦੀ ਯਾਦ ਤੋਂ ਬਿਨਾਂ ਲੰਘਿਆ ਇਕ-ਇਕ ਛਿਨ ਬੇਅਰਥ ਹੈ।

*ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥*

ਉਨ੍ਹਾਂ ਦਾ ਨਾਮ ਤੋਂ ਬਿਨਾਂ ਇਸ ਸੰਸਾਰ 'ਤੇ ਆਉਣਾ ਨਾ ਆਉਣਾ ਇਕ ਬਰਾਬਰ ਹੈ -

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥ ਅੰਗ - ੪੫੦*

ਉਹ ਪ੍ਰਭੂ ਜ਼ਰੇ-ਜ਼ਰੇ ਵਿਚ ਸਮਾਇਆ ਹੈ ਕਿਉਂਕਿ ਉਹ ਕਰਤਾ ਹੁੰਦਾ ਹੋਇਆ ਅਕਾਲ ਪੁਰਖ ਵੀ ਹੈ। ਉਹ ਆਪਣੀ ਰਚੀ ਸ੍ਰਿਸ਼ਟੀ ਵਿਚ ਵਿਦਮਾਨ ਹੈ-

*ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥*
*ਕਰਿ ਆਸਣੁ ਡਿਠੋ ਚਾਉ ॥ ਅੰਗ - ੪੬੩*

ਜਲਾਂ ਥਲਾਂ ਅਤੇ ਵਣਾਂ ਵਿਚ ਭਾਵ ਹਰ ਥਾਂ ਉਸ ਦਾ ਵਾਸਾ ਹੈ -

ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥

ਪਰ ਜੀਵ ਜੇਕਰ ਉਸ ਸਾਰੇ ਪਰੀਪੂਰਨ ਪ੍ਰਮਾਤਮਾ ਨੂੰ ਭੁੱਲ ਕੇ ਸਮਾਂ ਗੁਜ਼ਾਰਦਾ ਹੈ ਤਾਂ ਇਸ ਤੋਂ ਵੱਡਾ ਦੁੱਖ ਹੋਰ ਕੋਈ ਨਹੀਂ ਹੈ -

ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥

ਭਾਵ -

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
*ਅੰਗ - ੧੩੫*

*ਹਰਿ ਬਿਸਰਤ ਸਦਾ ਖੁਆਰੀ ॥ ਅੰਗ - ੭੧੧*

ਜੋ ਪ੍ਰਭੂ ਨੂੰ ਰਾਸ ਆ ਗਏ ਭਾਵ ਭਾਅ ਗਏ ਉਨ੍ਹਾਂ ਦੇ ਭਾਗ ਮਣਾ, ਢੇਰ ਸਾਰ ਵੱਡੇ ਹਨ।

*ਭਾਗਠੜੇ ਹਰਿ ਸੰਤ ਤੁਮ੍ਹਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥*
*ਅੰਗ - ੭੪੯*

*ਵਡੈ ਭਾਗਿ ਭੇਟੇ ਗੁਰਦੇਵਾ ॥ ਅੰਗ - ੬੯੩*

ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥

ਜਦੋਂ ਐਸੀ ਸੋਝੀ ਦੀ ਬਖਸ਼ਿਸ਼ ਹੁੰਦੀ ਹੈ ਤਾਂ ਅੰਦਰੋਂ ਅਰਦਾਸ ਆਪ ਮੁਹਾਰੇ ਨਿਕਲਦੀ ਹੈ -

ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥

ਮਨ ਅੰਦਰ ਇਕ ਤਾਂਘ ਹੈ ਕਿ ਦੁਨੀਆਂ ਦੀ ਤਪਸ਼ ਵਿਚ ਬਸੰਤ ਪ੍ਰਾਪਤ ਹੋ ਜਾਵੇ। ਦੁਨਿਆਵੀ ਬੰਦੇ ਨੂੰ ਪਿਆਸ ਤੇ ਭੁੱਖ ਹੋਰ ਹੁੰਦੀ ਹੈ। ਪਰ ਪਰਮਾਰਥੀ ਲਈ ਭੁੱਖ ਤੇ ਪਿਆਸ ਹੋਰ ਹੈ। ਸੰਸਾਰੀ ਨੂੰ ਭੁੱਖ ਪਦਾਰਥਾਂ ਦੀ ਹੈ ਤੇ ਪਿਆਸ ਪਰਾਏ ਰੂਪ ਦੇਖਣ ਦੀ ਹੈ। ਪਰਮਾਰਥੀ ਨੂੰ ਭੁੱਖ ਨਾਮ ਦੀ ਹੈ

*ਸਾਚੇ ਨਾਮ ਕੀ ਲਾਗੈ ਭੂਖ ॥ ਅੰਗ - ੯*

*ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥*
*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥*
*ਅੰਗ - ੯੫੮*

ਪਿਆਸ ਪ੍ਰਮੇਸ਼ਰ ਦੇ ਦਰਸ਼ਨਾਂ ਦੀ ਹੈ।

*ਦਰਸਨ ਪਿਆਸੀ ਦਿਨਸੁ ਰਾਤਿ*
*ਚਿਤਵਉ ਅਨਦਿਨੁ ਨੀਤ ॥*
*ਖੋਲ੍ਹਿ ਕਪਟ ਗੁਰਿ ਮੇਲੀਆ*
*ਨਾਨਕ ਹਰਿ ਸੰਗਿ ਮੀਤ ॥ ਅੰਗ - ੭੦੩*

*ਦਰਸ ਤੇਰੇ ਕੀ ਪਿਆਸ ਮਨਿ ਲਾਗੀ ॥ ਅੰਗ - ੩੮੯*

ਪਰਮਾਰਥੀ, ਬਸੰਤ ਰੁੱਤ ਦੀ ਚਾਹਤ ਕਰਦਾ ਹੋਇਆ ਦਰਸ਼ਨਾਂ ਨੂੰ ਲੋਚਦਾ ਹੈ। ਜੋ ਇਸ ਅਵਸਥਾ ਦੀ ਪ੍ਰਾਪਤੀ ਕਰਾ ਸਕਦਾ ਹੈ ਉਸ ਦੇ ਚਰਨੀਂ ਲੱਗਿਆ ਜਾਵੇ।

ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥

ਭਾਵ -

*ਜੋ ਦੀਸੈ ਗੁਰਸਿਖੜਾ*
*ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥ ਅੰਗ - ੭੬੩*

*ਚਰਨ ਸਾਧ ਕੇ ਧੋਇ ਧੋਇ ਪੀਉ ॥*
*ਅਰਪਿ ਸਾਧ ਕਉ ਅਪਨਾ ਜੀਉ ॥ ਅੰਗ - ੨੮੩*

ਜੋ ਤਪਸ਼ ਵਿਚ ਬਸੰਤ ਦਾ ਵਾਤਾਵਰਣ ਸਿਰਜ ਦੇਵੇ ਉਸ ਦੇ ਚਰਨੀਂ ਲੱਗਣ ਦੀ ਲੋਚਾ ਹੈ -

*ਤੈ ਸਾਹਿਬ ਕੀ ਬਾਤ ਜਿ ਆਖੈ*
*ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ*
*ਵਿਣੁ ਸਿਰ ਸੇਵ ਕਰੀਜੈ ॥ ਅੰਗ - ੫੫੮*

ਇਸ ਤਰ੍ਹਾਂ ਮਿਲੇ ਹੋਇਆਂ ਦੀ ਸੰਗਤ ਵਿਚ ਮਿਲ ਕੇ ਪ੍ਰਾਪਤੀ ਸੰਭਵ ਹੈ। ਅਰਦਾਸ ਵਿਚ ਜੁੜੀਏ-

*ਸੇਈ ਪਿਆਰੇ ਮੇਲਿ*
*ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।*
*ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।*

ਅਰਦਾਸ ਹੈ ਸਭਨਾਂ ਦੇ ਜੀਵਨ ਅੰਦਰ ਚੇਤਿ ਦੇ ਮਹੀਨੇ ਵਿਚ ਬਖਸ਼ਿਸ਼ ਕੀਤੇ ਅਨੰਦ ਤੇ ਖੇੜੇ ਦਾ ਵਾਤਾਵਰਣ ਬਣੇ।

ਭੁੱਲਾਂ ਚੁਕਾਂ ਦੀ ਖਿਮਾ।

# ਮੰਝ ਪਿਆਰਾ ਗੁਰੂ ਨੂੰ......।
## (ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-17)*

ਸੋ ਮਹਾਰਾਜ ਕਹਿੰਦੇ, ਸਾਨੂੰ ਸਮਝਾ ਦਿਓ ਇਹ ਗੱਲ ਜਾਂ ਤੁਸੀਂ ਸਮਝਾ ਦਿਓ ਜਾਂ ਸਾਡੀ ਗੱਲ ਮੰਨ ਲਓ। ਮੱਥਾ ਨਾ ਟੇਕੋ ਸਾਨੂੰ ਜੇ ਸਾਡੀ ਗੱਲ ਨਹੀਂ ਮੰਨਣੀ -

*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਇ ॥ ਅੰਗ- ੪੫੦*

83 ਲੱਖ, 99 ਹਜ਼ਾਰ, 999 ਜੂਨਾਂ 'ਚੋਂ ਚੱਕਰ ਕੱਟਦੇ-ਕੱਟਦੇ ਨੂੰ ਮਨੁੱਖ ਦਾ ਜਾਮਾ ਮਿਲ ਗਿਆ, ਇਹ ਬਿਰਥਾ ਹੀ ਲੰਘਾ ਰਿਹਾ ਹੈਂ ਤੂੰ -

*ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ ॥*
*ਅੰਗ - ੨੬੧*

ਬੇਅੰਤ ਜਨਮ ਲੰਘ ਗਏ ਖਾਦਿਆਂ-ਪੀਂਦਿਆਂ ਦੇ ਤੇਰੇ। ਫੇਰ ਤੇਰਾ ਖਾਤਮਾ ਹੋ ਜਾਏਗਾ? ਜਾਂ ਤਾਂ ਇਹ ਸੀ ਕਿ ਦੀਵਾ ਬੁਝ ਗਿਆ, ਖਤਮ ਹੋ ਗਿਆ। ਆਹ ਤੇਰੇ ਸਰੀਰ ਦੇ ਅੰਦਰ ਇਕ ਹੋਰ ਸਰੀਰ ਹੈ ਜਿਹਨੂੰ ਸੂਖਸ਼ਮ ਸਰੀਰ ਕਹਿੰਦੇ ਨੇ, ethrical body ਕਹਿੰਦੇ ਨੇ -

*ਮਰਣਹਾਰੁ ਇਹੁ ਜੀਅਰਾ ਨਾਹੀ ॥ ਅੰਗ - ੧੮੮*

ਇਹਦੇ ਅੰਦਰ ਇਕ ਹੋਰ ਪਾਇਆ ਹੋਇਆ ਹੈ ਜਿਹਨੂੰ ਕਾਰਨ ਸਰੀਰ ਕਹਿੰਦੇ ਨੇ। ਉਹਦੇ ਵਿਚ ਤੂੰ ਰਹਿੰਦਾ ਹੈਂ, ਅਗਾਂਹਾਂ ਹੈਂ ਤੂੰ। ਤੂੰ ਤਾਂ ਮਰਦਾ ਹੀ ਨਹੀਂ। ਇਹਨਾਂ ਸਰੀਰਾਂ ਨੂੰ ਨਾਲ ਲਈ ਫਿਰੇਂਗਾ। ਇਹ ਫੇਰ ਜਨਮਾਂ-ਜਨਮਾਂ 'ਚ ਜਾ ਕੇ ਦੁਖੀ ਹੋਣਗੇ। ਸੋ ਹੁਣ ਤੈਨੂੰ ਮਨੁੱਖ ਦਾ ਜਾਮਾ ਮਿਲ ਗਿਆ ਕਰੋੜਾਂ ਸਾਲ ਤੋਂ ਬਾਅਦ। ਹੁਣ ਸੰਭਾਲ ਲੈ ਇਸ ਨੂੰ -

*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥*
*ਅੰਗ - ੪੫੦*

ਫੇਰ ਜੇ ਨਾਮ ਦੀ ਗੱਲ ਤੇਰੇ ਸਮਝ ਵਿਚ ਆ ਗਈ ਹੁਣ ਵੱਤ ਲੱਗੀ ਹੋਈ ਹੈ ਬੀਜ ਲੈ। ***'ਅਗੈ ਭੁਖਾ ਕਿਆ ਖਾਏ॥'*** ਫੇਰ ਭੁੱਖਾ ਕੀ ਖਾਵੇਂਗਾ। ਨਹੀਂ ਤੂੰ ਗੱਲ ਫੜਨੀਂ ਪ੍ਰੇਮੀਆਂ, ਫੇਰ ਤੇਰਾ ਨਾਉਂ ਮਨਮੁਖ ਹੈ। ਜੇ ਮਨਮੁਖ ਹੈਂ -

*ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥*
*ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥*
*ਅੰਗ - ੯੪੭*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥*
*ਅੰਗ - ੪੫੦*

*ਮਨਮੁਖਿ ਆਵੈ ਮਨਮੁਖਿ ਜਾਵੈ ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ*
*ਗੁਰਮੁਖਿ ਲੇਪੁ ਨ ਮਾਸਾ ਹੇ ॥ ਅੰਗ - ੧੦੭੩*

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਦਸ ਤੂੰ ਕਾਹਨੂੰ ਪੈਦਾ ਹੋਇਐਂ? ਮਾਂ ਨੂੰ ਗਾਲ੍ਹ ਖਿਲਾਉਂਨੈ-

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥ ਅੰਗ - ੩੨੮*

ਜਦੋਂ ਪ੍ਰਹਿਲਾਦ ਨੂੰ ਕਿਹਾ, ਬੇਟਾ! ਐਨਾ ਹੀ ਰੌਲਾ ਹੈ ਤੂੰ ਰਾਮ ਨਾ ਕਹਿ -

*ਤੂ ਰਾਮ ਕਹਨ ਕੀ ਛੋਡੁ ਬਾਨਿ ॥*
*ਤੁਝੁ ਤੁਰਤੁ ਛਡਾਊ ਮੇਰੋ ਕਹਿਓ ਮਾਨਿ ॥ ਅੰਗ - ੧੧੯੪*

ਕਹਿੰਦਾ, ਮਾਂ ਮੈਂ ਕਿਵੇਂ ਕਹਾਂ? ਜੇ ਮੈਂ ਰਾਮ ਛੱਡ ਦੇਵਾਂ, ਮੈਨੂੰ ਗੁਰੂ ਦੀ ਗਾਲ੍ਹ ਲਗਦੀ ਹੈ।

ਕਹਿੰਦੀ, ਤੇਰਾ ਗੁਰੂ ਵੀ ਗਾਲ੍ਹਾਂ ਦਿੰਦੈ?

ਕਹਿੰਦੇ, ਹਾਂ। ਸਾਰਿਆਂ ਦੇ ਗੁਰੂ ਗਾਲ੍ਹਾਂ ਦਿੰਦੇ ਨੇ।

ਮੈਂ ਤੈਨੂੰ ਗਾਲ੍ਹਾਂ ਨਹੀਂ ਖਲਾਉਣੀਆਂ ਮਾਤਾ! ਜੇ ਮੈਂ ਰਾਮ ਨਾਮ ਛੱਡ ਦਿਤਾ ਤਾਂ ਤੈਨੂੰ ਗਾਲ੍ਹ ਲੱਗੂਗੀ।

ਕਹਿੰਦੀ, ਕਿਹੜੀ ਗਾਲ੍ਹ ਹੈ?

ਗਾਲ੍ਹ ਦਸਦੇ ਨੇ ਕਿ ਇਸ ਤਰ੍ਹਾਂ ਲਗਦੀ ਹੈ -

*ਧਾਰਨਾ - ਜੇ ਤੈਂ ਭਗਤ ਪੁੱਤਰ ਨਾ ਸੀ ਜੰਮਣਾ,*
*ਵਿਧਵਾ ਹੋ ਜਾਂਦੀ।*
*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥ ੧ ॥*
*ਜਿਹ ਨਰ ਰਾਮ ਭਗਤਿ ਨਹਿ ਸਾਧੀ ॥*
*ਜਨਮਤ ਕਸ ਨ ਮੁਓ ਅਪਰਾਧੀ ॥ ੧ ॥ ਰਹਾਉ ॥*
*ਅੰਗ - ੩੨੮*

ਮਾਂ! ਸੰਤ ਤੈਨੂੰ ਗਾਲ੍ਹਾਂ ਕੱਢਣਗੇ, ਆਹ ਗੱਲ ਨਾ ਤੂੰ ਮੈਨੂੰ ਕਹੀਂ। ਗੁਰੂ ਗਾਲ੍ਹਾਂ ਕੱਢੇਗਾ, ਮੈਨੂੰ ਵੀ ਕੱਢੇਗਾ, ਤੈਨੂੰ ਵੀ ਕੱਢੇਗਾ। ਕਿਉਂ ਨਾ ਵਿਧਵਾ ਹੋ ਗਈ? ਕਿਉਂ ਇਹੋ ਜਿਹਾ ਪੁੱਤਰ ਜੰਮਿਆ ਜਿਹੜਾ ਕੁੱਲਾਂ ਨੂੰ ਗਾਲ੍ਹਦੈ, ਨਿੰਦਿਆ ਕਰਕੇ, ਚੁਗਲੀਆ ਕਰਕੇ, ਨਸ਼ੇ ਪੀਂਦੈ। ਸ਼ਰਾਬ ਪੀਣ ਵਾਲਾ ਪੁੱਤਰ ਸੱਤ ਕੁਲਾਂ ਦਾ ਨਾਸ਼ ਕਰਦੈ -

*ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ*
*ਪਾਨੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ।*
*ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ।*
*ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ।*

ਤਮਾਕੂ ਪੀਣ ਵਾਲਾ ਸੌ ਕੁਲ ਦਾ ਨਾਸ਼ ਕਰਦੈ। ਸੋ ਮਾਂ ***'ਤੂ ਰਾਮ ਕਹਨ ਕੀ ਛੋਡੁ ਬਾਨਿ ॥'*** ਤੂੰ ਕਹਿੰਦੀ ਹੈਂ। ਨਾ ਮੈਂ ਨਹੀਂ -

*ਨਹੀ ਛੋਡਉ ਰੇ ਬਾਬਾ ਰਾਮ ਨਾਮ ॥ ਅੰਗ - ੧੧੯੪*

ਮੈਨੂੰ ਵੀ ਗਾਲ੍ਹਾਂ ਪੈਂਦੀਆਂ ਨੇ - *'ਜਿਹ ਨਰ ਰਾਮ ਭਗਤਿ ਨਹਿ ਸਾਧੀ ॥ ਜਨਮਤ ਕਸ ਨ ਮੁਓ ਅਪਰਾਧੀ ॥ '* ਉਹ ਕਿਉਂ ਨਾ ਮਰ ਗਿਆ ਅਪਰਾਧੀ ਜੰਮਦਾ ਹੀ। ਕਿਉਂ ਪਾਪ ਕਰਨ ਵਾਸਤੇ ਬਚਿਆ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਦਸ ਸਾਨੂੰ, ਸਮਝਾ ਤਾਂ ਸਹੀ ਕੋਈ ਗੱਲ। ਜੇ ਤੂੰ ਬੰਦਗੀ ਕਰਦੈਂ ਤਾਂ ਗਾਲ੍ਹਾਂ ਦੀ ਥਾਂ 'ਤੇ ਸ਼ਾਬਾਸ਼ ਮਿਲਦੀ ਹੈ। ਇਸ ਤਰ੍ਹਾਂ ਦੇ ਨਾਲ -

*ਧਾਰਨਾ - ਧੰਨ ਧੰਨ ਨੇ ਜਣੇਂਦੀਆਂ ਮਾਵਾਂ,*
*ਜਿਨ੍ਹਾਂ ਦੇ ਪੁੱਤਰ ਨਾਮ ਜਪਦੇ।*

*ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥ ਅੰਗ - ੪੮੮*

ਸੋ ਮਾਂ ਮੈਂ ਤੈਨੂੰ ਧੰਨ ਕਹਾਉਣੈ ਕਿ ਗਾਲ੍ਹਾਂ ਕਢਾਉਣੀਆਂ ਨੇ? ਨਾ ਮੈਂ ਨਹੀਂ ਛੱਡਣਾ -

*ਇਕੁ ਰਾਮੁ ਨ ਛੋਡਉ ਗੁਰਹਿ ਗਾਰਿ ॥*
*ਮੋ ਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ ॥*
*ਅੰਗ - ੧੧੯੪*

ਜਿਹੜਾ ਕੁਛ ਕਰਨੈ ਕਰ ਲਓ, ਮੈਂ ਰਾਮ ਕਹਿਣ ਤੋਂ ਨਹੀਂ ਹਟਣਾ। ਮਹਾਰਾਜ ਕਹਿੰਦੇ, ਫੇਰ ਤੂੰ ਕਿਉਂ ਹਟਿਆ ਹੋਇਐਂ? ਤੂੰ ਤਾਂ ਸਿਆਣਾ ਬਿਆਣਾ ਹੈਂ। ਤੂੰ ਕਹਿੰਦਾ ਹੈਂ, ਮੈਂ ਪੀਐਚ.ਡੀ ਹਾਂ। ਮੈਂ ਐਮ.ਏ. ਹਾਂ, ਮੈਂ ਵੱਡਾ ਸਰਦਾਰ ਹਾਂ।

ਤੂੰ ਫੇਰ ਰਾਮ ਦਾ ਨਾਮ ਕਿਉਂ ਨਹੀਂ ਜਪਦਾ। ਤੈਨੂੰ ਅਸੀਂ ਤਾਂ ਕਹਿੰਦੇ ਹਾਂ ਪ੍ਰੇਮੀਆਂ! ਤੂੰ ਰਾਮ ਦੇ ਨਾਮ ਨਾਲ ਜੁੜ ਕੇ ਦੇਖਿਆ ਹੋਇਐ। ਪ੍ਰੈਕਟੀਕਲੀ ਦੇਖਿਆ ਹੋਇਐ ਕਿ ਪ੍ਰਮੇਸ਼ਰ ਦੇ ਨਾਮ ਵਿਚ ਕੀ ਬਰਕਤ ਹੈ। ਜਦੋਂ ਤੂੰ ਮਾਂ ਦੇ ਪੇਟ ਵਿਚ ਸੀ, ਉਸ ਵੇਲੇ -

*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥ ਅੰਗ - ੨੫੧*

ਹਰ ਸਵਾਸ ਦੇ ਨਾਲ ਤੂੰ ਪ੍ਰਮੇਸ਼ਰ ਦਾ ਨਾਮ ਜਪਦਾ ਸੀ, ਉਸ ਵੇਲੇ ਤੈਨੂੰ ਉਹਦੀ ਸ਼ਕਤੀ ਵੀ ਪ੍ਰਤੱਖ ਨਜ਼ਰ ਆਉਂਦੀ ਸੀ। ਕਿਉਂ? ਸਾਡੇ ਅੰਦਰ ਪ੍ਰਮੁੱਖ ਤਿੰਨ ਨਾੜੀਆਂ ਨੇ। ਵੈਸੇ ਤਾਂ ਸਾਡੇ ਸਰੀਰ ਦੇ ਅੰਦਰ ਦੋ ਖਰਬ ਪੰਦਰਾ ਅਰਬ ਸੈੱਲ ਨੇ। 215 ਬਿਲੀਅਨ। ਗਿਣ ਕੇ ਦਿਖਾ ਦਿਓ, ਦੋ ਖਰਬ, ਮੈਨੂੰ ਲਗਦੈ ਦੋ ਤਿੰਨ ਜਨਮ ਨਹੀਂ ਗਿਣੇ ਜਾਂਦੇ। ਐਨੇ ਵਾਹਿਗੁਰੂ ਨੇ ਸੈੱਲ ਲਾ ਦਿਤੇ, ਨੌਂ ਮਹੀਨੇ ਦੇ ਅੰਦਰ-ਅੰਦਰ ਹੀ। ਫੇਰ ਇਹਦੇ 'ਚ 72 ਕਰੋੜ 72 ਲੱਖ 20 ਹਜ਼ਾਰ 200 ਨਾੜੀ ਹੈ। ਇਹਨਾਂ ਵਿਚ 20 ਨਾੜੀਆਂ ਵੱਡੀਆਂ ਨੇ। ਉਹਨਾਂ ਵਿਚੋਂ 10 ਫੇਰ ਵੱਡੀਆਂ ਨੇ। 10 ਹੋਰ ਨੇ। ਇਨ੍ਹਾਂ 10 ਦੇ ਵਿਚੋਂ ਤਿੰਨ ਵੱਡੀਆਂ ਨੇ, ਜਿਹੜੀਆਂ ਰੀੜ੍ਹ ਦੀ ਹੱਡੀ ਦੇ ਨਾਲ ਚਲਦੀਆਂ ਨੇ। ਜਿਹਦੇ ਵਿਚ life current move ਕਰਦੀ ਹੈ। ਉਹ ਸਾਰਿਆਂ ਦੇ ਵਿਚਕਾਰ ਦੀ ਜਿਹੜੀ ਹੈ ਈੜਾ, ਪਿੰਗਲਾ, ਸੁਖਮਨਾ; ਸੁਖਮਨਾ ਵਿਚਕਾਰ ਦੀ ਨਾੜੀ ਹੈ। ਇਹਦੇ ਵਿਚ ਜ਼ਿੰਦਗੀ ਦੀ ਰੌਅ ਰੁਮਕਦੀ ਹੈ। ਇਹਨੂੰ ਕੁੰਡਲਨੀ ਕਹਿੰਦੇ ਨੇ। ਕਈ ਇਸ ਲਾਈਫ ਕਰੰਟ ਦੇ ਨਾਲ ਕੁਨੈਕਸ਼ਨ ਸ਼ੁਰੂ ਕਰ ਦਿੰਦੇ ਨੇ। ਕੁੰਡਲਨੀ ਨੂੰ ਜਗਾਉਣ ਲਗ ਜਾਂਦੇ ਨੇ। ਉਹ ਆਮ ਹਾਲਤਾਂ ਵਿਚ ਜੇ disturb ਹੋ ਜਾਵੇ ਤਾਂ ਆਦਮੀ ਪਾਗਲ ਹੋ ਜਾਂਦੈ। ਜੇ ਕੋਈ ਪੂਰਾ ਮਿਲ ਜਾਵੇ, ਢੰਗ ਨਾਲ ਜਗਾਓ। ਜੇ ਲਾਈਫ ਕਰੰਟ ਦੇ ਵਿਚ ਸੁਰਤ ਪ੍ਰਵੇਸ਼ ਕਰ ਜਾਵੇ ਤਾਂ ਸੌ ਜਨਮ ਦਾ ਗਿਆਨ ਹੋ ਜਾਇਆ ਕਰਦੈ। ਇਥੇ ਬੈਠਾ ਹੀ ਅਮਰੀਕਾ ਦੇਖੀ ਜਾਏਗਾ ਕਿ ਕੀ ਹੋ ਰਿਹੈ? ਲੋੜ ਹੀ ਨਹੀਂ ਕਿਸੇ ਚੀਜ਼ ਦੀ, ਟੈਲੀਫੋਨ ਕਰਨ ਦੀ।

ਉਹ ਟੈਲੀਪੈਥੀ ਨਾਲ ਹੀ ਗੱਲਾਂ ਸਮਝਾਈ ਜਾਏਗਾ। ਉਹ ਨਾੜੀ ਦੇ ਵਿਚ ਸਾਡੀ ਸਾਰਿਆਂ ਦੀ, ਤੁਹਾਡੀ, ਮੇਰੀ ਸਭ ਦੀ ਸੁਰਤੀ ਉਥੇ ਟਿਕੀ ਹੋਈ ਸੀ। ਉਸ ਵੇਲੇ ਇਕ ਤਾਂ ਸਾਨੂੰ ਉਸ ਵੇਲੇ ਸੌ ਜਨਮ ਦਾ ਗਿਆਨ ਸੀ। ਇਕ ਅਸੀਂ ਪ੍ਰਮੇਸ਼ਰ ਦੇ ਨਾਲ ਇਕ ਸਕਿੰਟ ਵੀ ਵੱਖਰੇ ਨਹੀਂ ਸੀ ਹੁੰਦੇ ਕਿਉਂਕਿ ਜਦੋਂ ਵੱਖਰੇ ਹੁੰਦੇ ਸੀ, ਲਿਵ ਟੁੱਟਦੀ ਸੀ। ਉਸੇ ਵੇਲੇ ਦੁਖ ਜਿਹੜਾ ਹੈ ਪੁੱਠੇ ਲਟਕਣ ਦਾ ਮਹਿਸੂਸ ਹੋਣ ਲਗ ਗਿਆ। ਇਸ ਕਰਕੇ – ***'ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥'*** ਜਦੋਂ ਸੰਸਾਰ 'ਚ ਆਇਆ –

*ਉਰਝਿ ਪਰੇ ਜੋ ਛੋਡਿ ਛਡਾਨਾ ॥*
*ਦੇਵਨਹਾਰੁ ਮਨਹਿ ਬਿਸਰਾਨਾ ॥* *ਅੰਗ – ੨੫੧*

ਜਿਹੜੀਆਂ ਚੀਜ਼ਾਂ ਨੇ ਅੱਗੇ ਤੈਨੂੰ ਮਾਰਿਆ ਸੀ, ਉਹਨਾਂ 'ਚ ਫੇਰ ਪੈ ਗਿਆ। ਓਹੀ ਨਿੰਦਿਆ, ਓਹੀ ਚੁਗਲੀ, ਓਹੀ ਈਰਖਾ, ਓਹੀ ਵੈਰ, ਓਹੀ ਵਿਰੋਧ, ਓਹੀ ਆਪਣਾ, ਓਹੀ ਬੇਗਾਨਾ, ਧਨ ਜੋੜ ਲਵਾਂ, ਕੋਠੀਆਂ ਬਣਾ ਲਵਾਂ, ਅੱਗੇ ਕਈ ਜਨਮ ਬਣਾ ਕੇ ਚਲਿਆ ਗਿਆ, ਫੇਰ ਹੁਣ ਨਵਾਂ ਕੰਮ ਸ਼ੁਰੂ ਕਰਿਐ। ਬਣਾ ਜ਼ਰੂਰ ਲੇਕਿਨ ਪ੍ਰਮੇਸ਼ਰ ਨੂੰ ਨਾ ਭੁੱਲ। ਉਹਨੂੰ ਯਾਦ ਰੱਖ। ਜਾਣਾ ਯਾਦ ਰੱਖ। ਇਥੇ ਡਿਊਟੀ ਪੂਰੀ ਕਰੀ ਜਾਹ –

*ਲੋਗਨ ਸਿਉ ਮੇਰਾ ਠਾਠਾ ਬਾਗਾ ॥* *ਅੰਗ – ੩੮੪*

ਠਾਠਾ ਬਾਗਾ ਕਰੀ ਜਾਹ, ਇਹਨੂੰ ਕੋਈ ਨਹੀਂ ਰੋਕਦਾ ਪਰ ਭੁੱਲ ਨਾ। ਜੇ ਭੁੱਲਦਾ ਹੈਂ ਤਾਂ ਇਹ ਮੰਦਰ ਜਿਹੜੇ ਨੇ ਇਹ ਮਾੜੇ ਨੇ। curse (ਸਰਾਪ) ਹੈ ਤੇਰੇ ਉਤੇ –

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*
*ਅੰਗ – ੧੪*

*ਆਗਿ ਲਗਉ ਤਿਹ ਧਉਲਹਰ*
*ਜਿਹ ਨਾਹੀ ਹਰਿ ਕੋ ਨਾਉ ॥* *ਅੰਗ – ੧੩੬੫*

ਫੇਰ ਕਹਿੰਦੇ ਇਹ ਕਿਸੇ ਕੰਮ ਦੀ ਨਹੀਂ। ਕਹਿੰਦੇ, ਵੱਡੀਆਂ-ਵੱਡੀਆਂ ਪੰਜ-ਪੰਜ ਮੰਜ਼ਲੀਆਂ ਕੋਠੀਆਂ ਨੂੰ ਅੱਗ ਲਗ ਜਾਵੇ, ਕਿਉਂਕਿ ਉਥੇ ਪ੍ਰਮੇਸ਼ਰ ਦਾ ਨਾਮ ਨਹੀਂ। ਛੱਪਰੀ ਉਹਦੇ ਨਾਲੋਂ ਹਜ਼ਾਰ ਦਰਜੇ ਚੰਗੀ ਹੈ ਜਿਥੇ ਪ੍ਰਮੇਸ਼ਰ ਦਾ ਭਜਨ ਹੁੰਦਾ ਹੋਵੇ। ਬਹੁਤ ਵਧੀਆ ਹੈ।

ਸੋ ਮਹਾਰਾਜ ਕਹਿੰਦੇ, ਦੇਖ ਪ੍ਰੇਮੀਆਂ! ਅਸੀਂ ਤੈਨੂੰ ਬਾਰ-ਬਾਰ ਇਸ ਗੱਲ ਦੇ ਬਾਰੇ ਤਾਂ ਸਮਝਾਉਂਦੇ ਹਾਂ ਕਿਉਂਕਿ ਤੂੰ ਪ੍ਰਮੇਸ਼ਰ ਨਾਲ ਮਿਲ ਕੇ ਦੇਖਿਆ ਹੋਇਆ ਹੈ ਮਾਂ ਦੇ ਪੇਟ ਵਿਚ। ਲੇਕਿਨ ਫੇਰ ਤੂੰ ਜਦੋਂ ਬਾਹਰ ਆਇਆ, ਉਸ ਵੇਲੇ –

*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ ॥* *ਅੰਗ – ੯੨੧*

ਇਹ ਜਿਹੜਾ ਜੀਵ ਸੀ ਸ਼ਾਹ ਨਾਲੋਂ ਵਿਛੜ ਗਿਆ ਮਤਲਬ ਵਾਹਿਗੁਰੂ ਨਾਲੋਂ। ਇਸ ਤਰ੍ਹਾਂ ਨਾਲ ਪੜ੍ਹ ਲਓ –

*ਧਾਰਨਾ – ਸ਼ਾਹੋ ਵਿਛੜਿਆ ਵਣਜਾਰਾ,*
*ਮੋਹ ਲਿਆ ਮਾਇਆ ਮੋਹਣੀ ਨੇ।*

ਕਦੇ ਪ੍ਰਮੇਸ਼ਰ ਨਾਲ ਜੁੜਿਆ ਹੋਇਆ ਸੀ –

*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥* *ਅੰਗ – ੨੫੧*

ਵਾਹਿਗੁਰੂ ਨੇ ਕਿਹਾ ਕਿ ਤੂੰ ਜਾਵੇਂਗਾ ਬਾਹਰ ਦੁਨੀਆਂ ਵਿਚ, ਉਥੇ ਮੇਰੀ ਮਾਇਆ ਹੈ –

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ ਜੇਹੀ*
*ਕਰਤੈ ਖੇਲੁ ਰਚਾਇਆ ॥* *ਅੰਗ – ੯੨੧*

ਉਹਨੇ ਖੇਲ੍ਹ ਰਚਿਆ ਹੋਇਆ ਹੈ। ਉਹਨੇ ਕਿਹਾ ਕਿ ਤੂੰ ਮੇਰੀ ਮਾਇਆ ਵਿਚ ਜਾਣਾ ਹੈ ਤੂੰ ਨੌਂ ਮਹੀਨੇ ਹੁਣ ਸਬਕ ਪਕਾ ਲਿਆ, ਦੇਖੀਂ ਹੁਣ ਭੁੱਲੀਂ ਨਾ। ਦੇਖੀਂ ਉਥੇ ਜਾ ਕੇ ਕਿਤੇ ਮਾਇਆ ਵਿਚ ਲਗ ਜਾਵੇਂ। ਤੈਨੂੰ ਮੈਂ ਨਜ਼ਾਰਾ ਤਾਂ ਦਿਖਾਇਐ ਨੌਂ ਮਹੀਨੇ ਦੀ ਸਮਾਧੀ ਲਗਵਾ ਕੇ ਕਿ ਮੈਂ ਵੀ ਹੈਗਾ, ਤੂੰ ਵੀ ਹੈਗਾ। ਉਥੇ ਮੇਰੀ ਮਾਇਆ ਨੇ ਤੈਨੂੰ ਮੋਹਣਾ ਹੈ, ਤੂੰ ਓਦੋਂ ਖਬਰਦਾਰ ਰਹੀਂ –

*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥*
*ਅੰਗ – ੯੨੧*

ਓਧਰ ਪੈਦਾ ਹੋ ਗਿਆ ਪਰਿਵਾਰ ਦਾ ਭਲਾ ਹੋ ਗਿਆ। ਵਧਾਈਆਂ ਜੀ ਵਧਾਈਆਂ। ਸ਼ਰਾਬ ਦੀ ਬੋਤਲ ਲਿਆਓ, ਕੋਈ ਕਹਿੰਦਾ ਮਾਸ ਲਿਆਓ। ਬੱਕਰੇ ਲਿਆਓ, ਮੁਰਗੇ ਲਿਆਓ, ਵੱਡੀ ਪਾਰਟੀ ਦਿਓ। ਉਹ ਗੱਲ ਹੀ ਭੁੱਲ ਗਏ। ਆਪ ਵੀ ਭੁੱਲ ਗਿਆ, ਉਹਨੂੰ ਵੀ ਭੁਲਾ ਦਿਤਾ। ਉਲਟੇ ਪਾਸੇ ਪਾ ਲਿਆ। ਚਾਹੀਦਾ ਤਾਂ ਇਹ ਸੀ ਕਿ ਹਰੀ ਦਾ ਜਸ ਕਰਦੇ। ਮਾਂ ਸਾਵਧਾਨ ਹੁੰਦੀ ਕਿ ਮੈਂ ਆਪਣੇ ਬੱਚੇ ਨੂੰ ਭੁੱਲਣ ਨਹੀਂ ਦੇਣਾ। ਐਸੀਆਂ ਮਾਵਾਂ ਹੋਈਆਂ ਨੇ ਬਹੁਤ ਸਾਰੀਆਂ, ਜਿਨ੍ਹਾਂ ਨੇ ਆਪਣੇ ਬੱਚਿਆਂ ਨੂੰ ਭੁੱਲਣ ਨਹੀਂ ਦਿਤਾ।

ਰਾਣੀ ਚੁੜੈਲਾ ਸੀ। ਉਸ ਦੇ 7 ਪੁੱਤਰ ਸੀ। 6 ਬ੍ਰਹਮਗਿਆਨੀ ਬਣਾਏ। ਰਾਜਾ ਕਹਿਣ ਲੱਗਿਆ, ਕੋਈ ਰਾਜ ਕਰਨ ਵਾਲਾ ਵੀ ਰਹਿਣ ਦੇ। ਕਹਿੰਦੀ, ਇਹ ਹੁਣ ਵਾਲਾ ਜੋ ਹੈ, ਇਹ ਕਰਮ ਯੋਗੀ ਹੋਏਗਾ, ਨਾਲੇ ਬ੍ਰਹਮ ਗਿਆਨੀ ਹੋਏਗਾ।

ਬਾਬਾ ਫਰੀਦ ਦੀ ਮਾਂ ਸੀ, ਰੱਬ ਨਹੀਂ ਬੱਚੇ ਨੂੰ ਭੁੱਲਣ ਦਿਤਾ। ਧੰਨ ਕਹਿੰਦੇ ਨੇ ਉਸ ਮਾਤਾ ਨੂੰ। ਪੰਜ ਸਾਲ ਦੇ ਨੂੰ ਹੀ ਲਾ ਲਿਆ ਪ੍ਰਭੂ ਵਲ। ਇਸੇ ਤਰ੍ਹਾਂ ਗੋਪੀ ਚੰਦ ਦੀ ਮਾਂ ਸੀ। ਭੁੱਲ ਗਿਆ ਬੱਚਾ ਲੇਕਿਨ ਦਲਦਲ 'ਚ, ਮੋਹਣੀਆਂ ਦੇ ਵਿਚ, ਪਦਮਨੀਆਂ ਰਾਣੀਆਂ ਦੇ ਵਿਚੋਂ ਖਿੱਚ ਲਿਆ ਮਾਂ ਨੇ ਕਿ ਜਾਹ ਤੂੰ ਭਗਤੀ ਕਰਨ ਵਾਸਤੇ। ਤੈਨੂੰ ਮੈਂ ਜਨਮ ਦਿਤੈ, ਰਾਣੀਆਂ ਭੋਗਣ ਲਈ ਨਹੀਂ ਦਿਤਾ।

ਸੋ ਇਸ ਤਰ੍ਹਾਂ ਦੇ ਨਾਲ ਅਕਾਲ ਪੁਰਖ ਕਹਿਣ ਲੱਗਿਆ, ਤੂੰ ਮੇਰੀ ਮਾਇਆ ਵਿਚ ਭੁੱਲੇਂਗਾ। ਉਥੇ ਹੁਸ਼ਿਆਰ ਰਹੀਂ। ਹੋਇਆ ਕੀ? –

*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ ॥* *ਅੰਗ – ੯੨੧*

ਉਥੇ ਹੀ ਮਾਇਆ ਪੈ ਗਈ। ਮਾਂ-ਬਾਪ ਦੇ ਰੂਪ ਵਿਚ ਪੈ ਗਈ, ਦੁੱਧ ਦੇ ਰੂਪ 'ਚ ਪੈ ਗਈ, ਭਾਈ ਭਰਾ ਕੁਟੰਬ, ਰਿਸ਼ਤੇਦਾਰਾਂ ਦੇ ਰੂਪ ਵਿਚ ਪੈ ਗਈ। ਖੇਲ੍ਹਾਂ 'ਚ ਪੈ ਗਈ, ਭੋਗਾਂ 'ਚ ਪੈ ਗਈ। ਕ੍ਰੋਧ ਵਿਚ ਆ ਗਿਆ। ਐਸਾ ਰੋਇਆ-ਐਸਾ ਰੋਇਆ ਕਿ ਇਹਨੂੰ ਯਾਦ ਹੀ ਨਹੀਂ ਆਉਂਦਾ। ਯਾਦ ਕਰਾਈ ਜਾਓ ਫੇਰ ਭੁੱਲੀ ਜਾਂਦਾ ਹੈ। ਇਹੋ ਜਿਹਾ ਕਮਲਾ ਹੈ। ਨਹੀਂ ਤਾਂ ਕੋਈ ਬੰਦਾ ਜੇ ਕੋਈ ਗੱਲ ਯਾਦ ਕਰਾ ਦਿਓ, ਯਾਦ ਰਖਦੈ। ਨਾ, ਭੁੱਲਿਆ ਹੀ ਰਹਿੰਦੈ। ਹਰ ਵਕਤ ਭੁੱਲਿਆ ਰਹਿੰਦਾ ਹੈ ਕਿਉਂਕਿ ਜਿਧਰ ਰੂਹਾਨੀ ਜਾਗ ਹੈ ਉਸ ਖਾਨੇ ਤੋਂ ਸੁੱਤਾ ਪਿਆ ਹੈ, ਇਹਦੇ ਸਰੀਰ ਦੇ ਅੰਦਰ 72 ਖਾਨੇ ਨੇ, ਬਾਕੀ ਤਾਂ ਇਹ ਸਾਰੇ ਖੋਲ੍ਹੀਂ ਬੈਠਾ ਹੈ, ਉਹ ਬੰਦ ਕਰੀ ਬੈਠਾ ਹੈ। ਉਥੋਂ ਟਣਕਾਰ ਆ ਰਹੀ ਹੈ, ਜਗਾ ਰਹੇ ਨੇ ਸ਼ਬਦ। ਸ਼ਬਦ ਦਿਨ ਰਾਤ ਚਲ ਰਿਹਾ ਹੈ –

*ਦਿਲਾ ਕਾ ਮਾਲਕੁ ਕਰੇ ਹਾਕੁ ॥* *ਅੰਗ– ੯੯੭*

ਅੰਦਰੋਂ ਅਵਾਜ਼ ਆ ਰਹੀ ਹੈ ਕਿ ਜਾਗ-ਜਾਗ। ਨਹੀਂ ਜਾਗਦਾ। ਇਹੋ ਜਿਹੀ ਨੀਂਦ ਚੜ੍ਹੀ ਹੋਈ ਹੈ, ਗੱਲ ਨਹੀਂ ਸੁਣਨ ਨੂੰ ਤਿਆਰ। ਕਿਉਂਕਿ ਮਾਇਆ ਨੇ ਮੂਰਛਿਤ ਕਰ ਦਿਤਾ। ਹੁਣ ਜੇ ਇਹਨੂੰ ਅੰਮ੍ਰਿਤ ਮਿਲੇ ਤਾਂ ਇਹ ਮਾਰਿਆ ਵਿਹੁ ਲਹੇ –

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥* *ਅੰਗ – ੫੩੮*

ਹੁਣ ਹਰਿ ਅੰਮ੍ਰਿਤ ਮਿਲੇ ਕਿਵੇਂ ਇਸ ਨੂੰ? ਜਦੋਂ ਤਕ ਗੁਰੂ ਧਾਰਨ ਨਹੀਂ ਕਰਦਾ। ਓਨਾਂ ਚਿਰ ਅੰਮ੍ਰਿਤ ਦੀ ਪ੍ਰਾਪਤੀ ਨਹੀਂ ਹੁੰਦੀ ਕਿਉਂਕਿ ਗੁਰੂ ਕੋਲ ਅੰਮ੍ਰਿਤ ਹੈ –

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥* *ਅੰਗ – ੫੩੮*

ਜੇ ਗੁਰੂ ਦੀ ਮੱਤ ਧਾਰਨ ਕਰੇ ਤਾਂ ਇਹ ਅੰਮ੍ਰਿਤ ਮਿਲਣਾ ਹੈ, ਗੁਰੂ ਦੀ ਮੱਤ ਧਾਰਨ ਕਰਨ ਦੀ ਥਾਂ 'ਤੇ ਮਨਮਤਿ ਕਰਦੈ। ਆਪਣੇ ਮਨ ਦੀ ਮੱਤ ਧਾਰ ਕੇ ਰਖਦੈ। ਸੋ ਮਹਾਰਾਜ ਕਹਿੰਦੇ, ਹੋਇਆ ਕੀ? ਭਾਈ ਗੁਰਦਾਸ ਜੀ ਲਿਖਦੇ ਨੇ ਕਿ –

*ਜੰਮਦੋ ਮਾਇਆ ਮੋਹਿਆ ਨਦਰਿ ਨ ਆਵੈ ਰਖਣਹਾਰਾ॥*
*ਭਾਈ ਗੁਰਦਾਸ ਜੀ*

ਹੁਣ ਨਜ਼ਰ ਨਹੀਂ ਆਉਂਦਾ, ਪਰ ਅਜੇ ਯਾਦ ਸੀ। ਮਾਂ-ਬਾਪ ਕਹਿੰਦੇ ਤਾਂ ਰੋਂਦਾ ਹੈ ਇਹ, ਇਹਨੂੰ ਪਿਛਲਾ ਜਨਮ ਯਾਦ ਆਉਂਦੈ। ਕਾਹਨੂੰ ਪਿਛਲਾ ਆਉਂਦੈ। ਉਹ ਤਾਂ ਦੇਖ ਕੇ ਆਇਆ ਸੀ ਸਾਰੇ ਨਜ਼ਾਰੇ। ਉਹਨੂੰ ਤਾਂ ਇਹ ਸੀ ਕਿ ਮੈਂ ਹੁਣ ਬੰਦਗੀ ਕਰਨੀ ਹੈ। ਲਿਵ ਟੁੱਟ ਗਈ, ਜਿਹੜੀ ਲੱਗੀ ਹੋਈ ਸੀ। ਨਾਮ ਦੀ ਧੁਨ ਸੀ, ਓਅੰਕਾਰ ਦੀ, ਉਹ ਧੁਨ ਟੁੱਟ ਗਈ। ਧੁਨ ਟੁੱਟਣ ਦੇ ਨਾਲ ਉਹਦੇ ਵਿਚ ਮਸਤ ਰਹਿੰਦਾ ਸੀ। ਹੁਣ ਉਹ ਧੁਨ ਨਹੀਂ ਬਣਦੀ, ਚੀਕਾਂ ਮਾਰਦੈ, ਰੋਂਦੈ। ਫੇਰ ਜਦੋਂ ਖੁਸ਼ ਹੁੰਦੈ, ਬਾਹਾਂ ਮਾਰਦੈ, ਲੱਤਾਂ ਮਾਰਦੈ, ਫੇਰ ਕਹਿੰਦੇ ਨੇ ਕਿ ਹੁਣ ਇਹ ਇਧਰਲੇ ਸੰਸਾਰ 'ਚ ਆ ਗਿਆ। ਨਹੀਂ, ਉਹ ਇਸ ਵੇਲੇ ਏਧਰ ਨਹੀਂ ਹੁੰਦਾ, ਉਸ ਵੇਲੇ ਉਹ ਨਾਮ 'ਚ ਹੁੰਦੈ। ਸੋ ਆਹ ਮਾਇਆ ਨੇ ਹੌਲੀ-ਹੌਲੀ ਸਾਰਿਆਂ ਨੂੰ ਮੋਹ ਲਿਆ। ਹੁਣ ਤਾਂ ਅਸੀਂ ਐਨੇ ਮੋਹੇ ਗਏ ਕਿ ਸਾਨੂੰ ਯਾਦ ਕਰਾਈ ਜਾਓ, ਤਾਂਵੀ ਨਹੀਂ ਸਾਡੇ ਯਾਦ ਆਉਂਦਾ। ਸੋ ਮਹਾਰਾਜ ਕਹਿੰਦੇ, ਸਾਹੋ ਵਿਛੜਿਆ ਵਣਜਾਰਾ, ਵੱਡੇ ਸ਼ਾਹ ਤੋਂ ਹੁਣ ਵਿਛੜ ਗਿਆ। ਵਿਛੜ ਕੇ ਹੋਇਆ ਕੀ? ਮਹਾਰਾਜ ਕਹਿੰਦੇ, ਇਹ ਵਿਸ਼ਟਾ ਦਾ ਜੀਵ ਹੈ –

*ਬਾਝੁ ਗੁਰੂ ਹੈ ਅੰਧ ਗੁਬਾਰਾ ॥*
*ਅਗਿਆਨੀ ਅੰਧਾ ਅੰਧੁ ਅੰਧਾਰਾ ॥*
*ਬਿਸਟਾ ਕੇ ਕੀੜੇ ਬਿਸਟਾ ਕਮਾਵਹਿ*
*ਫਿਰਿ ਬਿਸਟਾ ਮਾਹਿ ਪਚਾਵਣਿਆ ॥* *ਅੰਗ – ੧੧੬*

ਮੁੜ ਕੇ ਫੇਰ ਉਥੇ ਹੀ ਚਲੇ ਜਾਣਗੇ, ਜਿਥੋਂ ਕੱਢਿਆ ਹੈ। ਸੋ ਇਸ ਤਰ੍ਹਾਂ ਨਾਲ ਮਹਾਰਾਜ ਸਾਨੂੰ ਬੇਅੰਤ ਤਰੀਕਿਆਂ ਦੇ ਨਾਲ ਸਮਝਾਉਂਦੇ ਨੇ ਕਿ ਚੱਲ ਹੋਰ ਨਹੀਂ ਜੇ ਤੂੰ ਸਾਡੀ ਗੱਲ ਮੰਨਦਾ ਤਾਂ ਇਕ ਗੱਲ ਮੰਨ ਲੈ। ਕੋਈ ਸਮਰੱਥ ਗੁਰੂ ਧਾਰਨ ਕਰ ਲੈ। ਜੇ ਅਜੇ ਤੱਕ ਤੂੰ ਗੁਰੂ ਧਾਰਿਆ ਨਹੀਂ, ਮੰਨਿਆ ਤਾਂ ਹੈਗਾ, ਧਾਰਨਾ ਹੋਰ ਹੈ, ਮੰਨਣਾ ਹੋਰ ਹੈ। ਮੰਨਣਾ ਤਾਂ ਅਸੀਂ, ਸਾਰੀ ਦੁਨੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦੀ ਹੈ। ਪੂਰਨ ਮਹਾਤਮਾ ਨੂੰ ਸਾਰੇ ਮੱਥਾ ਟੇਕਦੇ ਨੇ। ਮੱਥਾ ਟੇਕਣ ਨਾਲ ਤੇ ਸਤਿਕਾਰ ਕਰਨ ਨਾਲ ਨਹੀਂ ਬਣਦਾ ਹੁੰਦਾ। ਗੁਰੂ ਤਾਂ ਪੂਰੀ ਵਿਧੀ ਹੈ ਉਹਦੇ ਨਾਲ। ਜਦੋਂ ਉਸ ਧਰਮ ਦੇ ਤਰੀਕੇ ਨਾਲ ਉਸ ਨੂੰ ਗ੍ਰਹਿਣ ਕਰੋ, ਤਾਂ ਉਹਦੇ ਨਾਲ ਬੱਝਿਆ ਹੁੰਦੈ, ਨਹੀਂ ਹੁੰਦਾ ਨਹੀਂ। ਸੋ ਮਹਾਰਾਜ ਕਹਿੰਦੇ, ਨਿਗੁਰਾਪਣ ਦੇ ਵਿਚ ਜੀਵਨ ਗੁਜ਼ਾਰ ਰਿਹੈਂ ਤੂੰ ਆਪਣਾ। ਜਨਮ ਗਵਾ ਰਿਹੈਂ।

*ਧਾਰਨਾ – ਆਪਣਾ ਜਨਮ ਗਵਾ ਲਿਆ ਬਿਰਥਾ,*
*ਨਿਗੁਰਿਆ ਤੇਰਾ ਨਾਮ ਹੈ ਬੁਰਾ।*

*ਝਝੈ ਕਦੇ ਨ ਝੂਰਹਿ ਮੂੜੇ ਸਤਿਗੁਰ ਕਾ*
*ਉਪਦੇਸੁ ਸੁਣਿ ਤੂੰ ਵਿਖਾ ॥ ਅੰਗ – ੪੩੫*

ਕਹਿੰਦੇ, ਸੁਣ ਕੇ ਵੇਖ ਤਾਂ ਸਹੀ ਕਦੇ।

*ਸਤਿਗੁਰ ਬਾਝਹੁ ਗੁਰੁ ਨਹੀ ਕੋਈ*
*ਨਿਗੁਰੇ ਕਾ ਹੈ ਨਾਉ ਬੁਰਾ ॥ ਅੰਗ – ੪੩੫*

ਐਵੇਂ ਹੀ ਗੁਰੂ ਧਾਰਦਾ ਫਿਰਦੈਂ। ਸਾਇਕਲ ਸਿੱਖਣ ਲੱਗਿਆ, ਜੀ ਮੇਰਾ ਗੁਰੂ ਫਲਾਣਾ ਹੈ। ਕਾਰਾਂ ਦਾ ਕੰਮ ਸਿੱਖਿਆ, ਕਹਿੰਦਾ, ਮੇਰਾ ਗੁਰੂ ਫਲਾਣਾ। ਪੜ੍ਹਨ ਲੱਗਿਆ, ਕਹਿੰਦਾ, ਮੇਰਾ ਗੁਰੂ ਫਲਾਣਾ, ਵਾਜਾ, ਢੋਲਕੀ ਸਿੱਖਣ ਲੱਗਿਆ, ਜੀ ਮੇਰਾ ਗੁਰੂ ਫਲਾਣਾ। ਮਹਾਰਾਜ ਕਹਿੰਦੇ, ਇਹ ਨਹੀਂ ਗੁਰੂ ਹੁੰਦੇ। ਟੀਚਰ ਹੁੰਦੇ ਨੇ। ਗੁਰੂ ਕੇਵਲ ਜੇ ਕਿਹਾ ਜਾਂਦਾ ਹੈ ਤਾਂ – 'ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥' ਇਹਦਾ ਤਾਂ ਨਾਉਂ ਲੈਣਾ ਹੀ ਬੁਰਾ ਹੋਇਆ ਕਰਦੈ। ਕਿਉਂਕਿ ਉਹਨੇ ਹਨ੍ਹੇਰੇ 'ਚ ਆ ਕੇ ਆਪਣੀ ਜ਼ਿੰਦਗੀ ਕੱਟੀ ਹੈ। ਮਹਾਰਾਜ ਕਹਿੰਦੇ, ਇਕ ਦੋ ਚਾਰ ਨੇ ਨਹੀਂ ਕੱਟੀ ਪ੍ਰੇਮੀਓ! ਇਹ ਤਾਂ ਸਾਰੀ ਸ੍ਰਿਸ਼ਟੀ ਹੀ ਨਿਗੁਰਿਆ ਦੀ ਚਲ ਰਹੀ ਹੈ –

*ਧਾਰਨਾ – ਅੰਨ੍ਹੀ ਫਿਰਦੀ ਦੁਨੀਆਂ*
*ਨਿਗੁਰਿਆਂ ਬੰਦਿਆਂ ਦੀ।*

*ਵਡਾ ਦਾਤਾ ਗੁਰਮੁਖਿ ਜਾਤ*
*ਨਿਗੁਰੀ ਅੰਧ ਫਿਰੈ ਲੋਕਾਈ ॥ ਅੰਗ – ੯੧੨*

ਕਹਿੰਦੇ, ਇਕ ਦੋ ਚਾਰ ਨਹੀਂ, ਇਹ ਤਾਂ ਸਾਰਾ ਸੰਸਾਰ ਨਿਗੁਰਿਆਂ ਦਾ ਤੁਰਿਆ ਫਿਰਦੈ। ਸੱਪਾਂ ਦੇ ਵਿਚ ਸਿਰਫ ਇਕ ਜਾਤ ਹੈ ਜਿਹੜੀ ਨਿਗੁਰੀ ਹੈ ਮੰਤਰ ਨਹੀਂ ਮੰਨਦੀ। ਸੱਪ ਨੂੰ ਮਾੜਾ ਨਹੀਂ ਕਿਹਾ, ਨਿਗੁਰੇ ਨੂੰ ਉਸ ਤੋਂ ਮਾੜਾ ਕਿਹੈ। ਜਦੋਂ ਮਾਂ ਦੇ ਪੇਟ ਵਿਚ ਬੱਚਾ ਹੁੰਦੈ, ਉਸ ਵਕਤ ਜਾਣਦੀ ਹੁੰਦੀ ਹੈ ਕਿ ਮੇਰਾ ਪੁੱਤਰ ਬਣੇ ਜਿਹੜਾ ਪੜ੍ਹੇ-ਲਿਖੇ, ਕੰਮ ਕਰੇ ਤੇ ਕੋਈ ਬਦਨਾਮੀ ਨਾ ਲਿਆਵੇ ਤੇ ਮਾਪਿਆਂ ਦੀ ਸੇਵਾ ਕਰੇ। ਜੇ ਕੁਪੁੱਤ ਜੰਮ ਪਵੇ, ਕਹਿੰਦੇ ਫੇਰ-

*ਮਾਂ ਗਭਣ ਜੀਅ ਜਾਣਦੀ ਪੁਤੁ ਸਪੁਤੁ ਹੋਵੈ ਸੁਖਦਾਈ।*
*ਕਪੁਤਹੁ ਧੀ ਚੰਗੇਰੜੀ ਪਰ ਘਰਿ ਜਾਇ ਵਸਾਇ ਨ ਆਈ।*
*ਭਾਈ ਗੁਰਦਾਸ ਜੀ*

ਕੁਪੁੱਤ ਨਾਲੋਂ ਤਾਂ ਲੜਕੀ ਪੈਦਾ ਹੋ ਜਾਵੇ ਉਹ ਚੰਗੀ ਹੈ, ਬੇਗਾਨਾ ਘਰ ਜਾ ਕੇ ਤਾਂ ਆਬਾਦ ਕਰੂਗੀ। ਜੇ ਇਕ ਧੀ ਜੰਮ ਪਵੇ। ਕਹਿੰਦੇ –

*ਕੁਧਅਹੁਂ ਸਪ ਸਕਾਰਥਾ ਜਾਇ ਜਣੇਂਦੀ ਜਣਿ ਜਣਿ ਖਾਈ।*
*ਭਾਈ ਗੁਰਦਾਸ ਜੀ*

ਪਹਿਲਾਂ ਤਾਂ ਆ ਗਿਆ, ਪੁੱਤੋ ਧੀਅ ਚੰਗੀ, ਫੇਰ ਜੇ ਧੀ ਗਲਤ ਹੈ ਤਾਂ ਉਸ ਤੋਂ ਕਹਿੰਦੇ, ਸੱਪ ਚੰਗਾ ਹੈ।

ਸੱਪਣੀ ਕਹਿੰਦੇ ਆਪਣੇ ਜਣਦਿਆਂ ਨੂੰ ਖਾਈ ਜਾਂਦੀ ਹੈ ਕਿ ਕਿਤੇ ਲੋਕਾਂ ਨੂੰ ਦੁਖ ਨਾ ਦੇਣ ਜਾ ਕੇ। ਇਕ ਅੱਧਾ ਨੱਠ ਕੇ ਬਚ ਜਾਂਦੈ। ਫੇਰ ਕਹਿੰਦੇ ਉਹਦੇ ਨਾਲੋਂ –

*ਮਾਂ ਡਾਇਣ ਧੰਨ ਧੰਨ ਹੈ ਕਪਟੀ ਪੁਤੈ ਖਾਇ ਅਘਾਈ।*
*ਭਾਈ ਗੁਰਦਾਸ ਜੀ*

ਉਹ ਵੀ ਧੰਨ ਹੈ ਕਿ ਆਪਣੇ ਕਪਟੀ ਪੁੱਤ ਨੂੰ ਖਾ ਲੈਂਦੀ ਹੈ, ਮਾਰ ਕੇ –

*ਬਾਮਣ ਗਾਈ ਖਾਇ ਸਪ ਫਲ*
*ਗੁਰਮੰਤ੍ਰ ਪਵਾਇ ਪਿੜਾਈ। ਭਾਈ ਗੁਰਦਾਸ ਜੀ*

ਬ੍ਰਾਹਮਣ ਨੂੰ ਸੱਪ ਲੜ ਜਾਂਦੈ, ਗਊ ਨੂੰ ਲੜ ਜਾਂਦੈ ਇਹ ਦੋਵੇਂ ਸ੍ਰੇਸ਼ਟ ਗਿਣੇ ਹੋਏ ਸੀ। ਪਰ ਇਹ ਜਿਹੜਾ ਸੱਪ ਹੈ, ਐਨਾ ਲੜਨ ਵਾਲਾ ਕਹਿੰਦੇ ਜੇ ਮੰਤਰ ਮਾਰ ਦੇਵੇ, ਫੇਰ ਵਸ ਹੋ ਜਾਂਦੈ। ਮੰਤਰ ਮਾਰਨ ਨਾਲ ਉਹਦੀ ਜ਼ਹਿਰ ਵੀ ਨਹੀਂ ਚੜ੍ਹਦੀ।

*ਨਿਗੁਰੇ ਤੁਲਿ ਨ ਹੋਰੁ ਕੋ ਸਿਜਰਣਹਾਰੈ ਸਿਰਠਿ ਉਪਾਈ।*
*ਭਾਈ ਗੁਰਦਾਸ ਜੀ*

ਪਰ ਸਾਰਿਆਂ ਨਾਲੋਂ ਬੁਰਾ, ਸੱਪ ਨਾਲੋਂ ਵੀ

ਬੁਰਾ, ਨਿਗੁਰਾ ਹੈ। ਜਿੰਨੀ ਵਾਹਿਗੁਰੂ ਨੇ ਸ੍ਰਿਸ਼ਟੀ ਰਚੀ ਹੈ ਜੋ ਇਹਦੇ ਵਿਚ ਕੋਈ ਮਾੜਾ ਹੈ ਸਾਰਿਆਂ ਨਾਲੋਂ ਉਹ ਨਿਗੁਰਾ ਹੈ।

*ਮਾਤਾ ਪਿਤਾ ਨ ਗੁਰੁ ਸਰਣਾਈ॥ ਭਾਈ ਗੁਰਦਾਸ ਜੀ*

ਨਾ ਮਾਂ ਦੀ ਗੱਲ ਮੰਨੇ, ਨਾ ਪਿਉ ਦੀ ਮੰਨੇ, ਨਾ ਗੁਰੂ ਦੀ ਮੰਨੇ। ਕਹਿੰਦੇ ਉਹਦੇ ਨਾਲੋਂ ਤਾਂ ਨਾ ਹੀ ਜੰਮਦਾ ਤਾਂ ਚੰਗਾ ਸੀ। ਉਹਦੀ ਗਤੀ ਨਹੀਂ ਕੋਈ ਵੀ ਹੁੰਦੀ, ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਨਿਗੁਰਿਆ ਤੇਰੀ ਓ ਗਤੀ ਕੋਈ ਨਾ।*
*ਤੂੰ ਤਾਂ ਖਾਵੇਂਗਾ ਚੌਰਾਸੀ ਵਾਲੇ ਗੇੜੇ।*

*ਸੋ ਨਿਗੁਰਾ ਜੋ ਮਰਿ ਮਰਿ ਜੰਮੈ*
*ਨਿਗੁਰੇ ਆਵਣ ਜਾਵਣਿਆ ॥ ਅੰਗ – ੧੧੭*

ਉਹਨੇ ਜੰਮਦੇ ਰਹਿਣੈ, ਮਰਦੇ ਰਹਿਣੈ –

*ਜਿਉ ਨਿਗੁਰਾ ਬਹੁ ਬਾਤਾ ਜਾਣੈ*
*ਓਹੁ ਹਰਿ ਦਰਗਹ ਹੈ ਭ੍ਰਸਟੀ ॥ ਅੰਗ – ੫੨੮*

ਇਥੇ ਤਾਂ ਗੱਲਾਂ ਬਹੁਤ ਜਾਣਦਾ ਹੈ, ਬੜੀ ਕੁਝ ਕਹੇਗਾ, ਲੇਕਿਨ ਦਰਗਾਹ 'ਚ ਜਾ ਕੇ ਉਹ ਭ੍ਰਿਸਟਿਆ ਹੋਇਆ ਹੁੰਦੈ –

*ਨਿਗੁਰੇ ਕਉ ਗਤਿ ਕਾਈ ਨਾਹੀ ॥*
*ਅਵਗਣਿ ਮੁਠੇ ਚੋਟਾ ਖਾਹੀ ॥*
*ਗੁਰ ਕੈ ਸਬਦਿ ਸੁਖੁ ਸਾਂਤਿ ਸਰੀਰ ॥*
*ਗੁਰਮੁਖਿ ਤਾ ਕਉ ਲਗੈ ਨ ਪੀਰ ॥ ਅੰਗ – ੩੬੧*

ਇਸ ਤਰ੍ਹਾਂ ਦੇ ਨਾਲ ਜੋ ਨਿਗੁਰਾ ਜੀਵਨ ਹੈ, ਉਹ ਭ੍ਰਿਸਟਿਆ ਹੋਇਆ ਜੀਵਨ ਮਹਾਰਾਜ ਕਹਿੰਦੇ ਨੇ। ਲੇਕਿਨ ਕਿੰਨੀ ਕੁ ਦੁਨੀਆਂ ਹੈ ਜਿਹੜੀ ਫੇਰ ਇਸ ਵਾਸਤੇ ਤਿਆਰ ਹੁੰਦੀ ਹੈ ਕਿ ਮੈਂ ਗੁਰੂ ਧਾਰਨ ਕਰ ਲਵਾਂ। ਨਿਗੁਰੇ ਤੁਰੇ ਫਿਰਦੇ ਨੇ, ਨਿਗੁਰਾ ਕਿਸੇ ਦੀ ਬਾਤ ਨਹੀਂ ਮੰਨਦਾ। ਨਾ ਬਾਣੀ ਦੀ ਮੰਨੇ, ਨਾ ਮਾਂ ਦੀ, ਨਾ ਪਿਉ ਦੀ, ਆਪਣੇ ਮਨ ਦੀ ਮੰਨੇਗਾ। ਆਪਣੇ ਵਾਸਤੇ ਜਿਉਂਏਗਾ। ਸੰਸਾਰ ਵਾਸਤੇ ਨਿਗੁਰਾ ਪੁਰਸ਼ ਨਹੀਂ ਜਿਉਂਏਗਾ। ਆਪਣੇ ਹਿਤ ਵਾਸਤੇ ਜਿਉਂਏਗਾ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਨੇ ਬਹੁਤ ਵਿਸਥਾਰ ਦੇ ਨਾਲ ਸਮਝਾਇਆ ਤੇ ਕਹਿਣ ਲੱਗੇ, ਪ੍ਰੇਮੀਓ! ਇਹ ਮਨੁੱਖ ਦਾ ਜਾਮਾ ਜੋ ਤੁਹਾਨੂੰ ਮਿਲਿਆ ਹੈ ਕਦਰ ਕਰੋ ਇਸ ਦੀ। ਇਹ ਐਵੇਂ ਮਾਮੂਲੀ ਬਾਤ ਨਹੀਂ ਹੈ। ਬਹੁਤ ਮਿਹਨਤ ਦੇ ਨਾਲ ਤੁਹਾਨੂੰ ਪ੍ਰਾਪਤ ਹੋਇਐ। ਦੇਖਿਓ, ਹੁਣ ਸਾਵਧਾਨ ਰਹਿਓ। ਇਸ ਤਰ੍ਹਾਂ ਨਾਲ ਕਹਿੰਦੇ ਨੇ –

*ਧਾਰਨਾ – ਬਹੁਤੇ ਜੁਗਾਂ ਤੋਂ ਪਿਛੋਂ ਵਾਰੀ ਆਈ ਹੈ,*
*ਦੇਖੀਂ ਕਿਤੇ ਹਾਰ ਜਾਈਂ ਨਾ।*

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ ॥ ਅੰਗ – ੬੩੧*

ਬਹੁਤੇ ਜੁਗ ਲੰਘ ਗਏ ਫੇਰ ਆ ਗਈ ਸਾਡੀ ਵਾਰੀ। ਹੁਣ ਆਪਾਂ ਸਾਰੇ ਵਾਰੀ 'ਚ ਬੈਠੇ ਹਾਂ। ਕਿਹੜਾ ਹਾਰਦੈ ਤੇ ਕਿਹੜਾ ਜਿਤਦੈ। ਇਹ ਸਾਰੇ ਆਪਣੇ ਆਪ ਜਾਣ ਲਓ। ਜੇ ਤਾਂ ਆਪਣੇ ਸਵੈ ਸਰੂਪ ਦਾ ਗਿਆਨ ਹੋ ਗਿਆ। ਆਪਣੇ ਆਪ ਨੂੰ ਪਛਾਣ ਲਿਆ। ਫੇਰ ਆਪਣੇ ਆਪ ਨੂੰ ਪਛਾਣ ਕੇ ਇਹਨੂੰ ਪ੍ਰਮੇਸ਼ਰ ਦੇ ਨਾਲ ਮੇਲ ਦਿਤਾ। ਭਰਮ ਸਾਰੇ ਖਤਮ ਹੋ ਗਏ। ਅਵਿਦਿਆ ਦਾ ਨਾਸ਼ ਹੋ ਗਿਆ। ਫੇਰ ਤਾਂ ਸਮਝ ਲਓ ਵਾਰੀ ਜਿੱਤ ਲਈ। ਜੇ ਤਾਂ ਨਹੀਂ ਹੋਇਆ ਤਾਂ ਫੇਰ ਅਜੇ ਕਸ਼ਮ-ਕਸ਼ ਵਿਚ ਹਾਂ, ਇਮਤਿਹਾਨ ਵਿਚ ਪਏ ਹੋਏ ਹਾਂ। ਮਿਹਨਤ ਵਿਚ ਪਏ ਹੋਏ ਹਾਂ, ਜਿੱਤੇ ਹਾਂ ਕਿ ਹਾਰੇ ਹਾਂ ਇਹ ਵਾਹਿਗੁਰੂ ਦੱਸੇਗਾ। **'ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥ ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥'** ਤੂੰ ਨਹੀਂ ਸਿਮਰਦਾ, ਕਿਉਂ ਨਹੀਂ ਵਾਹਿਗੁਰੂ ਨੂੰ ਯਾਦ ਕਰਦਾ –

*ਮਾਨਸ ਦੇਹਿ ਦੁਲੰਭੁ ਹੈ ਜੁਗਹ ਜੁਗੰਤਰਿ ਆਵੈ ਵਾਰੀ॥*
*ਭਾਈ ਗੁਰਦਾਸ ਜੀ*

ਜੁਗਾਂ-ਜੁਗਾਂ ਦੇ ਲੰਘਣ ਤੋਂ ਬਾਅਦ। ਚਾਰ ਯੁੱਗ 43 ਲੱਖ 20,000 ਸਾਲ ਦੇ ਹੁੰਦੇ ਨੇ। ਜੇ ਸੌ ਯੁੱਗ ਮਹਾਰਾਜ ਕਹਿ ਦਿੰਦੇ ਕਿ ਸੌ ਯੁੱਗ ਬਾਅਦ ਵਾਰੀ ਆਉਂਦੀ ਹੈ ਤਾਂ 43 ਕਰੋੜ 20 ਲੱਖ ਸਾਲ ਬਾਅਦ ਵਾਰੀ ਆ ਜਾਂਦੀ। ਸੌ ਵੀ ਨਹੀਂ ਕਿਹਾ ਮਹਾਰਾਜ ਨੇ, ਬਹੁਤੇ ਯੁੱਗ ਕਿਹਾ ਹੈ।

*ਉਤਮ ਜਨਮ ਦੁਲੰਭੁ ਹੈ ਇਕ ਵਾਕੀ ਕੋੜਮਾ ਵੀਚਾਰੀ।*
*ਭਾਈ ਗੁਰਦਾਸ ਜੀ*

ਇਹਦੇ 'ਚ ਮਾਨਸ ਜਨਮ ਹੋ ਗਿਆ। ਇਸ ਮਾਨਸ ਜਨਮ ਵਿਚ ਕੀ ਵਧੀਆ ਹੈ? ਹੁਣ ਛਾਂਟਾ-ਛਾਂਟੀ ਹੁੰਦੀ ਹੈ, ਉਹ ਕਹਿੰਦੇ ਕਿਸੇ ਐਸੇ ਘਰ ਵਿਚ ਜਨਮ ਹੋਵੇ ਜਿਥੇ ਸੱਚ ਬੋਲਦੇ ਹੋਣ, ਝੂਠ ਬੋਲਣ ਵਾਲਾ ਕੋੜਮਾ ਨਾ ਹੋਵੇ। ਮਨੁੱਖ ਤਾਂ ਬਣ ਗਏ, ਝੂਠਿਆਂ ਦੇ ਘਰ ਜਨਮ ਲੈ ਲਿਆ, ਆਪ ਵੀ ਝੂਠ ਬੋਲਣ ਲਗ ਜਾਣ। ਸਾਰਾ ਕੋੜਮਾ ਇਕ ਗੱਲ ਕਰਨ ਵਾਲਾ ਹੋਵੇ, ਸੱਚ ਬੋਲਣ ਵਾਲਾ ਹੋਵੇ। ਦੂਜੀ ਦੁਰਲੱਭ ਚੀਜ਼ ਕੀ ਹੈ –

*ਦੇਹਿ ਅਰੋਗ ਦੁਲੰਭੁ ਹੈ ਭਾਗਠੁ ਮਾਤ ਪਿਤਾ ਹਿਤਕਾਰੀ।*
*ਭਾਈ ਗੁਰਦਾਸ ਜੀ*

ਫੇਰ ਦੇਹ ਮਿਲ ਜਾਵੇ ਵਧੀਆ, ਫੇਰ ਤਾਂ

ਕਿਸਮਤ ਜਾਗੀ ਹੋਈ ਹੈ। ਮਾਂ ਪਿਉ ਇਹੋ ਜਿਹੇ ਮਿਲ ਜਾਣ ਜਿਹੜੇ ਪਿਆਰ ਕਰਕੇ ਪ੍ਰਮੇਸ਼ਰ ਵਲ ਲਾਉਣ। ਪੁੱਠੇ ਕੰਮਾਂ ਵਿਚ ਨਾ ਲਾਉਣ। ਮਾਂ ਪਿਉ ਤਾਂ ਕੋਈ ਵੀ ਨਹੀਂ ਲਾਉਂਦਾ ਸਿੱਧੇ ਰਸਤੇ। ਸਾਡੇ ਕੋਲ ਆ ਜਾਂਦੇ ਨੇ, ਮੈਂ ਕਿਹਾ, ਤੁਸੀਂ ਸੰਤਾ ਕੋਲ ਆਉਂਦੇ ਹੋਂ, ਕਹਿੰਦੇ ਹੋਂ ਕਿ ਆਹ ਕੰਮ ਕਰ ਦਿਓ, ਆਹ ਕਰ ਦਿਓ। ਜਦੋਂ ਇਹ ਸੰਤ ਬਣਨ ਲਗਦੈ ਫੇਰ ਕਹਿੰਦੇ ਹੋਂ, ਨਾ-ਨਾ ਸਾਨੂੰ ਕਮਾ ਕੇ ਖਿਲਾਈਂ। ਫੇਰ ਤਾਂ ਖੁਦਗਰਜ਼ ਹੋਏ। ਇਹ ਤਾਂ ਨਹੀਂ ਦੇਖਦੇ ਕਿ ਇਹਦਾ ਭਲਾ ਹੋ ਜਾਏ। ਮਾਨਸ ਜਨਮ ਮਸਾਂ ਇਹਨੂੰ ਮਿਲਿਆ ਹੈ। ਕੋਈ-ਕੋਈ ਮਾਂ ਹੈ ਜਿਹੜੀ ਇਹ ਗੱਲ ਕਹਿੰਦੀ ਹੈ। ਸਾਡੇ ਆਹ ਜਸਵੀਰ ਸਿੰਘ ਬੈਠਾ ਹੈ, ਇਹਦੇ ਮਾਤਾ ਪਿਤਾ ਕਹਿੰਦੇ ਨੇ ਕਿ ਜੇ ਬਣਨਾ ਹੈ ਤਾਂ ਸੰਤ ਬਣੀ, ਨਹੀਂ ਤਾਂ ਘਰ ਨੂੰ ਆ ਜਾ ਚੁੱਪ ਕਰਕੇ। ਹੋਰ ਤਾਂ ਕੋਈ ਕਹਿੰਦਾ ਨਹੀਂ। ਂ ਤਾਂ ਕੋਈਓ ਕਹਿੰਦੀ ਹੈ। ਥੋੜ੍ਹੀਆਂ ਮਾਵਾਂ ਕਹਿੰਦੀਆਂ ਨੇ ਕਿ ਜਾਹ ਪੁੱਤਰ ਆਪਣਾ ਜਨਮ ਸਫਲਾ ਕਰ ਲੈ। ਨਹੀਂ ਤਾਂ ਮਾਂ ਕਹੇਗੀ ਨੌਕਰੀ ਕਰ, ਚਾਕਰੀ ਕਰ, ਕਦੇ ਨਹੀਂ ਟੋਕੇਗੀ ਕਿ ਤੂ ਰਿਸ਼ਵਤ ਵਾਲੇ ਪੈਸੇ ਕਿਉਂ ਲੈ ਕੇ ਆਇਐਂ? ਕਦੇ ਨਹੀਂ ਕਹੇਗੀ ਕਿ ਤੂੰ ਮਿਲਾਵਟ ਵਾਲੇ ਪੈਸੇ ਲਿਆਇਐਂ, ਮੈਂ ਨਹੀਂ ਖਾਣਾ ਇਹਦੇ ਵਿਚੋਂ, ਮੈਨੂ ਨਰਕਾਂ 'ਚ ਸੁਟੇਂਗਾ। ਕਿਉਂਕਿ ਉਹਦਾ ਸਬੰਧ ਹੀ ਇਸ ਤਰ੍ਹਾਂ ਹੈ। ਕਹਿੰਦੇ, ਫੇਰ ਦੁਰਲੱਭ ਉਹ ਹੈ ਜਿਹੜੇ ਮਾਂ ਪਿਉ - 'ਭਾਗਠੁ ਮਾਤ ਪਿਤਾ ਹਿਤਕਾਰੀ।' ਭਾਗਾਂ ਵਾਲੇ ਮਾਂ-ਪਿਉ ਹੋਣ, ਪੈਸਾ ਟਕਾ ਵੀ ਉਹਨਾਂ ਕੋਲ ਹੋਵੇ, ਮਕਾਨ ਵੀ ਬਣੇ ਹੋਣ ਤੇ ਪਿਆਰ ਵੀ ਕਰਦੇ ਹੋਣ ਤੇ ਸਿੱਧੇ ਰਸਤੇ ਪਾਉਂਦੇ ਹੋਣ -

*ਸਾਧੂ ਸੰਗਿ ਦੁਲੰਭੁ ਹੈ ਗੁਰਮੁਖਿ ਸੁਖਫਲ ਭਗਤਿ ਪਿਆਰੀ।*
*ਫਾਥਾ ਮਾਇਆ ਮਹਾਂ ਜਾਲ ਪੰਜ ਦੂਤ ਜਮ ਕਾਲ ਸੁ ਭਾਰੀ।*
*ਭਾਈ ਗੁਰਦਾਸ ਜੀ*

ਕਿਉਂਕਿ ਫੇਰ ਇਹ ਫਸ ਜਾਂਦਾ ਹੈ ਗਲਤ ਥਾਂ 'ਤੇ ਆ ਕੇ, ਪੰਜਾਂ ਚੋਰਾਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਅੰਦਰ।

*ਜਿਉ ਕਰਿ ਸਹਾ ਵਹੀਰ ਵਿਚਿ*
*ਪਰ ਹਥ ਪਾਸਾ ਪਉਛਕਿ ਸਾਰੀ।* *ਭਾਈ ਗੁਰਦਾਸ ਜੀ*

ਕਹਿੰਦੇ, ਜਿਸ ਤਰ੍ਹਾਂ ਦੇ ਨਾਲ ਸਾਹਾ ਫਸ ਜਾਂਦਾ ਹੈ ਭੀੜ ਵਿਚ ਆ ਕੇ, ਨਿਕਲ ਨਹੀਂ ਹੁੰਦਾ, ਫੇਰ ਦੁਖੀ ਹੁੰਦੈ, ਇਵੇਂ ਜਿਵੇਂ ਜਿਹੜਾ ਪਰਾਏ ਹੱਥ ਪਾਸਾ ਖੇਲ੍ਹਦਾ ਹੈ ਉਹ ਵੀ ਕਹਿੰਦੇ ਹਾਰ ਜਾਇਆ ਕਰਦੈ, ਜਿੱਤਿਆ ਨਹੀਂ ਕਰਦਾ।

*ਦੂਜੈ ਭਾਇ ਕੁਦਾਇਅੜ ਜਮ ਜੰਦਾਰੁ ਸਾਰ ਸਿਰ ਮਾਰੀ।*
*ਭਾਈ ਗੁਰਦਾਸ ਜੀ*

ਜਦੋਂ ਦਵੈਤ ਵਿਚ ਰਹਿੰਦਾ ਹੈ, ਫੇਰ ਕਹਿੰਦੇ ਇਹਦੇ 'ਚ ਕੁਦਾਇੜ ਹੋ ਜਾਂਦੈ। ਗਲਤ ਹੋ ਜਾਂਦੈ। ਜਮ ਜੰਦਾਰ ਜਿਹੜੇ ਨੇ ਫੇਰ ਡੰਡਾ ਸਿਰ ਵਿਚ ਆ ਕੇ ਮਾਰਦੇ ਨੇ।

*ਆਵੈ ਜਾਇ ਭਵਾਈਐ ਭਵਜਲੁ ਅੰਦਰਿ ਹੋਇ ਖੁਆਰੀ।*
*ਭਾਈ ਗੁਰਦਾਸ ਜੀ*

ਫੇਰ ਕੀ ਹੁੰਦੈ? ਕਹਿੰਦੇ, ਆਉਂਦਾ-ਜਾਂਦੈ, ਭਵਜਲ ਦੇ ਅੰਦਰ ਗੇੜੇ ਖਾਂਦਾ ਫਿਰਦਾ ਹੈ।

*ਹਾਰੈ ਜਨਮ ਅਮੋਲ ਜੁਆਰੀ॥* *ਭਾਈ ਗੁਰਦਾਸ ਜੀ*

ਐਡਾ ਅਮੋਲਕ ਜਨਮ ਮਿਲਿਆ ਫੇਰ ਜੁਆਰੀਆ ਹਾਰ ਕੇ ਚਲਿਆ ਗਿਆ। ਸੋ ਇਸ ਤਰ੍ਹਾਂ ਨਾਲ ਮਹਾਰਾਜ ਬਾਰ-ਬਾਰ ਸਮਝਾਉਂਦੇ ਨੇ ਕਿ ਪ੍ਰੇਮੀਓਂ! ਇਕ ਗੱਲ ਤੁਹਾਨੂੰ ਦਸ ਦਿੰਦੇ ਹਾਂ ਕਿ ਇਥੇ ਤੂੰ ਨਾਮ ਜਪਣ ਵਾਸਤੇ ਆਇਆ ਹੈਂ -

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥* *ਅੰਗ - ੪੫੦*

ਕਈਆਂ ਦੇ ਮਨ 'ਚ ਹੋ ਜਾਂਦੈ ਕਿ ਫੇਰ ਨਾਮ ਦੀ ਦੁਕਾਨ ਕੋਈ ਹੈਗੀ, ਜਿਥੋਂ ਮਿਲ ਜਾਂਦੈ? ਮਹਾਰਾਜ ਕਹਿੰਦੇ, ਹੈਗੀ ਤਾਂ ਸਹੀ -

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥* *ਅੰਗ - ੨੮੩*

ਪਰ ਉਥੇ ਮੁੱਲ ਦੇਣਾ ਪੈਣੈ। ਕਿਹੜਾ? ਕਹਿੰਦੇ ਆਪਣੇ ਆਪ ਨੂੰ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ - ੧੧੦੨*

ਆਹ ਜਿਹੜਾ ਮੈਂ ਬਣਿਆ ਫਿਰਦਾ ਹੈ, ਮੈਂ ਵੱਡਾ-ਮੈਂ ਵੱਡਾ। ਇਹਨੂੰ ਤੈਨੂੰ ਮਾਰਨਾ ਪੈਣੈ। ਫੇਰ ਸਾਰਿਆਂ ਦੇ ਚਰਨਾਂ ਦਾ ਦਾਸ ਬਣਨਾ ਪੈਣੈ। ਇਕ ਗੱਲ ਕਹਿਣੀ ਪੈਣੀ ਹੈ, ਇਕ ਲਾਈਨ ਖਿੱਚੀ ਹੋਈ ਹੈ ਗੁਰੂ ਨੇ। ਉਸ ਲਾਈਨ 'ਤੇ ਖੜ੍ਹਨਾ ਪੈਣਾ ਹੈ, ਸੱਚੇ ਦਿਲ ਨਾਲ। ਕਿਹੜੀ ਲਾਈਨ ਹੈ ਉਹ -

*ਹਮ ਨਹੀ ਚੰਗੇ ਬੁਰਾ ਨਹੀ ਕੋਇ ॥* *ਅੰਗ - ੭੨੮*

ਆਹ ਲਾਈਨ ਖਿੱਚੀ ਹੋਈ ਹੈ -

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥*
*ਅੰਗ - ੧੩੬੪*

ਬੁਝਦੈ ਕੋਈ ਕਿ ਮੈਂ ਮਾੜਾ ਹਾਂ? ਅਸੀਂ ਤਾਂ ਉਲਟਾ ਬੁਝਿਐ ਕਿ ਮੈਂ ਚੰਗਾ ਹਾਂ, ਲੋਕ ਬੜੇ ਮਾੜੇ ਨੇ। ਮੈਨੂੰ ਕਈ ਪ੍ਰੇਮੀ ਮਿਲਣਗੇ। ਦੂਜਿਆਂ ਦੇ ਨੁਕਸ ਕੱਢਦੇ ਨੇ। ਇਹ ਤਾਂ ਇਸ ਕਰਦਾ ਹੈ ਜੀ, ਫਲਾਣਾ ਤਾਂ ਇਸ ਤਰ੍ਹਾਂ ਕਰਦਾ ਹੈ ਜੀ। ਮੈਂ ਕਿਹਾ, ਆਪਣੇ ਆਪ ਨੂੰ ਕਹਿ ਲਿਆ ਕਰੋ। ਪ੍ਰਬੰਧਕ ਗੱਲਾਂ ਹੋਰ ਹੁੰਦੀਆਂ ਨੇ, ਅੰਦਰੋਂ ਗੱਲ ਹੋਰ ਹੁੰਦੀ ਹੈ। ਅੰਦਰੋਂ ਇਹ ਰੱਖੋ ਕਿ ਮੈਂ ਹੀ ਸਾਰਿਆਂ ਨਾਲੋਂ ਕਮਜ਼ੋਰ। ਇਹ ਤਾਂ ਸਾਰੇ ਬੰਦਗੀ ਕਰਦੇ ਨੇ। ਸਾਰਿਆਂ ਦੀ ਬਿਰਤੀ ਲਗਦੀ ਹੈ। ਸਾਰੇ ਭਜਨ ਕਰਦੇ ਨੇ, ਸਾਰੇ ਦਾਨ ਕਰਦੇ ਨੇ। ਸਾਰੇ ਸੇਵਾ ਕਰਦੇ ਨੇ। ਜੇ ਨਹੀਂ ਕਰਦਾ ਤਾਂ ਮੈਂ ਹੀ ਨਹੀਂ ਕਰਦਾ। ਕਹਿੰਦੇ, ਜਦੋਂ ਇਹੋ ਜਿਹੀ ਗੱਲ ਬੁੱਝ ਲਏਂਗਾ, ਸੱਚੇ ਦਿਲ ਨਾਲ। ਫੇਰ ਤੈਨੂੰ ਇਹ ਚੀਜ਼ ਪ੍ਰਾਪਤ ਹੋ ਜਾਏਗੀ। ਫੇਰ ਤੈਨੂੰ ਸੋਝੀ ਆ ਜਾਏਗੀ। ਮਹਾਰਾਜ ਕਹਿੰਦੇ, ਸੋ ਉਹ ਚੀਜ਼ ਮਿਲਦੀ ਹੈ – ***'ਜਿਸੁ ਵਖਰ ਕਉ ਲੈਨਿ ਤੂ ਆਇਆ ॥ ਰਾਮ ਨਾਮੁ ਸੰਤਨ ਘਰਿ ਪਾਇਆ॥*** '

ਤੇ ਮੁੱਲ ਕੀ ਹੈ –

*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥* *ਅੰਗ – ੨੮੩*

ਮੈਂ ਛੱਡ ਦੇ, ਆਪਾ ਗਵਾ ਦੇ ਤੇ ਫੇਰ ਇਹ ਮੁੱਲ ਲੈ ਲੈ ਤੇ ਨਾਮ ਤੋਂ ਬਗੈਰ ਕੰਮ ਨਹੀਂ ਬਣਨਾ–

*ਲਾਦਿ ਖੇਪ ਸੰਤਹ ਸੰਗਿ ਚਾਲੁ ॥* *ਅੰਗ – ੨੮੩*

ਫੇਰ ਤੂੰ ਬੰਦਗੀ ਕਰਨ ਵਾਲਿਆ ਦੀ ਸੁਸਾਇਟੀ 'ਚ ਰਹੀਂ। ਮਨਮੁਖਾਂ ਦੀ ਸੁਸਾਇਟੀ ਨਾ ਕਰੀ। ਕਿਉਂਕਿ ਮਨਮੁਖਾਂ ਦੀ ਸੁਸਾਇਟੀ ਦੁਖ ਮਿਲੇਗਾ –

*ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ ॥*
*ਅੰਗ – ੧੪੨੧*

ਕਹਿੰਦੇ, ਮਿੱਤਰਾਂ! My dear friend! ਤੂੰ ਕਹਿੰਦਾ ਹੈਂ ਤੂੰ ਸੁਖੀ ਨਹੀਂ। ਤੂੰ ਸੁਖ ਦੀ ਤਾਂ ਗੱਲ ਹੀ ਨਹੀਂ ਕਰ ਸਕਦਾ ਕਿਉਂਕਿ ਤੇਰੀ ਸਾਰੀ ਸੁਸਾਇਟੀ ਮਨਮੁਖਾਂ ਦੀ ਹੈ। ਸ਼ਰਾਬਾਂ ਪੀਣੀਆਂ, ਕਿਤੇ ਚੋਰੀ ਕਰ ਲਈ, ਕਿਤੇ ਡਾਕਾ ਮਾਰ ਲਿਆ, ਨਾਲ ਫਸਦੈ ਫੇਰ ਬੰਦਾ। ਕਰਕੇ ਦੇਖ ਲਓ। ਕਹਿੰਦੇ ਨੇ–

*ਅਗਰ ਆਗ ਕੇ ਪਾਸ ਬੈਠੋਗੇ ਜਾਕਰ।*
*ਇਕ ਦਿਨ ਉਠੋਗੇ ਕਪੜੇ ਜਲਾ ਕਰ।*

*ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥*
*ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥*
*ਅੰਗ – ੧੩੭੧*

ਸੋ ਕੁਸੰਗ ਮਾੜੀ ਚੀਜ਼ ਹੋਇਆ ਕਰਦੀ ਹੈ। ਸੰਤਾਂ ਦੀ ਸੰਗਤ ਕਰ ਜੇ ਨਾਮ ਦਾ ਤੋਸਾ ਜਮ੍ਹਾਂ ਕਰਨਾ ਹੈ। ਨਹੀਂ ਤਾਂ ਨਹੀਂ ਇਹ ਜਮ੍ਹਾਂ ਹੋਇਆ ਕਰਦਾ –

*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥* *ਅੰਗ – ੨੮੩*

ਜ਼ਹਿਰੀਲੇ ਜੰਜਾਲ ਜਿਹੜੇ ਤੂੰ ਪਾਈਂ ਫਿਰਦੈਂ, ਇਨ੍ਹਾਂ ਨੂੰ ਛੱਡ ਦੇ। ਜਦੋਂ ਕਿਤੇ ਛੱਡ ਦੇਵੇਂਗਾ ਫੇਰ ਸੰਸਾਰ 'ਚ ਵੀ ਤੇਰੀ ਧੰਨ–ਧੰਨ। ਜਦੋਂ ਇਥੋਂ ਜਾਏਂਗਾ ਉਥੇ ਵੀ ਧੰਨ–ਧੰਨ –

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥* *ਅੰਗ – ੨੮੩*

ਦਰਗਾਹ 'ਚ ਤੇਰੀਆਂ ਸੋਹਾਂ ਖਿੰਡ ਜਾਣਗੀਆਂ। ਖਬਰਾਂ ਫੈਲ ਜਾਣਗੀਆਂ –

*ਸਾਧ ਕੈ ਸੰਗਿ ਸੋਭਾ ਸੁਰਦੇਵਾ ॥* *ਅੰਗ – ੨੭੧*

ਦੇਵਤਿਆਂ ਦੇ ਲੋਕਾ ਵਿਚ ਸੋਭਾ ਹੋਣੀ ਸ਼ੁਰੂ ਹੋ ਜਾਂਦੀ ਹੈ –

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥* *ਅੰਗ – ੨੮੩*

ਦਰਗਾਹ 'ਚ ਜਾ ਕੇ ਮੁਖ ਉਜਲਾ ਹੋ ਗਿਆ। ਮਹਾਰਾਜ ਕਹਿੰਦੇ, ਐਨੀਆਂ ਗੱਲਾਂ ਅਸੀਂ ਸਮਝਾਉਂਦੇ ਹਾਂ। ਪਰ ਬਹੁਤ ਘੱਟ ਨੇ ਸਮਝਣ ਵਾਲੇ –

*ਧਾਰਨਾ – ਵਿਰਲੇ–ਵਿਰਲੇ ਨੇ ਵਪਾਰੀ,*
*ਸੱਚੇ ਨਾਮ ਦੇ।*

*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥* *ਅੰਗ – ੨੮੩*

ਸੁਣਦੇ ਸਾਰੇ ਨੇ, ਪਰ ਵਪਾਰੀ ਤਾਂ ਨਹੀਂ ਨਾ ਨਾਮ ਦੇ ਬਣਦੇ। ਕਹਿੰਦੇ, ਕੋਈ ਵਿਰਲਾ ਹੈ।

ਕਿੰਨਿਆਂ ਕੁ 'ਚੋਂ ਮਹਾਰਾਜ? ਹਜ਼ਾਰ 'ਚੋ?

ਕਹਿੰਦੇ, ਨਹੀਂ।

ਲੱਖ 'ਚੋਂ?

ਕਹਿੰਦੇ, ਨਹੀਂ।

ਮਹਾਰਾਜ ਫੇਰ ਆਪ ਦਸ ਦਿਓ।

*ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥*
*ਅੰਗ – ੧੪੨੭*

ਕਰੋੜਾਂ 'ਚ ਇਕ। ਸੋ ਵਾਰੀ ਬਲਿਹਾਰ ਜਾਂਦੇ ਹਾਂ ਉਸ ਤੋਂ। ਇਹ ਨਾਮ ਬਿਨਾਂ ਗੁਰਾ ਤੋਂ ਨਹੀਂ

ਮਿਲਦਾ -

*ਧਾਰਨਾ - ਬਿਨਾਂ ਗੁਰਾਂ ਤੋਂ ਨਾਮ ਨਾ ਮਿਲਦਾ,*
*ਕਰਕੇ ਵਿਚਾਰ ਦੇਖ ਲਓ।*

*ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥*
*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ॥*
*ਅੰਗ - ੬੪੯*

ਪੂਰੇ ਭਾਗ ਜਾਗਣ ਤਾਂ ਗੁਰੂ ਮਿਲਦੈ ਤੇ ਫੇਰ ਚਾਰ ਜੁਗਾਂ ਦਾ ਸੁਖ ਉਸੇ ਵੇਲੇ ਉਸ ਦੀ ਜ਼ਿੰਦਗੀ 'ਚ ਹੋ ਜਾਂਦੈ। ਜੇ ਬੰਦਗੀ ਕਰ ਲਏ, ਨਾਮ ਦੀ ਕਮਾਈ ਕਰ ਲਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਦਸੀਆਂ ਹੋਈਆਂ ਰਹਿਤਾਂ 'ਤੇ ਆਪਣੇ ਆਪ ਨੂੰ ਚਲਾ ਲਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਨੂੰ ਅੰਦਰ ਪ੍ਰਗਟ ਕਰ ਲਵੇ। ਫੇਰ ਇਹੀ ਮਨੁੱਖ ਜਿਹੜਾ ਭਟਕਦਾ ਫਿਰਦਾ ਹੈ, ਇਹ ਕਾਲ ਦੇ ਚੱਕਰ ਨੂੰ ਪਾਰ ਕਰਕੇ ਪ੍ਰਮੇਸ਼ਰ ਦਾ ਹੀ ਰੂਪ ਹੋ ਕੇ ਪ੍ਰਮੇਸ਼ਰ ਦੇ ਦੇਸ਼ ਵਿਚ ਹੀ ਰਹਿਣਾ ਸ਼ੁਰੂ ਦਿੰਦੈ। ਜਿਹਨੂੰ '***ਬੇਗਮ ਪੁਰਾ ਸਹਰ ਕੋ ਨਾਉ ॥***' ਕਹਿੰਦੇ ਨੇ।

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਭਾਈ ਮੰਝ ਨੇ ਸਾਰਾ ਸਤਿਸੰਗ ਸੁਣ ਲਿਆ। ਗੁਰਸਿੱਖ ਦਾ ਬੜਾ ਧੰਨਵਾਦੀ ਹੋਇਆ ਕਿ ਮੇਰੀਆਂ ਤਾਂ ਅੱਖਾਂ ਖੁਲ੍ਹ ਗਈਆਂ। ਸਾਡੀਆਂ ਨਹੀਂ ਖੁਲ੍ਹਦੀਆਂ। ਉਹ ਖੋਲ੍ਹਣ ਵਾਲਾ ਸੀ ਖੁਲ੍ਹ ਗਈਆਂ। ਸਰਵਰੀਏ ਨੂੰ ਮੰਨਦਾ ਸੀ, ਕਦੇ ਸਤਿਸੰਗ ਨਹੀਂ ਸੀ ਕਰਿਆ ਭੁੱਲ ਕੇ ਵੀ ਪਰ ਸਮਰੱਥ ਗੁਰੂ ਦੇ ਮੁਖ ਤੋਂ ਬਚਨ ਸੁਣ ਲਏ। ਗੁਰੂ ਨੇ ਸ਼ਬਦ ਦਾ ਬਾਣ ਮਾਰ ਦਿਤਾ। ਉਸੇ ਵੇਲੇ ਬੁਣ-ਉਧੇੜ 'ਚ ਹੋ ਗਿਆ। ਨਾਲਦਿਆਂ ਨੂੰ ਕਹਿਣ ਲੱਗਿਆ ਕਿ ਬਈ ਮੈਂ ਤਾਂ ਹੁਣ ਜਿਥੇ ਆਉਣਾ ਸੀ ਆ ਗਿਆ, ਜਿਥੇ ਜਾਣਾ ਸੀ ਚਲਿਆ ਗਿਆ। ਹੁਣ ਤੁਹਾਡੇ ਸੰਗ ਨੂੰ ਮੈਂ ਕੋਈ ਨਹੀਂ ਲੈ ਕੇ ਜਾਂਦਾ। ਆਹ ਚੁੱਕੋ ਆਪਣੇ ਕੱਪੜੇ ਤੇ ਆਹ ਹੈਗਾ ਲੋਹਾ, ਇਹਨੂੰ ਪੀਰ ਦੀ ਕਬਰ 'ਤੇ ਰੱਖ ਦਿਓ ਤੇ ਕਹਿ ਦਿਓ ਕਿ ਉਹ ਤਾਂ ਉਥੇ ਜੋਗਾ ਹੀ ਰਹਿ ਗਿਆ। ਸੋ ਬਥੇਰਾ ਸਮਝਾਇਆ।

ਸੋ ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ। ਇਸ ਤੋਂ ਅੱਗੇ ਫੇਰ ਵਿਚਾਰ ਹੋਏਗੀ। ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ ਭਾਈ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।

***(ਵੀਡੀਓ ਫਿਲਮ ਦੀਵਾਨ ਨੰ: 118 ਦੀ ਬਾਕੀ)***

*(ਪੰਨਾ 6 ਦੀ ਬਾਕੀ)*

ਖੇੜੇ ਵਿਚ ਵਿਚਰਦੇ ਰਹੇ। ਉਨ੍ਹਾਂ ਦਾ ਇਕੋ ਹੀ ਧੇਅ ਸੀ ਕਿ ਸਾਰੇ ਸਮਰੱਥ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਗ ਕੇ ਜੀਵਨ ਸਫਲ ਕਰ ਲੈਣ। ਜਨਮ ਮਰਨ ਦਾ ਚੱਕਰ ਸਦਾ ਲਈ ਖਤਮ ਹੋ ਕੇ ਅਮਰ ਪਦਵੀ ਨੂੰ ਪ੍ਰਾਪਤ ਕਰ ਜਾਣ। ਇਸੇ ਪ੍ਰਥਾਇ ਉਨ੍ਹਾਂ ਵਲੋਂ ਅਨੇਕਾਂ ਸਾਧਨ ਅਪਣਾਏ ਗਏ। ਧਾਰਮਿਕ ਦੀਵਾਨਾਂ ਰਾਹੀਂ ਗੁਰਮਤਿ ਦਾ ਪ੍ਰਚਾਰ, ਸੀਡੀਜ਼, ਵੀਡੀਓਜ਼ ਰਾਹੀਂ ਗੁਰਮਤਿ ਦਾ ਪ੍ਰਚਾਰ, ਸੇਵਾ ਸਿਮਰਨ ਰਾਹੀਂ, ਸਾਹਿਤਕ ਖੇਤਰ ਵਿਚ ਅਨੇਕਾਂ ਪੁਸਤਕਾਂ ਅਤੇ 'ਆਤਮ ਮਾਰਗ' ਮੈਗਜ਼ੀਨ ਰਾਹੀਂ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦਾ ਸੰਦੇਸ਼ ਘਰ-ਘਰ ਪਹੁੰਚਾਉਣ ਦੀ ਕੋਸ਼ਿਸ਼ ਕੀਤੀ। ਇਹ ਗੁਰਮਤਿ ਪ੍ਰਚਾਰ ਦੀ ਚਲਾਈ ਪਰਪਾਟੀ ਅੱਜ ਵੀ ਉਸੇ ਤਰ੍ਹਾਂ ਜਾਰੀ ਹੈ। ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸਤਿਕਾਰਯੋਗ ਸੰਤ ਬਾਬਾ ਲਖਬੀਰ ਸਿੰਘ ਜੀ ਜੋ ਉਨ੍ਹਾਂ ਵਲੋਂ ਨਿਰਖੇ ਪਰਖੇ ਹੋਏ ਹਨ, ਉਨ੍ਹਾਂ ਵਲੋਂ ਗੁਰਮਤਿ ਪ੍ਰਚਾਰ ਦੀ ਪਰਪਾਟੀ ਨੂੰ ਉਸੇ ਤਰ੍ਹਾਂ ਜਾਰੀ ਰੱਖਿਆ ਹੋਇਆ ਹੈ।

ਦੇਸ਼ ਵਿਦੇਸ਼ ਵਿਚ ਧਾਰਮਿਕ ਦੀਵਾਨਾਂ ਰਾਹੀਂ ਦਿਨ ਰਾਤ ਗੁਰਮਤਿ ਦਾ ਪ੍ਰਚਾਰ ਜਾਰੀ ਹੈ। ਸਕੂਲ, ਕਾਲਜ, ਫਰੀ ਹਸਪਤਾਲ, ਫਰੀ ਸਿਲਾਈ ਸੈਂਟਰ, ਫਰੀ ਬਿਰਧ ਆਸ਼ਰਮ 24 ਘੰਟੇ ਗੁਰੂ ਕੇ ਲੰਗਰ ਅਤੇ ਰਿਹਾਇਸ਼, ਅੱਖਾਂ ਦੇ ਫਰੀ ਅਪ੍ਰੇਸ਼ਨ ਕੈਂਪ ਕੁਦਰਤੀ ਆਫ਼ਤਾਂ ਵਿਚ ਲੋੜਵੰਦਾਂ ਦੀ ਸਹਾਇਤਾ ਅਨੇਕਾਂ ਕਾਰਜ ਉਸ ਪਰਪਾਟੀ ਦਾ ਭਾਗ ਹਨ। ਕ੍ਰਿਪਾ ਸਮਰੱਥ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੈ। ਸਹਿਯੋਗ ਸਮੂੰਹ ਟਰੱਸਟ ਮੈਂਬਰਾਂ ਅਤੇ ਸਮੂੰਹ ਸੰਗਤਾਂ ਦਾ ਹੈ। ਬਚਨਾਂ ਦੀ ਬਖਸ਼ਿਸ਼ ਪਿਆਰੇ ਮਹਾਂਪੁਰਸ਼ਾਂ ਦੀ ਹੈ। ਗੁਰੂ ਕ੍ਰਿਪਾ ਕਰਕੇ ਇਹ ਗੁਰਮਤਿ ਦੇ ਪ੍ਰਚਾਰ ਦੀ ਪਰਪਾਟੀ ਇਸੇ ਤਰ੍ਹਾਂ ਇਸ ਪਾਵਨ ਪਰਉਪਕਾਰ ਦੇ ਕੇਂਦਰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਤੋਂ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਵਿਚ ਅੱਗੇ ਵਧਦੀ ਜਾਵੇ -

*ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥*
*ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥* *ਅੰਗ - ੨੯੩*

ਭੁੱਲਾਂ ਲਈ ਮਾਫੀ।

# ਚਉਥੈ ਪਹਰਿ ਸਬਾਹ ਕੈ
# ਸੁਰਤਿਆ ਉਪਜੈ ਚਾਉ

## ਤਿਨ ਦਰੀਆਾਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥

**(ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)**

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਗੁਰੂ ਮਹਾਰਾਜ ਜੀ ਦਾ ਹੁਕਮ ਸਾਰਿਆਂ ਨੇ ਸਰਵਣ ਕੀਤਾ। ਫੁਰਮਾਨ ਹੋਇਆ ਹੈ ਕਿ ਵਾਹਿਗੁਰੂ ਜੀ ਨੇ ਆਸਰਾ ਦੇ ਦਿਤਾ। ਓਸ ਆਸਰੇ ਨੇ ਦੁੱਖਾਂ ਦਾ, ਚਿੰਤਾਵਾਂ ਦਾ, ਰੋਗਾਂ ਦਾ, ਜੋ ਡੇਰਾ ਲਾਇਆ ਹੋਇਆ ਸੀ - ਸਾਡੇ ਅੰਦਰ, ਓਸ ਨੂੰ ਅੰਦਰੋਂ ਹੂੰਝ ਕੇ ਕੱਢ ਦਿਤਾ। ਜਿਵੇਂ ਕੋਈ ਚੀਜ਼ ਭੰਨ ਦਿਤੀ ਜਾਂਦੀ ਹੈ, ਏਸ ਤਰ੍ਹਾਂ ਦੇ ਨਾਲ ਭੰਨ ਕੇ ਟੁਕੜੇ-ਟੁਕੜੇ ਕਰਕੇ ਓਸ ਨੂੰ ਬਾਹਰ ਕੱਢ ਦਿਤਾ। ਜਦੋਂ ਦੁੱਖ ਤੇ ਰੋਗ ਦਾ ਖਾਤਮਾ ਹੋ ਗਿਆ ਤੇ ਪ੍ਰਮੇਸ਼ਰ ਦਾ ਆਸਰਾ ਚਿਤ 'ਚ ਵਸ ਗਿਆ, ਓਸ ਵੇਲੇ ਖੁਸ਼ੀਆਂ ਹੀ ਖੁਸ਼ੀਆਂ ਪਰਿਵਾਰ ਵਿਚ, ਹਰ ਥਾਂ ਦੇ ਉਤੇ ਖੁਸ਼ੀਆਂ ਦੀ ਵਰਖਾ ਹੋਣ ਲਗ ਜਾਇਆ ਕਰਦੀ ਹੈ। ਸੋ ਮਹਾਰਾਜ ਜੀ ਇਹ ਕਹਿੰਦੇ ਨੇ ਕਿ ਜੋ ਅਸੀਂ ਬਚਨ ਕਿਹਾ ਹੈ ਇਹ ਧੁਰ ਦਰਗਾਹ ਤੋਂ ਆਇਆ ਹੋਇਆ, ਆਪ ਨੂੰ ਪ੍ਰਗਟ ਕੀਤਾ ਹੈ, ਜਿਸ ਨੇ ਸਾਰੀਆਂ ਹੀ ਚਿੰਤਾਵਾਂ ਦਾ ਨਾਸ਼ ਕਰਨਾ ਹੈ। ਇਹ ਬਾਣੀ ਜੋ ਹੈ ਇਹ ਸਾਰੀਆਂ ਹੀ ਚਿੰਤਾਵਾਂ ਦਾ ਨਾਸ਼ ਕਰਦੀ ਹੈ। ਸੋ ਆਪ ਨੇ ਅੱਜ ਗੁਰੂ ਮਹਾਰਾਜ ਜੀ ਦਾ ਜਸ ਸ੍ਰੀ ਆਸਾ ਜੀ ਕੀ ਵਾਰ ਦੇ ਰੂਪ ਦੇ ਅੰਦਰ ਕੀਤਾ ਅਤੇ ਜਿਸ ਸਬੰਧ ਦੇ ਅੰਦਰ ਐਥੇ ਸਮਾਗਮ ਹੋਇਆ, ਬੱਚੇ ਦਾ ਜਨਮ ਦਿਨ ਹੈ, ਕਾਮਨਾ ਕੀਤੀ ਗਈ ਹੈ, ਅਰਦਾਸ ਕੀਤੀ ਗਈ ਹੈ - ਚੜ੍ਹਦੀ ਕਲਾ ਵਾਸਤੇ। ਗੁਰੂ ਮਹਾਰਾਜ ਜੀ ਦਾ ਫੁਰਮਾਨ ਵੀ ਦੁਖਾਂ ਤੇ ਰੋਗਾਂ ਦੇ ਖਾਤਮੇ ਦਾ ਹੋਇਆ ਹੈ।

ਸੋ ਜਨਮ ਦਿਨ ਮਨਾਉਣੇ ਸੰਸਾਰ ਦੇ ਅੰਦਰ ਹਰ ਥਾਂ ਉਤੇ ਹਨ। ਪੱਛਮੀ ਦੇਸ਼ਾਂ ਅਮਰੀਕਾ ਆਦਿ ਵਿਚ ਬੱਚੇ ਬੜੇ ਸੁਚੇਤ ਨੇ। ਪਹਿਲਾਂ ਹੀ ਆਪਣੇ ਸਾਰਿਆਂ ਨੂੰ, ਮਾਂ ਬਾਪ ਨੂੰ, ਰਿਸ਼ਤੇਦਾਰਾਂ ਨੂੰ, ਬਾਰ-ਬਾਰ ਕਹਿੰਦੇ ਹਨ ਕਿ ਮੇਰਾ ਜਨਮ ਦਿਨ ਫਲਾਣੀ ਤਰੀਕ ਨੂੰ ਆ ਰਿਹਾ ਹੈ। ਉਸ ਦਿਨ ਕੀ ਕਰੋਂਗੇ ਤੁਸੀਂ? ਕਿਸ ਤਰ੍ਹਾਂ ਮਨਾਓਂਗੇ? ਬਹੁਤ ਸਾਰੇ ਬੱਚੇ ਆਪਣੇ ਨਾਲ ਦੇ ਬੱਚਿਆਂ ਨੂੰ ਬੁਲਾ ਕੇ ਕੇਕ ਕਟਦੇ ਹਨ ਤੇ ਬੜਾ ਅਨੰਦ ਮਾਣਦੇ ਹਨ। ਓਹਦੇ 'ਚ ਵੱਡੇ ਨਹੀਂ ਹੁੰਦੇ, ਛੋਟੇ ਹੀ ਹੋਇਆ ਕਰਦੇ ਨੇ ਸਾਰੇ। ਬੱਚੇ ਆਪਣੇ ਜਨਮ ਦਿਨ ਸੁਤੰਤਰ ਤੌਰ 'ਤੇ ਮਨਾਉਂਦੇ ਨੇ। ਕਈ ਥਾਵਾਂ ਤੇ ਪਰਿਵਾਰ ਵੱਡੇ-ਵੱਡੇ ਹੋਟਲ ਬੁੱਕ ਕਰਦੇ ਨੇ। ਹਜ਼ਾਰਾਂ ਰੁਪਿਆ ਖਰਚ ਕਰਕੇ ਉਨ੍ਹਾਂ ਲੋਕਾਂ ਨੂੰ ਬੁਲਾਉਂਦੇ ਨੇ ਜਿਨ੍ਹਾਂ ਨੂੰ ਹੋਰ ਕਿਸੇ ਤਰੀਕੇ ਨਾਲ ਤਾਂ ਬੁਲਾਇਆ ਨਹੀਂ ਜਾ ਸਕਦਾ। ਸੰਪਰਕ (contacts) ਪੈਦਾ ਨਹੀਂ ਕੀਤੇ ਜਾ ਸਕਦੇ। ਇਕ ਤਰ੍ਹਾਂ ਦੇ ਨਾਲ, ਇਸ ਤਰ੍ਹਾਂ ਕਰਕੇ ਉਨ੍ਹਾਂ ਦਾ ਮੇਲ ਜੋਲ ਵਧ ਜਾਇਆ ਕਰਦਾ ਹੈ। ਕਾਫੀ ਦੇਰ ਤੱਕ ਜੋ ਸਬੰਧ ਨੇ ਹੋਰ ਸੰਘਣੇ ਹੋ ਜਾਂਦੇ ਨੇ, ਪਰਿਵਾਰਾਂ ਦੇ ਨਾਲ ਬੱਚੇ ਆਉਂਦੇ ਨੇ। ਬੱਚੇ ਆ ਕੇ ਇਕ ਦੂਜੇ ਨਾਲ ਘੁਲਦੇ-ਮਿਲਦੇ ਨੇ। ਸੋ ਸਮਾਗਮ (function) ਹੁੰਦੇ ਨੇ, ਉਸ ਤੋਂ ਬਾਅਦ ਖਾ ਪੀ ਕੇ ਘਰਾਂ ਨੂੰ ਚਲੇ ਜਾਂਦੇ ਨੇ। ਜਨਮ ਦਿਨ ਖੁਸ਼ੀਆਂ ਭਰਪੂਰ ਹੋਵੇ (Happy birthday to you.) ਦੀ ਧੁਨ ਲਾਈ ਜਾਂਦੀ ਹੈ, ਕਾਮਨਾ ਕੀਤੀ ਜਾਂਦੀ ਹੈ।

ਇਸੇ ਤਰ੍ਹਾਂ ਦੇ ਨਾਲ ਬੱਚਿਆਂ ਦੇ ਜਨਮ ਦਿਨ ਅਨੇਕਾਂ ਤਰੀਕਿਆਂ ਦੇ ਨਾਲ ਮਨਾਏ ਜਾਦੇ ਨੇ ਕਿਉਂਕਿ ਹਰ ਗੱਲ ਦੇ ਪਿੱਛੇ ਕੋਈ ਨਾ ਕੋਈ ਭੇਦ, ਭਾਵ ਹੋਇਆ ਕਰਦਾ ਹੈ। ਲੇਕਿਨ ਗੁਰੂ ਘਰ ਦੇ ਅੰਦਰ ਜੋ ਸਾਰਿਆਂ ਨਾਲੋਂ ਸੁਖਾਲਾ ਤਰੀਕਾ ਦੱਸਿਆ ਹੈ, ਉਹ ਇਹ ਹੈ ਕਿ ਪਹਿਲਾਂ ਬੱਚੇ ਦੇ ਜਨਮ ਤੋਂ ਉਡੀਕ ਕੀਤੀ ਜਾਂਦੀ ਹੈ, ਸੋਝੀਵਾਨ ਬੰਦੇ ਏਸ ਗੱਲ ਦੇ ਵਿਚ ਬੜੀ ਖੁਸ਼ੀ ਮਹਿਸੂਸ ਕਰਦੇ ਨੇ ਕਿ 83 ਲੱਖ 99 ਹਜ਼ਾਰ, 999 ਜੂਨਾਂ ਲੰਘਣ ਤੋਂ ਬਾਅਦ ਇਕ ਰੂਹ ਮਨੁੱਖ ਜਾਮੇ 'ਚ ਆ ਰਹੀ ਹੈ ਜਿਸ ਨਾਲ ਸਾਡਾ ਪਿਛਲਾ ਸਬੰਧ ਸੀ ਜਾਂ ਨਹੀਂ ਸੀ, ਏਸ ਗੱਲ ਨੂੰ ਜਾਨਣਾ ਬਹੁਤ ਮੁਸ਼ਕਲ ਹੋਇਆ ਕਰਦਾ ਹੈ, ਲੇਕਿਨ ਇਹ ਸਾਰੀ ਕ੍ਰਿਆ ਜਿੰਨੀ ਚਲ ਰਹੀ ਹੈ ਸੰਜੋਗ ਤੇ ਵਿਜੋਗ ਦੀਆਂ ਦੋ ਸ਼ਕਤੀਆਂ ਕੰਮ ਕਰ ਰਹੀਆਂ ਹਨ ਤੇ ਕਰਮ ਦਾ ਜਾਲ ਵਿਛਿਆ ਹੋਇਆ ਹੈ। ਓਸ

ਜਾਲ ਦੇ ਮੁਤਾਬਿਕ ਕੁਛ ਲੈਣ ਵਾਲੇ ਕੁਛ ਦੇਣ ਵਾਲੇ ਜੀਵ ਆਪਸ ਵਿਚ ਮਿਲ-ਮਿਲ ਕੇ, ਵਿਛੜ-ਵਿਛੜ ਕੇ, ਫੇਰ ਮਿਲ ਜਾਇਆ ਕਰਦੇ ਨੇ। ਪਿਉ ਪੁੱਤ ਬਣ ਜਾਂਦਾ ਹੈ, ਪੁੱਤ ਪਿਉ ਬਣ ਜਾਂਦਾ ਹੈ, ਕਿਤੇ ਦਾਦਾ ਬਣ ਜਾਂਦਾ ਹੈ, ਕਿਤੇ ਪੜਦਾਦਾ, ਕਿਤੇ ਪੋਤਾ ਬਣ ਜਾਂਦਾ ਹੈ। ਇਸ ਸੰਸਾਰ ਦੇ ਅੰਦਰ ਇਕ ਅਨੰਤ ਕਾਲ ਤੋਂ ਰੌ ਬਹਿ ਰਹੀ ਹੈ ਤੇ ਇਹਦੇ ਮੇਲ ਜੋਲ ਦੇ ਨਾਲ ਸੰਸਾਰ ਦਾ ਕੰਮ ਚਲ ਰਿਹਾ ਹੈ। ਪਿਆਰ ਵਧ ਰਹੇ ਨੇ, ਹਿਤ ਵਧ ਰਹੇ ਨੇ। ਉਨ੍ਹਾਂ ਹਿਤਾਂ ਕਰਕੇ ਸੰਸਾਰ ਦਾ ਨਿੱਘਾਪਣ, ਸੁਸਾਇਟੀ ਦਾ ਕੰਮ ਚਲਦਾ ਰਹਿੰਦਾ ਹੈ। ਲੇਕਿਨ ਜੋ ਏਸ ਤੋਂ ਵੀ ਸੋਝੀਵਾਨ ਬੰਦੇ ਨੇ, ਉਨ੍ਹਾਂ ਦੇ ਮਨ ਵਿਚ ਜਦੋਂ ਇਹ ਖਿਆਲ ਆਉਂਦਾ ਹੈ ਕਿ ਜੀਵ ਆ ਰਿਹਾ ਹੈ, ਕੋਈ ਜੀਵ ਆਤਮਾ ਸਾਡੇ ਘਰ ਵਿਚ ਪ੍ਰਵੇਸ਼ ਕਰ ਰਹੀ ਹੈ, ਓਸ ਵੇਲੇ ਉਨ੍ਹਾਂ ਦੀਆਂ ਕੁਝ ਡਿਊਟੀਆਂ ਬਣ ਜਾਂਦੀਆਂ ਹਨ। ਸੁਚੇਤ ਬੰਦਿਆਂ ਦੀਆਂ ਹੋਰ ਹੁੰਦੀਆਂ ਨੇ, ਜੋ ਹਿਤ ਦੇ ਹੇਠ ਰਹਿਣ ਵਾਲੇ ਨੇ, ਉਨ੍ਹਾਂ ਦੀਆਂ ਹੋਰ ਹੁੰਦੀਆਂ ਨੇ। ਹਿਤ ਵਾਲੇ ਬੰਦੇ 'ਚ ਇਹ ਖਿਆਲ ਪੈਦਾ ਹੁੰਦਾ ਹੈ ਕਿ ਪੁੱਤਰ ਪੈਦਾ ਹੋਏਗਾ, ਉਹਨੂੰ ਪੜ੍ਹਾਵਾਂਗੇ, ਲਿਖਾਵਾਂਗੇ, ਵੱਡਾ ਕਰਾਂਗੇ, ਵਿਆਹਵਾਂਗੇ ਤੇ ਮਾਣ ਨਾਲ ਕਹਿ ਸਕਾਂਗੇ ਕਿ ਸਾਡੀ ਔਲਾਦ ਹੈ। ਪੜ੍ਹਦੇ ਨੇ, ਵੱਡੀਆਂ ਨੌਕਰੀਆਂ ਉਨ੍ਹਾਂ ਨੇ ਲੈ ਲਈਆ ਤੇ ਬੁਢਾਪੇ ਦੇ ਵਿਚ ਸਾਡੀ ਦੇਖਭਾਲ ਕਰਨਗੇ। ਇਕ ਇਸ ਤਰ੍ਹਾਂ ਦਾ ਪ੍ਰੋਗਰਾਮ ਦਿਮਾਗ ਦੇ ਵਿਚ ਉਲੀਕ ਕੇ ਉਹ ਉਸ ਦਾ ਇੰਤਜ਼ਾਰ ਕਰਦੇ ਨੇ।

ਦੂਸਰੇ ਉਹ ਹੁੰਦੇ ਨੇ ਜਿਨ੍ਹਾਂ ਨੂੰ ਗਿਆਨ ਹੈ, ਅੰਦਰ ਪ੍ਰਕਾਸ਼ ਹੈ ਕਿ ਇਕ ਜੀਵ ਜੋ ਐਸ ਵੇਲੇ ਮਾਤਾ ਦੇ ਪੇਟ ਵਿਚ ਹੈ, ਦੁਖ ਤਾਂ ਬਹੁਤ ਕੱਟ ਰਿਹਾ ਹੈ ਕਿਉਂਕਿ ਪੁੱਠਾ ਲਟਕ ਰਿਹਾ ਹੈ। ਐਸੇ ਅੰਧ ਕੂਪ ਦੇ ਅੰਦਰ ਹੈ ਜਿਥੇ ਰੋਸ਼ਨੀ ਦਾ ਨਾਮ ਨਿਸ਼ਾਨ ਵੀ ਨਹੀਂ ਹੈ ਪਰ ਉਸ ਵੇਲੇ ਉਸ ਦੀ ਜੋ ਸੁਰਤੀ ਹੈ, ਇਕ ਸਮਾਧੀ ਦੇ ਰੂਪ ਵਿਚ ਹੋਣ ਕਰਕੇ ਸੁਖਮਨਾ ਨਾੜੀ ਵਿਚ ਪ੍ਰਵੇਸ਼ ਕੀਤੀ ਹੋਈ, ਫੁਰਨੇ ਤੋਂ ਰਹਿਤ ਹੋ ਕੇ ਪ੍ਰਮੇਸ਼ਰ ਦੇ ਨਾਮ ਦੀ ਧੁਨ ਨੂੰ ਸ੍ਰਵਣ ਕਰਕੇ, ਓਸ ਅੰਧਕਾਰ ਦੀ ਤਕਲੀਫ ਦੇ ਵਿਚ ਉਹ ਜਿਉਂਦਾ ਰਹਿੰਦਾ ਹੈ -

*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥* *ਅੰਗ - ੨੫੧*

ਓਸ ਤੋਂ ਬਾਅਦ ਉਨ੍ਹਾਂ ਨੂੰ ਪਤਾ ਹੈ ਕਿ ਜਨਮ ਲੈਣਾ ਹੈ, ਏਸ ਦੇ ਅੰਦਰ ਜੋ ਗਿਆਨ ਪੈਦਾ ਹੋਇਆ ਹੈ, ਜੋ ਨਾਮ ਦੀ ਧੁਨ ਦੇ ਨਾਲ ਇਹਦਾ ਸੰਪਰਕ ਹੋਇਆ ਹੈ, ਉਹ ਟੁੱਟ ਜਾਣਾ ਹੈ - ਓਸੇ ਵੇਲੇ ਕਿਉਂਕਿ ਬਾਹਰ ਜੋ ਹੈ ਜਦੋਂ ਸੰਸਾਰ 'ਚ ਆਉਣੈ, ਏਥੇ ਹੋਰ ਵਾਤਾਵਰਣ ਹੈ, ਏਥੇ ਮਾਇਆ ਦਾ ਬਹੁਤ ਵੱਡਾ ਅੰਧਕਾਰ ਚਲ ਰਿਹਾ ਹੈ। ਬਹੁਤ ਵੱਡੀ ਸ਼ਕਤੀ ਹੈ ਮਾਇਆ ਦੀ। ਮਹਾਰਾਜ ਕਹਿੰਦੇ -

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ ਜੇਹੀ*
*ਕਰਤੈ ਖੇਲੁ ਰਚਾਇਆ ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥*
*ਅੰਗ - ੯੨੧*

ਜਦੋਂ ਪੈਦਾ ਹੋਇਆ ਓਸ ਵੇਲੇ ਪਰਿਵਾਰ ਨੂੰ ਬਹੁਤ ਵਧੀਆ ਗੱਲ ਲੱਗੀ, ਵਧਾਈਆਂ ਮਿਲਣ ਲਗ ਗਈਆਂ। ਲੋਕ, ਦੋਸਤ, ਮਿਤਰ, ਸੋਸਾਇਟੀ, ਰਿਸ਼ਤੇਦਾਰ ਸਾਰੇ ਵਧਾਈਆਂ ਦਿੰਦੇ ਹਨ। ਇਕ ਬੜੀ ਭਾਰੀ ਖੁਸ਼ੀ ਮਹਿਸੂਸ ਕੀਤੀ ਗਈ ਲੇਕਿਨ ਦੂਸਰੇ ਪਾਸੇ ਨੁਕਸਾਨ ਕੀ ਹੋਇਆ ਕਿ -

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ ਜੇਹੀ*
*ਕਰਤੈ ਖੇਲੁ ਰਚਾਇਆ ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥*
*ਅੰਗ - ੯੨੧*

ਇਹਦੇ ਅੰਦਰ ਨਾਮ ਧੁਨ ਦੀ ਲਿਵ ਲੱਗੀ ਹੋਈ ਸੀ, ਕੁਛ ਇਸ ਨੇ ਵਾਇਦੇ ਕੀਤੇ ਸੀ ਓਸ ਅਰਧ ਚੇਤਨ (Subconciousness) ਦੀ stage (ਅਵਸਥਾ) ਦੇ ਅੰਦਰ, ਅਚੇਤ (unconcious) ਕਹਿੰਦੇ ਨੇ ਮਨੋਵਿਗਿਆਨੀ। ਲੇਕਿਨ ਬੰਦਗੀ ਵਾਲੇ ਇਸ ਨੂੰ ਪੂਰਨ ਗਿਆਨ ਦੀ ਅਵਸਥਾ ਆਖਦੇ ਨੇ ਤੇ ਓਸ ਅਵਸਥਾ ਦੇ ਅੰਦਰ ਇਸ ਨੇ ਕੁਝ ਝਲਕਾਰੇ ਦੇਖੇ, ਕੁਝ ਗੱਲਾਂ ਬਾਤਾਂ ਕੀਤੀਆਂ। ਉਨ੍ਹਾਂ ਦੇ ਵਿਚੋਂ ਇਹ ਬਾਰ-ਬਾਰ ਕਹਿੰਦਾ ਸੀ ਹੇ ਪ੍ਰਭੂ! ਤੂੰ ਮੈਨੂੰ ਏਥੇ ਨਾਮ ਦੇ ਨਾਲ ਜੋੜਿਆ ਹੋਇਆ ਹੈ, ਇਹ ਨਾਮ ਮੈਂ ਸੰਸਾਰ ਵਿਚ ਜਾ ਕੇ ਕਦੇ ਵੀ ਨਹੀਂ ਭੁੱਲਾਂਗਾ ਤੇ ਮੈਂ ਕੀ ਦੇਖ ਰਿਹਾ ਹਾਂ ਕਿ ਪਿੱਛੇ ਮੈਂ ਬੜੇ ਜਨਮ ਧਾਰੇ ਨੇ, ਕਿੰਨਿਆਂ ਦਾ ਮੈਂ ਪਿਤਾ ਬਣਿਆ ਹਾਂ, ਕਿੰਨਿਆਂ ਦਾ ਮੈਂ ਬੇਟਾ ਬਣਿਆ ਹਾਂ ਲੇਕਿਨ ਮੈਂ ਖੁੰਝ ਜਾਂਦਾ ਰਹਿਣ ਕਰਕੇ ਮੁੜ-ਮੁੜ ਕੇ ਫੇਰ

ਕਾਲ ਦੇ ਚੱਕਰ 'ਚ ਪੈ ਕੇ ਮਰ ਜਾਂਦਾ ਹਾਂ, ਜੰਮ ਪੈਂਦਾ ਹਾਂ, ਮਰ ਜਾਂਦਾ ਹਾਂ, ਜੰਮ ਪੈਂਦਾ ਹਾਂ। ਜਿੰਨੀਆਂ ਮੈਂ ਗਲਤੀਆਂ ਕੀਤੀਆਂ ਸੀ, ਜਿੰਨੀਆਂ ਮੇਰੇ 'ਚ ਕਮਜ਼ੋਰੀਆਂ ਆਈਆਂ ਜੀਵਨ ਦੇ ਅੰਦਰ, ਉਹ ਮੈਂ ਸਾਰੀਆਂ ਦੇਖ ਲਈਆਂ। ਉਨ੍ਹਾਂ ਦੇ ਫਲ ਜਿਹੜੇ ਮੈਨੂੰ ਮਿਲੇ ਉਹ ਵੀ ਮੈਂ ਸਾਰੇ ਦੇਖ ਲਏ। ਹੇ ਪ੍ਰਭੂ! ਹੁਣ ਮੇਰੇ ਤੇ ਦਇਆ ਕਰ। ਮੈਂ ਇਹ ਗਲਤੀ ਹੁਣ ਦੁਬਾਰਾ ਜਾ ਕੇ ਨਹੀਂ ਕਰਾਂਗਾ ਕਿਉਂਕਿ ਹੁਣ ਮੈਨੂੰ ਸੋਝੀ ਆ ਗਈ। ਆਵਾਜ਼ ਆਉਂਦੀ ਹੈ ਕਿ ਐ ਜੀਵ! ਇਹ ਸੋਝੀ ਮੈਂ ਤੈਨੂੰ ਹੁਣੇ ਹੀ ਨਹੀਂ ਦਿੰਦਾ, ਜਿੰਨੀ ਵਾਰੀ ਵੀ ਤੂੰ ਮਾਤਾ ਦੇ ਗਰਭ ਵਿਚ ਆਉਂਦਾ ਹੈਂ ਮੈਂ ਤੈਨੂੰ ਆਪਣੀ ਨਾਮ ਧੁਨ ਦੇ ਆਸਰੇ ਨਾਲ ਪਾਲਦਾ ਹਾਂ। ਦੂਸਰਾ ਤੈਨੂੰ ਮੈਂ ਸੋਝੀ ਦੇਨਾਂ, ਗਿਆਨ ਦੇਨਾਂ ਕਿ ਤੂੰ ਕੀ-ਕੀ ਗਲਤੀਆਂ ਕੀਤੀਆਂ ਨੇ, ਕੀ-ਕੀ ਤੈਨੂੰ ਸਜ਼ਾਵਾਂ ਮਿਲੀਆਂ ਤਾਂ ਕਿ ਤੇਰੇ ਸੰਸਕਾਰ ਬਣ ਜਾਣ ਤੇ ਅੱਗੇ ਵਾਸਤੇ ਤੂੰ ਇਹ ਗਲਤੀਆਂ ਨਾ ਕਰੇਂ। ਕਹਿੰਦਾ, "ਹੁਣ ਨਹੀਂ ਕਰਦਾ ਪ੍ਰਭੂ!" ਕਹਿੰਦੇ, "ਕੋਈ ਜ਼ਮਾਨਤਾਂ ਦੇਹ।" ਉਸ ਵੇਲੇ ਜਾਮਨ ਕੋਈ ਨਹੀਂ। ਕਹਿਣ ਲੱਗੇ, "ਤੇਰੇ ਨਾਲ ਪੰਜਾਂ ਤੱਤਾਂ ਦੇ ਦੇਵਤੇ ਨੇ ਉਨ੍ਹਾਂ ਤੋਂ ਜ਼ਮਾਨਤ ਦਿਵਾ ਦੇ। ਸਭ ਨੇ ਜਵਾਬ ਦੇ ਦਿਤਾ ਕਿ ਇਹ ਜੀਵ ਜੋ ਹੈ ਇਹ ਵਾਇਦਾ ਫਰਾਮੋਸ਼ ਹੈ, ਇਹ ਮੁੱਕਰ ਜਾਂਦਾ ਹੈ ਏਸ ਕਰਕੇ ਅਸੀਂ ਇਹਦੀ ਜਾਮਨੀ ਨਹੀਂ ਦੇ ਸਕਦੇ। ਸਿਰਫ ਪਾਣੀ ਰਹਿ ਗਿਆ। ਪਾਣੀ ਕੋਲ ਜਦ ਮਿੰਨਤ ਖੁਸ਼ਾਮਤ ਕੀਤੀ ਗਈ ਕਿ ਤੂੰ ਤਾਂ ਦੇਹ, ਕੀ ਐਨਾ ਮੈਂ ਮਾੜਾ ਹਾਂ? ਮੈਂ ਬਿਲਕੁਲ ਨਹੀਂ ਭੁੱਲਦਾ। ਉਹ ਕਹਿਣ ਲੱਗਿਆ conditional (ਸ਼ਰਤ ਸਹਿਤ) ਦੇਵਾਂਗਾ। ਪ੍ਰਭੂ ਦੇ ਕੋਲ ਬੇਨਤੀ ਕੀਤੀ, ਹੇ ਪ੍ਰਭੂ! ਇਹ ਜੀਵ ਵਾਇਦਾ ਫਰਾਮੋਸ਼ ਹੈ, ਵਾਇਦਾ ਕਰਕੇ ਮੁਕਰਨ ਵਾਲਾ ਹੈ। ਪੈਰ-ਪੈਰ ਤੇ ਮੁਕਰਦਾ ਹੈ, ਭੁੱਲ ਜਾਂਦਾ ਹੈ, ਕਿਸੇ ਦੀ ਕੀਤੀ ਹੋਈ ਨੂੰ ਯਾਦ ਨਹੀਂ ਰੱਖਦਾ, ਨਾ ਇਹਨੇ ਤੈਨੂੰ ਯਾਦ ਰੱਖਣਾ ਹੈ, ਨਾ ਮੈਨੂੰ ਯਾਦ ਰੱਖਣਾ ਹੈ ਕਿ ਮੈਂ ਇਹਦੀ ਮਦਦ ਕੀਤੀ ਸੀ। ਪਰ ਮੈਂ ਐਨਾ ਕੁ ਕਰਦਾ ਹਾਂ ਕਿ ਮੈਂ ਸ਼ਰਤ ਲਾ ਕੇ ਜ਼ਮਾਨਤ ਦੇਨਾਂ ਕਿ ਜਦੋਂ ਅੰਮ੍ਰਿਤ ਵੇਲੇ, ਇਸ਼ਨਾਨ ਕਰਨ ਵੇਲੇ ਕੱਪ ਭਰ ਕੇ ਪਾਣੀ ਦਾ ਪਿੰਡੇ ਪਾਏਗਾ ਓਸ ਵੇਲੇ ਮੈਂ ਇਹਦੇ ਮੂੰਹੋਂ ਇਕ ਵਾਰੀ ਵਾਹਿਗੁਰੂ, ਰਾਮ, ਅੱਲਾ, ਗੋਬਿੰਦ, ਨਰਾਇਣ ਕਹਾ ਦੇਵਾਂਗਾ। ਉਸ ਤੋਂ ਬਾਅਦ ਇਹ ਜਾਣੇ ਤੇ ਇਹਦਾ ਕੰਮ ਜਾਣੇ। ਮੈਂ ਯਾਦ ਕਰਾ ਦਿਆ ਕਰਾਂਗਾ। ਪ੍ਰਭੂ ਕਹਿਣ ਲੱਗੇ, "ਮੈਂ ਵੀ ਬੰਦੋਬਸਤ ਕੀਤਾ ਹੋਇਆ ਹੈ, ਮੈਂ ਸੰਸਾਰ ਦੇ ਅੰਦਰ ਏਸ ਦੇ ਜਾਣ ਤੋਂ ਪਹਿਲਾਂ ਹੀ ਮਹਾਂਪੁਰਸ਼ ਭੇਜੇ ਹੋਏ ਨੇ ਗੁਰੂ, ਪੀਰ, ਸਾਧੂ, ਸੰਤ, ਰਿਸ਼ੀ-ਮੁਨੀ, ਬਹੁਤ ਗੁਰਮੁਖ ਬੰਦੇ ਭੇਜੇ ਹੋਏ ਨੇ, ਜਿਹੜੇ ਇਹਨੂੰ ਬਾਰ-ਬਾਰ ਸੁਣਾਉਣਗੇ, ਬਾਰ-ਬਾਰ ਸੁਣਾਉਣਗੇ ਪਰ ਇਹ ਜੀਵ ਐਸਾ ਹੈ ਕਿ ਇਹ ਸੁਣਦਾ ਨਹੀਂ। ਬਾਬਾ ਫਰੀਦ ਜੀ ਕਹਿੰਦੇ ਨੇ, ਸੁਣਾਉਂਦੇ ਤਾਂ ਹੈਂ ਸਾਧੂ ਸੰਤ ਪਰ ਕਰਿਆ ਕੀ ਜਾਵੇ -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*

*ਅੰਗ - ੧੩੭੮*

ਚਾਰੇ ਵੇਦ, ਛੇਈ ਸਾਸ਼ਤਰ. 27 ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜ਼ੀਲ, ਜੰਬੂਰ, ਬਾਈਬਲ, ਹੋਰ ਅਨੇਕਾਂ ਧਰਮ ਗ੍ਰੰਥ, ਸ੍ਰੀ ਗੁਰੂ ਘ੍ਰੰਥ ਸਾਹਿਬ ਜੀ ਮਹਾਰਾਜ, ਮਹਾਂਪੁਰਸ਼ ਗਾ-ਗਾ ਕੇ ਉਚੀ-ਉਚੀ, ਸਿਧਾਂਤ ਸੁਣਾ-ਸੁਣਾ ਕੇ ਇਸ ਜੀਵ ਨੂੰ ਖਬਰਦਾਰ ਕਰਦੇ ਹਨ ਕਿ -

*ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥*

*ਅੰਗ - ੪੩*

ਤੂੰ ਤਾਂ ਲਾਹਾ ਲੈਣ ਵਾਸਤੇ ਆਇਆ ਸੀ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ ਅੰਗ - ੧੨*

ਬਾਰ-ਬਾਰ ਸੁਣਾਉਂਦੇ ਨੇ, ਬਾਰ-ਬਾਰ ਸੁਣਾਉਣ ਦਾ ਬੰਦੋਬਸਤ ਕੀਤਾ ਹੈ ਪਰ ਇਹ ਜਿਹੜਾ ਜੀਵ ਹੈ, ਪੈਦਾ ਹੁੰਦੇ ਹੀ ਇਹਦੇ ਦਿਬ ਕੰਨ ਬੰਦ ਹੋ ਜਾਂਦੇ ਨੇ, 'ਦਿਬ ਨੇਤਰ' ਬੰਦ ਹੋ ਜਾਂਦੇ ਨੇ। ਦਿਬ ਰਸਨਾ ਦਾ ਸਵਾਦ ਬੰਦ ਹੋ ਜਾਂਦਾ ਹੈ। ਦਿਬ ਸਪਰਸ਼ ਇਹਦੀ ਖਤਮ ਹੋ ਜਾਂਦੀ ਹੈ ਤੇ ਏਸੇ ਤਰ੍ਹਾਂ ਦਿਬ ਨਾਸਕਾ ਸੁਗੰਧੀ ਲੈਣ ਵਾਲੀ ਜੋ ਸੁਤੇ ਸਿਧ ਸੁਗੰਧੀ ਹੈ - ਵਾਤਾਵਰਣ ਦੇ ਅੰਦਰ, ਉਹ ਇਹਨੂੰ ਬੰਦ ਹੋ ਜਾਦੀ ਹੈ ਤੇ ਫੁੱਲਾਂ ਵਿਚੋਂ ਭਾਲਦਾ ਫਿਰਦਾ ਹੈ -ਸੁਗੰਧੀ। ਸੋ ਏਸ ਤਰ੍ਹਾਂ ਦੇ ਨਾਲ ਇਹਦੇ ਉਤੇ ਅਸਰ ਹੋ ਜਾਂਦਾ ਹੈ। ਇਹਦੇ ਸਾਰੇ ਇੰਦਰੇ ਜਿੰਨੇ ਚੇਤਨ ਇੰਦਰੇ

ਸੀ ਉਹ ਬਦਲ ਕੇ ਪਦਾਰਥਵਾਦੀ ਇੰਦ੍ਰਿਆਂ ਦੇ ਵਿਚ ਵਰਤ ਜਾਂਦੇ ਨੇ। ਫੇਰ ਕਹਿੰਦੇ ਇਹਦਾ ਜਿਹੜਾ ਮਨ ਹੈ ਉਹ ਓਸ ਵੇਲੇ ਦੁੱਖ ਦੇ ਵਿਚ ਆਇਆ ਹੋਇਆ ਪ੍ਰਮੇਸ਼ਰ ਨੂੰ ਬਾਰ-ਬਾਰ ਅਰਾਧਣਾ ਕਰਕੇ ਵਾਇਦੇ ਕਰਦਾ ਸੀ ਪਰ ਹੁਣ ਕਹਿੰਦੇ ਕੀ ਹੋਇਆ? -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*
*ਅੰਗ - ੧੩੭੮*

ਚਿਤ ਨਹੀਂ ਫੇਰਦਾ, ਓਸ ਥਾਂ ਤੇ ਹੀ ਰਹਿੰਦਾ ਹੈ। ਐਡੀ ਪਰਬਲ ਹੈ ਇਹ ਮਾਇਆ -

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ ਜੇਹੀ*
*ਕਰਤੈ ਖੇਲੁ ਰਚਾਇਆ ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥*
*ਅੰਗ - ੯੨੧*

ਪਰਿਵਾਰ ਨੂੰ ਭਲਾ ਲੱਗਿਆ ਲੇਕਿਨ ਦੂਜੇ ਪਾਸੇ ਇਕ 'ਲਿਵ ਛੁੜਕੀ' ਉਹ ਲਿਵ ਜਿਹੜੀ ਲੱਗੀ ਹੋਈ ਸੀ ਨਾਮ ਧੁਨ ਦੀ, ਉਹ ਟੁੱਟ ਗਈ। 'ਲਗੀ ਤ੍ਰਿਸਨਾ' ਤ੍ਰਿਸ਼ਨਾ ਦਾ ਰੋਗ ਲੱਗਣਾ ਸ਼ੁਰੂ ਹੋ ਗਿਆ - ਪਹਿਲੇ ਸ੍ਵਾਸ ਨਾਲ ਹੀ -

*ਪਹਿਲੈ ਪਿਆਰਿ ਲਗਾ ਥਣ ਦੁਧਿ ॥*
*ਦੂਜੈ ਮਾਇ ਬਾਪ ਕੀ ਸੁਧਿ ॥*
*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥*
*ਪੰਜਵੈ ਖਾਣ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥ ਅੰਗ - ੧੩੭*

ਕਾਮਨਾਵਾਂ ਪੈਦਾ ਹੋ ਗਈਆ -

*ਸਤਵੈ ਸੰਜਿ ਕੀਆ ਘਰ ਵਾਸੁ॥ ਅੰਗ - ੧੩੭*

ਉਸ ਵੇਲੇ ਘਰ ਦੇ ਅੰਦਰ ਪੈਸੇ ਜੋੜਨੇ ਸ਼ੁਰੂ ਕਰਦਾ ਹੈ, ਜਿਸ ਵਕਤ ਇਹਦੀ ਜਿਹੜੀ ਦਸ਼ਾ ਹੈ ਕਾਲ ਦੇ ਨੇੜੇ ਜਾ ਪਹੁੰਚਦੀ ਹੈ। ਜਿਉਂ-ਜਿਉਂ ਮਰਨ ਦੇ ਨੇੜੇ ਜਾਂਦਾ ਹੈ ਤਿਉਂ-ਤਿਉਂ ਪੈਸੇ ਬੈਂਕਾਂ ਦੇ ਵਿਚ ਜਮ੍ਹਾਂ ਕਰਨੇ ਸ਼ੁਰੂ ਕਰ ਦਿੰਦਾ ਹੈ। ਜਾਇਦਾਦ ਬਣਾਉਣੀ ਸ਼ੁਰੂ ਕਰਦਾ ਹੈ। ਕਹਿੰਦੇ ਫੇਰ ਘਰ ਵਾਸ ਕਰਦਾ ਹੈ - ਜੋੜ-ਜੋੜ ਕੇ।

*ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਅੰਗ - ੧੩੭*

ਜਦੋਂ ਇਹਦੀਆਂ ਸਾਰੀਆਂ ਸਕੀਮਾਂ, ਸਾਰੀਆਂ ਆਸਾਂ ਪੂਰੀਆਂ ਨਹੀਂ ਹੁੰਦੀਆਂ, ਬੱਚੇ ਸਾਥ ਨਹੀਂ ਦਿੰਦੇ, ਆਪਣਾ ਰਸਤਾ ਅੱਡ ਭਾਲਦੇ ਨੇ, ਫੇਰ ਇਹਦੇ ਮਨ 'ਚ ਕ੍ਰੋਧ ਆਉਂਦਾ ਹੈ। ਇਹਦਾ ਕਹਿਣਾ ਨਹੀਂ ਮੰਨਦੇ। ਰਿਟਾਇਰ ਹੋ ਜਾਂਦਾ ਹੈ, ਜਿਹੜੇ ਅਖਤਿਆਰ ਚਲਦੇ ਸੀ, ਉਹ ਚਲਦੇ ਨਹੀਂ, ਫੇਰ ਖਿਝਦਾ ਚਲਿਆ ਜਾਂਦਾ ਹੈ।

*ਨਾਵੈ ਧਉਲੇ ਉਭੇ ਸਾਹ॥ ਅੰਗ - ੧੩੭*

ਫੇਰ ਬੇਵਸ ਹੋ ਕੇ, ਸਰੀਰ ਕਮਜ਼ੋਰ ਹੋ ਜਾਂਦਾ ਹੈ। ਇਹਦੀਆਂ ਸਾਰੀਆਂ ਮੁੱਖ ਸ਼ਕਤੀਆਂ (Vital forces) ਜਿਹੜੀਆਂ ਨੇ ਉਹ weak (ਕਮਜ਼ੋਰ) ਪੈ ਜਾਂਦੀਆਂ ਨੇ। ਥਾਂ-ਥਾਂ ਤੇ ਦਰਦਾਂ ਹੁੰਦੀਆਂ ਨੇ, ਉਠ ਨਹੀਂ ਸਕਦਾ, ਪੂਰੀ ਤਰ੍ਹਾਂ ਤੁਰ ਫਿਰ ਨਹੀਂ ਸਕਦਾ।

*ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥*
*ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ਅੰਗ - ੧੩੮੧*

ਉਸ ਵੇਲੇ ਉਭੇ ਸਾਹ ਲੈਂਦਾ ਹੈ ਕਿ ਮੇਰੇ ਨੇਤਰ ਕਿਥੇ ਚਲੇ ਗਏ। ਮੈਂ ਤਾਂ ਦੋ-ਦੋ ਮੀਲ ਤੇ ਦੇਖ ਲੈਂਦਾ ਸੀ। ਕਿੰਨੀ-ਕਿੰਨੀ ਦੂਰੋਂ ਮੈਂ ਸੁਣ ਲੈਂਦਾ ਸੀ ਹੁਣ ਮੈਨੂੰ ਸੁਣਦਾ ਕਿਉਂ ਨਹੀਂ, ਤੇ ਹੁਣ ਤਾਂ ਗੱਲ ਬੜੀ ਮੁਸ਼ਕਲ ਨਾਲ ਮੈਂ ਸੁਣਦਾ ਹਾਂ। ਬੜਾ ਮੈਂ ਕੀਰਤਨ ਕਰ ਲੈਂਦਾ ਸੀ, ਭਜਨ ਕਰ ਲੈਂਦਾ ਸੀ ਲੇਕਿਨ ਹੁਣ ਤਾਂ ਮੇਰੀ ਜ਼ੁਬਾਨ ਹੀ ਉਲਟਦੀ ਹੈ। ਏਸ ਤਰ੍ਹਾਂ ਦੇ ਨਾਲ ਮੇਰੇ ਹੱਥਾਂ 'ਚ ਬੜੀ ਤਾਕਤ ਸੀ। ਹੁਣ ਭੋਰਾ ਵੀ ਚੀਜ਼ ਨਹੀਂ ਚੁੱਕ ਹੁੰਦੀ। ਪੈਰਾਂ ਤੋਂ ਮੇਰੇ ਉਠ ਨਹੀਂ ਹੁੰਦਾ, ਹੱਥ ਲਾ-ਲਾ ਕੇ ਮੈਂ ਧਰਤੀ ਤੋਂ ਉਠਦਾ ਹਾਂ -

*ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ਅੰਗ - ੧੩੮੧*

ਉਸ ਵੇਲੇ ਉਭੇ ਸਾਹ ਲੈਂਦੈ ਕਿ ਮੇਰੇ ਜਿਹੜੇ ਮਿੱਤਰ ਸੀ ਮਾਂ ਦੇ ਪੇਟ 'ਚੋਂ ਆਏ ਹੋਏ - ਪੰਜੇ ਗਿਆਨ ਇੰਦ੍ਰੇ, ਪੰਜੇ ਕਰਮ ਇੰਦ੍ਰੇ, ਇਹ ਕਿਥੇ ਨੂੰ ਤੁਰੇ ਜਾ ਰਹੇ ਨੇ। ਅਖੀਰ ਮਹਾਰਾਜ ਕਹਿੰਦੇ ਆਪ ਵੀ ਤੁਰ ਜਾਂਦਾ ਹੈ -

*ਦਸਵੈ ਦਧਾ ਹੋਆ ਸੁਆਹ ॥ ਅੰਗ - ੧੩੭*

ਕਹਿਣ ਲੱਗੇ, ਐਸ ਤਰ੍ਹਾਂ ਦੇ ਨਾਲ -

*ਗਏ ਸਿਗੀਤ ਪੁਕਾਰੀ ਧਾਹ ॥*
*ਉਡਿਆ ਹੰਸੁ ਦਸਾਏ ਰਾਹ ॥*
*ਆਇਆ ਗਇਆ ਮੁਇਆ ਨਾਉ ॥*
*ਪਿਛੈ ਪਤਲਿ ਸਦਿਹੁ ਕਾਵ ॥ ਅੰਗ - ੧੩੭*

ਖੁਸ਼ੀਆਂ ਚਲੀਆਂ ਜਾਂਦੀਆਂ ਨੇ ਤੇ ਜੀਵਨ ਖਤਮ ਹੋ ਜਾਂਦਾ ਹੈ। ਸੋ ਮਹਾਰਾਜ ਕਹਿੰਦੇ ਜਿਹੜਾ ਮਨ

ਦੇ ਪਿਛੇ ਲੱਗਣ ਵਾਲਾ ਮੂਰਖ ਹੁੰਦਾ ਹੈ -

*ਨਾਨਕ ਮਨਮੁਖਿ ਅੰਧੁ ਪਿਆਰੁ ॥*
*ਬਾਝੁ ਗੁਰੂ ਡੁਬਾ ਸੰਸਾਰੁ ॥ ਅੰਗ - ੧੩੮*

ਗੁਰੂ ਦੀ ਰੋਸ਼ਨੀ ਤੋਂ ਬਗੈਰ ਸਾਰਾ ਸੰਸਾਰ ਡੁੱਬਦਾ ਤੁਰਿਆ ਜਾਂਦਾ ਹੈ। ਸੋ ਇਹ ਹੱਡਬੀਤੀ ਹੈ ਹਰ ਜੀਵ ਦੀ - ਮੇਰੀ ਵੀ, ਤੁਹਾਡੀ ਵੀ। ਆਹੀ ਚੀਜ਼ ਸਾਡੇ ਨਾਲ ਹੋਈ ਹੈ ਜਦੋਂ ਅਸੀਂ ਆਏ ਸੀ, ਖੁਸ਼ੀਆਂ ਮਨਾਈਆਂ ਗਈਆਂ, ਲੇਕਿਨ ਖੁਸ਼ੀਆਂ ਦੇ ਨਾਲ ਜਿਹੜੀ ਅਸਲੀ ਖੁਸ਼ੀ ਮਨਾਉਣੀ ਸੀ, ਉਹ ਉਨ੍ਹਾਂ ਨੂੰ ਸੋਝੀ ਨਹੀਂ ਸੀ - ਖੁਸ਼ੀਆਂ ਮਨਾਉਣ ਵਾਲੇ ਨੂੰ। ਉਹ ਤਾਂ ਆਪ ਹੀ ਵਾਇਦਾ ਫਰਾਮੋਸ਼ ਸੀਗੇ। ਸੋਝੀ ਵਾਲੇ ਬੰਦੇ ਇਹ ਕਰਦੇ ਨੇ ਕਿ ਪੁੱਤਰ ਪੈਦਾ ਹੋ ਗਿਆ, ਇਹਨੂੰ ਪ੍ਰਮੇਸ਼ਰ ਦੇ ਰਸਤੇ ਤੇ ਕਿਵੇਂ ਲਾ ਕੇ ਰੱਖੀਏ? ਕਿਵੇਂ ਇਹ ਸੋਸਾਇਟੀ ਦੇ ਵਿਚ ਸੇਵਾ ਕਰਨ ਵਾਲਾ ਹੋਵੇ, ਸੁਖ ਦੇਣ ਵਾਲਾ ਹੋਵੇ, ਕਿਸ ਤਰ੍ਹਾਂ ਦੇ ਨਾਲ ਇਹ ਨਵੇਂ ਖਿਆਲ ਲੈ ਕੇ ਏਸ ਸੰਸਾਰ ਦਾ ਭਲਾ ਕਰੇ। ਆਪਣਾ ਵੀ ਭਲਾ ਕਰੇ ਤੇ ਸਾਡਾ ਵੀ ਭਲਾ ਕਰੇ। ਜਿਹੜੀਆਂ ਗੱਲਾਂ ਸਾਡੇ ਤੋਂ ਰਹਿ ਗਈਆਂ, ਸਾਡਾ ਪੁੱਤਰ ਜੋ ਆਵੇ, ਇਹ ਪੂਰੀਆਂ ਕਰੇ ਲੇਕਿਨ ਏਸ ਪਾਸੇ ਨੂੰ ਨਹੀਂ ਕੋਈ ਚਲਦਾ। ਹਰੇਕ ਦੇ ਮਨ 'ਚ ਡਰ ਰਹਿੰਦਾ ਹੈ ਕਿ ਜੇ ਇਹ ਭਜਨ ਪਾਠ ਕਰਨ ਲਗ ਗਿਆ - ਬਚਪਨ ਵਿਚ ਹੀ ਤਾਂ ਫੇਰ ਇਹ ਕੀ ਕਰੇਗਾ। ਕਿਤੇ ਘਰ ਬਾਰ ਛੱਡ ਕੇ ਨਾ ਚਲਿਆ ਜਾਵੇ। ਐਸੀ ਬਾਤ ਨਹੀਂ, ਸ੍ਰੀ ਗੁਰੂ ਗ੍ਰੰਥ ਸਾਹਿਬ ਘਰ ਬਾਰ ਨਹੀਂ ਕਿਸੇ ਤੋਂ ਛੁਡਾਉਂਦੇ। ਗੁਰੂ ਸਾਹਿਬ ਕਹਿੰਦੇ ਨੇ ਕਿ ਪਰਿਵਾਰ ਵਿਚ ਰਹਿ। ਜੁਗਤ ਸਿੱਖ ਲੈ -

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥ ਅੰਗ- ੫੨੨*

ਲੇਕਿਨ ਉਹ ਜਿਹੜਾ ਅਸਲੀ ਕੰਮ ਕਰਨਾ ਹੈ ਉਹਦੇ ਵਾਸਤੇ ਮਾਂ ਨੂੰ ਹਮੇਸ਼ਾਂ ਹੀ, ਪਿਤਾ ਨੂੰ ਹਮੇਸ਼ਾ ਹੀ ਧਿਆਨ ਰੱਖਣਾ ਚਾਹੀਦਾ ਹੈ ਕਿ ਸਾਰੀਓਂ ਚੀਜ਼ਾਂ ਤੋਂ ਜ਼ਰੂਰੀ ਹੈ ਬੱਚੇ ਦਾ ਆਚਰਣ ਬਣਾ ਕੇ ਉਸ ਨੂੰ ਹਰ ਵਕਤ ਖਬਰਦਾਰ ਕਰਦੇ ਰਹਿਣਾ ਕਿ -

*ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥*
*ਅੰਗ - ੪੩*

ਪਰ ਮੁਸ਼ਕਲ ਇਹ ਹੈ ਕਿ ਮਾਂ ਬਾਪ ਨੂੰ ਵੀ ਸੋਝੀ ਨਹੀਂ ਹੈ। ਉਹ ਵੀ ਅੰਨ੍ਹੇ ਹੋ ਗਏ ਨੇ, ਬੋਲੇ ਹੋ ਗਏ ਨੇ, ਭੁੱਲੇ ਹੋਏ ਨੇ -

*ਮਾਇਆਧਾਰੀ ਅਤਿ ਅੰਨਾ ਬੋਲਾ ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ ਅੰਗ - ੩੧੩*

ਐਨਾ ਰੌਲਾ ਘਚੋਲਾ ਮਨ 'ਚ ਪੈਦਾ ਹੋ ਗਿਆ ਕਿ ਅੰਦਰ ਜੋ ਲਗਾਤਾਰ, ਨਾਮ ਦੀ ਧੁਨ ਚਲ ਰਹੀ ਹੈ, ਓਸ ਤਕ ਇਹਦੀ ਬਿਰਤੀ ਪਹੁੰਚਦੀ ਨਹੀਂ ਹੈ। ਉਹਦੇ ਪਹੁੰਚਣ ਵਾਸਤੇ ਬੇਅੰਤ ਜਤਨ ਸਿਆਣਿਆਂ ਨੇ, ਮਹਾਂਪੁਰਸ਼ਾਂ ਨੇ ਸਾਡੇ ਵਾਸਤੇ ਕੀਤੇ ਨੇ ਜਿਨ੍ਹਾਂ ਦੇ ਵਿਚੋਂ ਇਹ ਹਰੀ ਦਾ ਕੀਰਤਨ ਜਿਸ ਵਿਚ ਆਪ ਆਪਣਾ ਸੁੱਖ ਛੱਡ ਕੇ, ਨੀਂਦ ਛੱਡ ਕੇ, ਇਸ਼ਨਾਨ ਕਰਕੇ, ਦੂਰ-ਦਰਾਜ਼ ਤੋਂ ਆ ਕੇ ਜੁੜਦੇ ਓਂ ਤੇ ਇਹ ਇਕ ਸਾਧਨ ਹੈ ਕਿ ਓਸ ਅਵਸਥਾ ਨੂੰ ਪ੍ਰਾਪਤ ਕਰ ਲਈਏ ਜਿਸ ਨੂੰ ਲੈਣ ਵਾਸਤੇ ਅਸੀਂ ਆਏ ਹਾਂ। ਸੋ ਬੱਚੇ ਦੇ ਜਨਮ ਦਿਨ ਦੀ ਖੁਸ਼ੀ ਦੇ ਅੰਦਰ ਸਮਾਗਮ ਕੀਤਾ ਹੈ -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ਅੰਗ - ੨੬੨*

ਕਲ੍ਹਾ ਤੇ ਕਲੇਸ਼ ਸਾਰੇ ਮਿਟ ਜਾਣਗੇ, ਵਿਘਨਾਂ ਦਾ ਖਾਤਮਾ ਹੋ ਜਾਂਦਾ ਹੈ। ਕਮਾਈ 'ਚ ਬਰਕਤ ਹੋ ਜਾਂਦੀ ਹੈ, ਬਿਮਾਰੀਆਂ ਦੂਰ ਹੋ ਜਾਂਦੀਆਂ ਹਨ। ਸੋ ਇਸ ਤਰ੍ਹਾਂ ਦੇ ਨਾਲ ਇਹ ਬਚਨ ਯਾਦ ਰੱਖਣ ਦੀ ਲੋੜ ਐ - ਸਾਨੂੰ ਸਾਰਿਆਂ ਨੂੰ।

ਜਨਮ ਦਿਨ ਮਨਾਇਆ। ਅੰਮ੍ਰਿਤ ਵੇਲੇ ਦੋ ਵਜੇ ਤੋਂ ਸੰਗਤ ਨੇ ਮਿਲ ਕੇ ਹਰੀ ਦਾ ਜਸ ਕੀਤਾ। ਆਸਾ ਕੀ ਵਾਰ ਦੇ ਕੀਰਤਨ ਹੋਏ। ਵਾਹਿਗੁਰੂ ਜੀ ਬੱਚੇ ਨੂੰ ਸੋਝੀ ਬਖਸ਼ਣ ਕਿ ਉਹ ਨਾਮ ਜਪਣ ਲਈ ਸੰਸਾਰ ਵਿਚ ਬਹੁਤ ਵੱਡਾ ਚੱਕਰ ਕੱਟ ਕੇ ਆਇਆ ਹੈ, ਹੁਣ ਸੰਤਾਂ ਦੀ ਸੰਗਤ ਕਰਕੇ ਹਰੀ ਨਾਮ ਦੀ ਕਮਾਈ ਕਰੇ ਜੋ ਇਸ ਸੰਸਾਰ ਵਿਚ ਭੀ ਪਰਮ ਸੁਖ ਦੇਵੇਗੀ ਅਤੇ ਅਗਲੇ ਸੰਸਾਰ ਵਿਚ ਭੀ ਪਰਮ ਸੁਖ ਵਿਚ ਵਾਸਾ ਕਰਾਵੇਗੀ।

*ਕਰਉ ਬੇਨੰਤੀ ਸੁਨਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥*
*ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥*
*ਅੰਗ - ੨੦੫*

ਦਾਸ ਭੀ ਸ਼ੁਭ ਕਾਮਨਾਵਾਂ ਕਰਦਾ ਹੈ। ਵਾਹਿਗੁਰੂ ਜੀ ਸੁਖੀ ਰੱਖਣ ਅਤੇ ਆਪਣੀ ਯਾਦ ਅਸਾਡੇ ਹਿਰਦੇ ਵਿਚ ਵਸਾਉਣ।

# ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਸ਼ਾਨ –.......................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ।*
*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥ ੧ ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ੨ ॥ ੧ ॥ ਅੰਗ - ੬੯੪*

*ਧਾਰਨਾ - ਸਰਨਿ ਬਿਚਾਰੋ ਮਨ ਰੇ ਪ੍ਰਭ ਕੀ।*

*ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥ ਅੰਗ - ੬੩੨*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ। ਗੱਜ ਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਹਫਤਾ ਵਾਰੀ ਸਤਿਸੰਗ ਵਿਚ ਪਹੁੰਚਦੇ ਹੋਂ। ਪਿਛਲੇ ਸਤਿਸੰਗ 'ਤੇ ਇਕ ਵਿਚਾਰ ਚੱਲੀ ਸੀ, ਬਹੁਤ ਕੁਝ ਉਹਦੇ ਬਾਰੇ ਆਖਿਆ ਗਿਆ ਸੀ, ਉਹ ਇਹ ਸੀ ਕਿ ਜੇ ਪ੍ਰਭੂ ਦੀ ਸਰਨਿ ਵਿਚ ਆ ਜਾਵੋ ਤਾਂ ਮਹਾਰਾਜ ਨੇ ਅਗਾਂਹਾਂ ਨੂੰ ਮਿਸਾਲਾਂ ਦਿਤੀਆਂ ਨੇ ਕਿ ਜਿਹਨੂੰ ਹਿਰਦੇ 'ਚ ਵਸਾ ਕੇ ਗਨਕਾ ਦਾ ਉਧਾਰ ਹੋਇਆ। ਉਹਦਾ ਜਸ ਤੁਸੀਂ ਵੀ ਹਿਰਦੇ ਵਿਚ ਧਾਰਨ ਕਰੋ। ਇਕ-ਇਕ ਬਚਨ ਜੋ ਗੁਰੂ ਦਾ ਹੁੰਦਾ ਹੈ, ਉਹ ਛੱਡਣ ਵਾਲਾ ਨਹੀਂ ਹੁੰਦਾ, ਉਹ ਸੂਤਰ ਹੁੰਦੈ ਜਿਵੇਂ ਆਪਣੇ constitution (ਸੰਵਿਧਾਨ) ਹੈ ਇਹਦਾ ਇਕ-ਇਕ ਅੱਖਰ, ਇਕ-ਇਕ ਕੌਮਾ (,) ਇਕ-ਇਕ (.), ਇਕ-ਇਕ ਪ੍ਰਬੰਧ, ;, " ਸਾਰੇ ਹੀ ਅਰਥ ਰਖਦੇ ਨੇ। ਇਵੇਂ ਜਿਵੇਂ ਇਹ ਬਾਣੀ ਹੈ। ਮਹਾਰਾਜ ਕਹਿੰਦੇ, ਮੱਤ ਕਿਤੇ ਭਰਮ ਵਿਚ ਭੁੱਲ ਜਾਵੋਂ ਕਿ ਅਸੀਂ ਇਹ ਅੱਖਰ ਕਿਸੇ ਕਵਿਤਾ ਦੇ ਹਿਸਾਬ ਨਾਲ ਲਾਏ ਨੇ। ਇਹ ਤਾਂ ਕੁਦਰਤੀ ਜਿਸ ਸੂਰਤ ਦੇ ਵਿਚ ਦਰਗਾਹੋਂ ਆਏ, ਓਹੀ ਅਸੀਂ ਵਰਣਨ ਕਰ ਰਹੇ ਹਾਂ। ਕੋਈ ਕਵਿਤਾ ਨਹੀਂ ਹੈ ਇਹਦੇ ਵਿਚ ਕਿ ਅੱਖਰ ਜੋੜਨ ਵਾਸਤੇ ਕੋਈ ਸਪੈਸ਼ਲ ਅੱਖਰ ਟੋਲ੍ਹ ਕੇ ਲਿਆਓ। ਇਹ ਬਾਣੀ ਆਉਂਦੀ ਹੈ, ਇਹਦੀ ਕੱਟਿੰਗ ਨਹੀਂ ਹੋਇਆ ਕਰਦੀ ਕਦੇ। ਕਵਿਤਾ ਜਿਹੜੀ ਹੈ ਆਦਮੀ ਰਾਤ ਨੂੰ ਲਿਖਦੈ ਸਵੇਰੇ ਉਠ ਕੇ ਕੱਟ ਦਿੰਦੈ, ਸਵੇਰੇ ਹੋਰ, ਦੂਜੇ ਦਿਨ ਹੋਰ। ਦਸ-ਦਸ ਦਿਨ ਲਗ ਜਾਂਦੇ ਨੇ ਫਾਈਨਲ ਕਵਿਤਾ ਬਣਾਉਣ ਵਾਸਤੇ। ਇਹ ਬੁੱਧੀ ਦੀ ਹੈ, ਬਾਣੀ ਆਤਮਾ ਦੀ ਹੈ। ਸੋ ਇਹਦੇ ਵਿਚ ਜੋ ਇਕ ਵੀ ਬਚਨ ਹੈ, ਉਹ ਸਾਡਾ ਉਧਾਰ ਕਰਨ ਦੀ ਸਮਰੱਥਾ ਰਖਦੈ। ਮਹਾਰਾਜ ਫ਼ੁਰਮਾਨ ਕਰਦੇ ਨੇ -

*ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥ ਅੰਗ - ੬੩੨*

ਕਹਿੰਦੇ ਸਾਨੂੰ ਨੇ, ਲੇਕਿਨ ਆਪਣੇ ਆਪ ਨੂੰ ਕਹਿ ਕੇ ਸੰਬੋਧਨ ਕਰ ਰਹੇ ਨੇ। ਕਹਿੰਦੇ, ਵਾਹਿਗੁਰੂ ਦੀ ਸ਼ਰਨ ਦੀ ਵਿਚਾਰ ਕਰੋ। ਜਦੋਂ ਕੋਈ ਸ਼ਰਨ ਆਉਂਦੈ ਉਹ ਰਿਜ਼ਰਵੇਸ਼ਨ ਦੇ ਨਾਲ ਨਹੀਂ ਆਇਆ ਕਰਦਾ। ਕੋਈ ਮਾੜੀ ਮੋਟੀ ਗੱਲ ਸੁਣ ਲਈ, ਮੰਨ ਲਈ ਨਾ ਮੰਨ ਲਈ, ਉਹਨੂੰ 100% ਗੱਲ ਮੰਨਣੀ ਹੀ ਪੈਂਦੀ ਹੈ। ਵਿਸ਼ਵਾਸ਼ ਦੇ ਘਰ ਵਿਚ ਲਿਜਾਣੀ ਪੈਂਦੀ ਹੈ। ਮਹਾਰਾਜ ਇਕ ਐਸੀ ਬੀਬੀ ਦੀ ਮਿਸਾਲ ਦਿੰਦੇ ਨੇ, ਜਿਹੜੀ ਪਾਪਾਂ ਦਾ ਰੂਪ ਬਣੀ ਹੋਈ ਸੀ। ਉਹਦੀ ਜਦੋਂ ਯਾਦ ਵਿਚ ਵਾਹਿਗੁਰੂ ਵਸ ਗਿਆ, ਉਹਦਾ ਵੀ ਉਧਾਰ ਹੋ ਗਿਆ। ਜਿਹੜਾ ਵਾਹਿਗੁਰੂ ਹੈ ਉਹਦਾ ਜਸ ਤੁਸੀਂ ਹਿਰਦੇ ਵਿਚ ਧਾਰਨ ਕਰੋ, ਸੁਣ ਕੇ ਨਾ ਛੱਡੋ, ਧਾਰਨ ਕਰੋ, ਹਿਰਦੇ 'ਚ ਵਸਾਓ। ਫੇਰ ਦੂਸਰੀ ਮਿਸਾਲ ਦਿੰਦੇ ਨੇ-

*ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ*
*ਅਰੁ ਨਿਰਭੈ ਪਦੁ ਪਾਇਆ ॥ ਅੰਗ- ੬੩੨*

ਜਿਹਨੂੰ ਯਾਦ ਕਰਕੇ ਅਟੱਲ ਪਦਵੀ ਮਿਲ ਗਈ ਇਕ ਪੰਜ ਸਾਲ ਦੇ ਬਾਲਕ ਨੂੰ ਤੇ ਤੂੰ -

*ਦੁਖ ਹਰਤਾ ਇਹ ਬਿਧਿ ਕੋ ਸੁਆਮੀ*
*ਤੈ ਕਾਹੇ ਬਿਸਰਾਇਆ ॥* *ਅੰਗ– ੬੩੨*

ਦੁਖਾਂ ਦਾ ਖਾਤਮਾ ਕਰਨ ਵਾਲਾ ਵਾਹਿਗੁਰੂ ਕਿਉਂ ਵਿਸਾਰ ਦਿਤਾ? ਸਵਾਲ ਹੈ ਇਥੇ ਕਿ ਤੂੰ ਦਸ ਸਕਦਾ ਹੈਂ ਕਿ ਤੂੰ ਕਿਉਂ ਭੁੱਲਿਆ ਹੈਂ ਉਸ ਨੂੰ। ਤੈਨੂੰ ਸੁਖ ਦੀ ਲੋੜ ਨਹੀਂ ਹੈ? ਤੈਨੂੰ ਲੋੜ ਨਹੀਂ ਹੈ ਕਿ ਮੇਰੇ ਦੁਖਾਂ ਦਾ ਖਾਤਮਾ ਹੋ ਜਾਵੇ। ਕੀ ਗੱਲ ਤੈਨੂੰ ਲੋੜ ਨਹੀਂ ਹੈ ਕਿ ਤੇਰੇ ਵਿਘਨਾਂ ਦਾ ਖਾਤਮਾ ਹੋ ਜਾਵੇ। ਕੀ ਤੂੰ ਚਾਹੁੰਦਾ ਹੈਂ ਕਿ ਜੋ ਮੇਰੇ ਮਨ ਵਿਚ ਆਵੇ ਤੇ ਮੈਨੂੰ ਮਿਲ ਜਾਵੇ? ਮੇਰੇ ਬੱਚੇ ਵੀ ਰਾਜ਼ੀ ਰਹਿਣ। ਪੜ੍ਹ ਵੀ ਜਾਣ, ਨੌਕਰੀਆਂ ਵੀ ਲਗ ਜਾਣ, ਵਿਆਹ ਵੀ ਹੋ ਜਾਣ, ਅਗਾਂਹਾਂ ਉਹਨਾਂ ਦੇ ਵੀ ਬਾਲ ਬੱਚੇ ਹੋ ਜਾਣ। ਜਦ ਤਕ ਮੇਰੀ ਜ਼ਿੰਦਗੀ ਹੈ ਘਰ 'ਚ ਸੁਖ ਸ਼ਾਂਤੀ ਰਹੇ। ਕਦੇ ਦੁਖ ਨੇੜੇ-ਤੇੜੇ ਵੀ ਨਾ ਆਵੇ। ਮਹਾਰਾਜ ਕਹਿੰਦੇ, ਚਾਹੁੰਦੇ ਹੋਂ? ਅਸੀਂ ਕਿਹਾ, ਸੱਚੇ ਪਾਤਸ਼ਾਹ! ਸਾਡਾ ਤਾਂ ਜੀਵਨ ਹੀ ਇਸ ਗੱਲ ਦੇ ਉਤੇ ਹੈ ਜਿਹੜਾ ਤੁਸੀਂ ਕਿਹਾ ਹੈ, ਅਸੀਂ ਤਾਂ ਉਹ ਸਾਰਾ ਕੁਝ ਚਾਹੁੰਦੇ ਹਾਂ। ਫੇਰ ਚਾਹੁੰਦੇ ਕੀ ਨਹੀਂ? ਜੇ ਸੱਚ ਪੁੱਛੋਂ ਅਸੀਂ ਇਹ ਚਾਹੁੰਦੇ ਹਾਂ ਕਿ ਸਾਨੂੰ ਵੈਸੇ ਹੀ ਕੋਈ ਬਖਸ਼ਿਸ਼ ਕਰ ਦਿਓ, ਅਸੀਂ ਤੁਹਾਡੇ ਬਚਨ ਨਹੀਂ ਮੰਨਣੇ, ਇਹ ਨਹੀਂ ਸਾਡੇ ਤੋਂ ਮੰਨੇ ਜਾਂਦੇ, ਮੁਸ਼ਕਲ ਹੈ। ਕਹਿੰਦੇ, ਜੇ ਮੁਸ਼ਕਲ ਹੈ, ਤਾਂ ਫੇਰ ਉਹ ਚੀਜ਼ਾਂ ਪ੍ਰਾਪਤ ਹੋਣੀਆਂ ਵੀ ਮੁਸ਼ਕਲ ਨੇ, ਕਿਉਂਕਿ ਉਹ ਪ੍ਰਾਪਤ ਹੋਣੀਆਂ ਹੀ ਤਾਂ ਨੇ ਜੇ ਤੁਸੀਂ ਇਹਨਾਂ ਬਚਨਾਂ ਨੂੰ ਮੰਨੋ – 'ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ....।' ਅਟੱਲ ਪਦਵੀ ਨੂੰ ਕਿਤੇ ਪੰਜ ਸਾਲ ਦਾ ਬੱਚਾ ਕਿਤੇ ਪਹੁੰਚ ਸਕਦਾ ਹੈ? ਸੋਚਿਆ ਹੀ ਨਹੀਂ ਜਾ ਸਕਦਾ। ਦੂਜੇ ਪਾਸੇ ਪ੍ਰਮੇਸ਼ਰ ਹੈ, ਉਹ ਐਸਾ ਦਿਆਲੂ ਹੈ, ਹਸਤੀ ਹੈ ਉਹ, ਕੋਈ ਐਵੇਂ ਨਹੀਂ ਹੈ। ਪਹਿਲਾਂ ਤਾਂ ਦੁਨੀਆਂ ਦੇ ਅੰਦਰ ਵਾਹਿਗੁਰੂ ਦਾ ਵਿਸ਼ਵਾਸ਼ ਨਹੀਂ ਹੈ। ਜਿਹੜੇ ਸੁਣਦੇ ਨੇ ਉਹ ਵੀ lower level (ਨੀਵੇਂ ਪੱਧਰ) 'ਤੇ ਸੁਣਦੇ ਨੇ, ਵਿਸ਼ਵਾਸ਼ ਉਹਨਾਂ ਵਿਚ ਵੀ ਨਹੀਂ ਹੈ। ਗੁਰੂ ਮਹਾਰਾਜ ਝੰਡੇ ਬਾਢੀ ਨੂੰ ਜਦੋਂ ਮਿਲਦੇ ਨੇ, ਝੰਡਿਆ! ਇਹ ਪ੍ਰਸ਼ਾਦਾ ਤੈਨੂੰ ਕਿਸ ਨੇ ਦਿਤਾ ਹੈ? ਕਹਿੰਦੇ, ਪ੍ਰਮੇਸ਼ਰ ਨੇ। ਉਹਦਾ ਦਿਤਾ ਹੋਇਆ ਲਿਆਇਆ ਹੈਂ? ਕਹਿੰਦਾ, ਹਾਂ।

ਝੰਡਿਆ! ਇਕ ਗੱਲ ਦਸ, ਤੂੰ ਵਾਹਿਗੁਰੂ ਨੂੰ ਜਾਣਦੈਂ?

ਕਹਿੰਦਾ, ਹਾਂ ਜੀ, ਜਾਣਦਾ ਹਾਂ। ਪ੍ਰੀਪੂਰਨ ਹੈ। ਹਰੇਕ ਦੇ ਅੰਦਰ ਹੈ, ਹਰੇਕ ਦੇ ਬਾਹਰ ਹੈ।

ਕਹਿੰਦੇ, ਫੇਰ ਘਬਰਾਹਟ ਕਿਹੜੀ ਗੱਲ ਦੀ ਹੈ? ਜੇ ਤੂੰ ਜਾਣ ਗਿਆ, ਪਛਾਣ ਗਿਆ ਕਿ ਅੰਦਰ ਵੀ ਓਹੀ ਹੈ, ਬਾਹਰ ਵੀ ਓਹੀ ਹੈ ਤੇ ਫੇਰ ਤਾਂ ਘਬਰਾਹਟ ਹੋਣ ਦੀ ਲੋੜ ਹੀ ਨਹੀਂ ਹੈ। ਫੇਰ ਕਿਉਂ ਰੋਂਦਾ ਹੈਂ ਤੂੰ, ਤੈਨੂੰ ਪਛਾਣ ਨਹੀਂ ਆਈ। ਅੱਜ ਪਹਿਲੇ ਦਿਨ ਸਿੱਧਾ ਸਵਾਲ ਹੋਇਆ। ਕਹਿੰਦਾ, ਔਹ ਹੋ, ਆਹ ਤਾਂ ਅਸੀਂ ਕਦੇ ਗੱਲ ਹੀ ਨਹੀਂ ਸੋਚੀ। ਫੇਰ ਸਾਡੀ ਜਾਣ ਪਹਿਚਾਣ ਮਹਾਰਾਜ ਕਹਿੰਦੇ, ਓਪਰੀ-ਓਪਰੀ ਹੈ। ਤੁਹਾਡੀ ਜਾਣ-ਪਛਾਣ 100% ਜਾਣ ਪਛਾਣ ਨਹੀਂ ਹੈ। ਸੁਣੀ ਸੁਣਾਈ ਗੱਲ ਬਾਤ ਹੈ ਜਿਹਨੂੰ ਤੁਸੀਂ ਜਾਣ-ਪਛਾਣ ਕਹਿੰਦੇ ਹੋਂ। ਸਮਝ 'ਚ ਆ ਗਈ, ਮਹਾਰਾਜ ਕਹਿੰਦੇ, ਝੰਡਿਆ! ਜਿਹੜਾ ਅੰਦਰ ਵੀ ਹੈ, ਬਾਹਰ ਵੀ ਹੈ, ਹਰ ਵਕਤ ਨਾਲ ਹੈ। ਫੇਰ ਤੂੰ ਰੋਂਦਾ ਕਿਉਂ ਹੈਂ ਉਹਨੂੰ ਮਿਲਣ ਵਾਸਤੇ। ਵਿਸ਼ਵਾਸ਼ ਦੇ ਘਰ ਵਿਚ ਨਹੀਂ ਆਇਆ ਅਜੇ ਤੂੰ। ਬਸ, ਉਹਦੀ ਤਾਂ ਉਸੇ ਵੇਲੇ ਸੁਰਤ ਲਗ ਗਈ। ਮਹਾਰਾਜ ਪਛਾਣ ਕਰੋ ਉਸਦੀ। ਜਿੰਨਾਂ ਚਿਰ ਪਛਾਣ ਨਹੀਂ ਕਰਦੇ, ਓਨਾਂ ਚਿਰ ਗੱਲ ਨਹੀਂ ਬਣਨੀ। ਪਛਾਣ ਤੋਂ ਬਾਹਰ ਸੁਣਿਆ ਹੋਇਆ ਹੈ ਵਾਹਿਗੁਰੂ, ਜਾਣਿਆ ਹੋਇਆ ਨਹੀਂ ਹੈ। ਮਹਾਰਾਜ ਕਹਿੰਦੇ, ਸ੍ਰਿਸ਼ਟੀ ਦੇ ਅੰਦਰ ਤਾਂ ਆ ਗਿਆ। ਪੜ੍ਹ ਲਿਆ ਲੇਕਿਨ ਬੁੱਝਿਆ ਨਹੀਂ ਹੈ। ਮਹਾਰਾਜ ਕਹਿੰਦੇ –

*ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥* *ਅੰਗ – ੧੪੮*

ਇਹ ਤਾਂ ਬੁੱਝਣ ਤੋਂ ਹੀ ਪਤਾ ਲਗਣਾ ਹੈ ਪਿਆਰਿਆ। ਪੜ੍ਹਨ ਨਾਲ ਇਹ ਗੱਲ ਬਣਨੀ ਨਹੀਂ ਹੈ। ਧਰੂੰ ਨੇ ਬੁੱਝ ਲਿਆ, ਹਾਥੀ ਕੀ ਹੁੰਦੈ, ਉਹਨੂੰ ਕੀ ਅਕਲ ਹੁੰਦੀ ਹੈ –

*ਜਬ ਹੀ ਸਰਨਿ ਗਹੀ ਕਿਰਪਾ ਨਿਧਿ*
*ਗਜ ਗਰਾਹ ਤੇ ਛੂਟਾ ॥* *ਅੰਗ– ੬੩੨*

ਤੰਦੂਏ ਨੇ ਬੇਵਸ ਕਰਿਆ ਹੋਇਆ ਹਾਥੀ, ਡੁੱਬਣ ਦੇ ਕਿਨਾਰੇ ਆਇਆ ਹੋਇਆ, ਕਹਿੰਦੇ ਨੇ ਕਿ ਸਿਰਫ ਚਾਰ ਉਂਗਲ ਸੁੰਡ ਉਹਦੀ ਬਾਹਰ ਬਚਦੀ ਸੀ। ਉਸ ਵੇਲੇ ਉਹਨੂੰ ਪ੍ਰਮੇਸ਼ਰ ਦਾ ਧਿਆਨ ਆ ਗਿਆ। ਹੁਣ ਇਥੇ ਸਵਾਲ ਆਉਂਦੈ ਕਿ ਕਿਸ ਤਰ੍ਹਾਂ ਦੇ ਨਾਲ ਧਿਆਨ ਆ ਗਿਆ ਜੀ? ਉਹ ਰੱਬ ਨੂੰ ਜਾਣਦੈ? ਅਸੀਂ ਤਾਂ ਨਹੀਂ ਕਹਿ ਸਕਦੇ ਕਿਉਂਕਿ ਅਸੀਂ ਹਾਥੀ ਦਾ ਦਿਮਾਗ ਕਦੇ ਪੜ੍ਹਿਆ ਨਹੀਂ ਹੈ।

ਉਹਦੀਆਂ ਅੰਦਰਲੀਆਂ ਗੱਲਾਂ ਕਦੇ ਪੜ੍ਹੀਆਂ ਨਹੀਂ ਹਨ ਲੇਕਿਨ ਸਾਨੂੰ ਇਸ ਤਰ੍ਹਾਂ ਪਤਾ ਹੈ ਕਿ ਉਹਦੇ ਅੰਦਰ ਵੀ ਕੋਈ ਸੋਝੀ ਹੈ। ਆਪਣੇ ਪਰਿਵਾਰ ਦੀ ਸੋਝੀ ਹੈ। ਜਦੋਂ ਬੱਚਾ ਹੋਣਾ ਹੁੰਦੈ, ਹਥਣੀ ਦੇ ਦੁਆਲੇ ਹਥਣੀਆਂ ਤਾਂ ਸਾਰੀਆਂ ਹੋ ਜਾਂਦੀਆਂ ਨੇ, ਹਾਥੀ ਇਕ ਵੀ ਨਹੀਂ ਰਹਿੰਦਾ। ਦੋ ਤਿੰਨ ਸੌ ਗਜ਼ 'ਤੇ ਜਾ ਕੇ, ਪਿੱਠ ਕਰਕੇ ਖੜ੍ਹ ਜਾਂਦੇ ਨੇ ਸਾਰੇ ਹੀ। ਕੋਈ ਸੋਝੀ ਹੋਣੀ ਹੁੰਦੀ ਤਾਂ ਹੀ ਨਹੀਂ ਉਥੇ ਖੜ੍ਹਦੇ। ਫੇਰ ਕੀ ਕਰਦੇ ਨੇ। ਉਹ ਰੇਤਾ ਭਰ ਕੇ ਲਿਆਉਂਦੇ ਨੇ ਸੁੰਡ ਵਿਚ, ਆ ਕੇ ਇਕੱਠਾ ਹੀ ਉਹਦੇ ਉਤੇ ਸੁੱਟੀ ਜਾਂਦੇ ਨੇ ਤੇ ਨਾਲ ਦੀ ਨਾਲ ਸੁੰਡ ਨਾਲ ਸਾਫ ਕਰੀ ਜਾਂਦੇ ਨੇ। ਉਹਦਾ ਸਰੀਰ ਰੇਤੇ ਨਾਲ ਬਿਲਕੁਲ ਸਾਫ ਕਰ ਦਿੰਦੇ ਨੇ। ਕੋਈ ਸੋਝੀ ਹੈ ਤਾਂ ਹੀ ਹੈ ਇਹ ਗੱਲ। ਜੇ ਮਗਰ ਪੈ ਜਾਵੇ, ਉਸੇ ਬੰਦੇ ਦੇ ਮਗਰ ਪੈਂਦੈ, ਜਿਹਨੇ ਉਹਨੂੰ ਤੰਗੀ ਦਿਤੀ ਹੈ। ਉਹਦੀ ਪਛਾਣ ਰਖਦੈ ਕਿ ਆਹ ਹੈ ਉਹ ਬੰਦਾ, ਹੁਣ ਆ ਗਿਆ। ਵਾਹਿਗੁਰੂ ਦੀ ਵੀ ਸੋਝੀ ਵਾਹਿਗੁਰੂ ਨੇ ਦਿਤੀ ਹੋਣੀ ਹੈ, ਸਾਰੇ ਜੀਵਾਂ ਨੂੰ ਦਿਤੀ ਹੈ, ਅਸੀਂ ਕਿਹੜਾ ਕੋਈ ਖਾਸ ਹਾਂ। ਪਰ ਸਾਡੇ ਅੰਦਰ ਸਾਡਾ ਸਰੀਰ ਖਾਸ ਹੈ। ਮਹਾਰਾਜ ਕਹਿੰਦੇ, ਜਦੋਂ ਕ੍ਰਿਪਾ ਦੇ ਖਜ਼ਾਨੇ ਦੀ ਸ਼ਰਨ ਵਿਚ ਗਿਆ ਹਾਥੀ - 'ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ॥'

ਸੋ ਉਹ ਜਿਹੜਾ ਹਾਥੀ ਸੀ ਉਹ ਤੰਦੂਏ ਨੇ ਫੜਿਆ ਹੋਇਆ ਸੀ, ਉਸੇ ਵੇਲੇ ਸੁਦਰਸ਼ਨ ਚੱਕਰ ਨੇ ਸਾਰੇ ਤੰਦ ਕੱਟ ਦਿਤੇ ਉਸ ਦੇ। ਉਹਨੂੰ ਤਾਂ ਮਾਰ ਦਿਤਾ, ਹਾਥੀ ਨੂੰ ਬਚਾ ਲਿਆ। ਕਿਉਂਕਿ ਇਹਨੇ ਸ਼ਰਨ ਤੱਕੀ ਸੀ। ਮਹਾਤਮਾ ਹੋਰ ਵੀ ਦੋ-ਚਾਰ ਕਦਮ ਅੱਗੇ ਜਾ ਕੇ ਗੱਲ ਕਰਦੇ ਨੇ ਕਿ ਉਹ ਪਿਛਲੇ ਜਨਮ ਦਾ, ਸਵਰਗ ਦਾ ਗਵੱਈਆ ਸੀ, ਉਹਦੇ ਕੋਲੋਂ ਕੋਈ ਭੁੱਲ ਹੋ ਗਈ ਸੀ, ਸਰਾਪ ਵਸ ਉਹਨੂੰ ਆਉਣਾ ਪਿਆ। ਉਹਨੂੰ ਪਿਛਲੇ ਜਨਮ ਦਾ ਗਿਆਨ ਸੀ। ਚਲੋ ਨਾ ਵੀ ਮੰਨੋ ਇਸ ਗੱਲ ਨੂੰ ਕਿ ਗਿਆਨ ਸੀ ਜਾਂ ਨਹੀਂ ਸੀ, ਪਰ ਉਹਨੂੰ ਕੋਈ ਸੋਝੀ ਸੀ ਕਿ ਕੋਈ ਮਾਲਕ ਹੈ ਦੁਨੀਆਂ ਦਾ। ਉਸੇ ਵੇਲੇ ਉਹਦੇ ਸਾਰੇ ਬੰਧਨ ਕੱਟ ਦਿਤੇ -

*ਮਹਮਾ ਨਾਮ ਕਹਾ ਲਉ ਬਰਨਉ*
*ਰਾਮ ਕਹਤ ਬੰਧਨ ਤਿਹ ਤੂਟਾ ॥* *ਅੰਗ - ੬੩੨*

ਰਾਮ ਕਹਿੰਦੇ ਸਾਰ ਉਹਦੇ ਬੰਧਨ ਟੁੱਟ ਗਏ ਸਾਰੇ -

*ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥*
*ਨਾਨਕ ਕਹਤ ਚੇਤ ਚਿੰਤਾਮਨਿ*
*ਤੈ ਭੀ ਉਤਰਹਿ ਪਾਰਾ ॥* *ਅੰਗ- ੬੩੨*

ਤੂੰ ਇਹ ਗੱਲਾਂ ਸੁਣ ਕੇ ਮਨ ਵਿਚ ਵਸਾਈਆਂ ਕਿ ਨਹੀਂ ਵਸਾਈਆਂ। ਤੇਰਾ ਵੀ ਉਧਾਰ ਹੋ ਜਾਏਗਾ। ਤੈਨੂੰ ਮਨੁੱਖ ਦੀ ਜੂਨੀ ਪ੍ਰਾਪਤ ਹੋਈ ਹੈ। ਤੇਰਾ ਵੀ ਉਧਾਰ ਹੋਏਗਾ - 'ਤੈ ਭੀ ਉਤਰਹਿ ਪਾਰਾ'। ਇਹਦੇ 'ਚ ਸ਼ੱਕ ਨਹੀਂ ਹੈ, ਜੇ ਉਹ ਤਰ ਸਕਦੇ ਨੇ, ਪੰਜ ਸਾਲ ਦਾ ਬੱਚਾ ਲੰਘ ਸਕਦੈ, ਫੇਰ ਆਪਾਂ ਤਾਂ ਸਿਆਣੇ ਹਾਂ ਬਹੁਤ। ਘਾਟ ਕਿੱਥੇ ਹੈ? ਘਾਟ ਹੈ ਵਿਸ਼ਵਾਸ਼ ਦੀ, ਗੱਲ ਨੂੰ ਨਾ ਮੰਨਣ ਦੀ। ਮਹਾਰਾਜ ਕਹਿੰਦੇ, ਜਦੋਂ ਸੱਚਮੁੱਚ ਸ਼ਰਨ ਵਿਚ ਆਇਐ, ਉਹ ਨਾਲ ਹੈ ਤੇਰੇ ਬਿਲਕੁਲ, ਕੋਈ ਉਹਨੇ ਦੂਰੋਂ ਨਹੀਂ ਆਉਣਾ। ਕਿਸੇ ਪਹਾੜ ਤੋਂ ਨਹੀਂ ਆਉਣਾ, ਕਿਸੇ ਸੱਤਵੇਂ ਅਸਮਾਨ ਤੋਂ ਨਹੀਂ ਆਉਣਾ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਅੰਗ - ੬੭੭*

ਹੁਣ ਵਿਸ਼ਵਾਸ਼ ਤਾਂ ਸਾਨੂੰ ਕਰਨਾ ਪੈਣਾ ਹੈ ਗੁਰੂ ਸਾਹਿਬ 'ਤੇ ਕਿਉਂਕਿ ਅਸੀਂ ਤਾਂ ਦੇਖਿਆ ਨਹੀਂ ਕਿ ਪ੍ਰਮੇਸ਼ਰ ਸਾਡੇ ਨਾਲ ਹੈ। ਅਸੀਂ ਤਾਂ ਉਸ ਨਾਲੋਂ ਦਿਨ ਰਾਤ ਟੁੱਟੇ ਰਹਿੰਦੇ ਹਾਂ। ਕਿਤੇ ਕੋਈ ਕਹਾਣੀ ਸੁਣੀਏ, ਕਿਊਂ ਕੋਈ ਬਾਤ ਸੁਣੀਏ, ਕਿਤੇ ਕੀਰਤਨ 'ਚ ਜਾਈਏ, ਤਾਂ ਯਾਦ ਆਉਣੈ। ਨਹੀਂ ਤਾਂ ਸਾਡੀ ਯਾਦ ਵਿਚ ਵਸਦਾ ਹੀ ਨਹੀਂ ਹੈ ਵਾਹਿਗੁਰੂ। ਉਮਰਾਂ ਲੰਘ ਜਾਂਦੀਆਂ ਨੇ ਪਰ ਪ੍ਰਮੇਸ਼ਰ ਨਾ ਵਸ ਸਕਿਆ। ਮਹਾਰਾਜ ਕਹਿੰਦੇ, ਜੇ ਵਸ ਜਾਵੇ, ਉਹਨੂੰ ਬ੍ਰਹਮ ਕਹਿੰਦੇ ਨੇ, ਸ਼ਬਦ ਕਹਿੰਦੇ ਨੇ। ਕਹਿੰਦੇ, ਜਿਹਦੇ ਵਸ ਗਿਆ -

*ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ......॥*
*ਅੰਗ - ੭੯੫*

ਉਹਦਾ ਅਸਰ ਕੀ ਹੁੰਦੈ? ਸਾਰੇ ਤੁਸੀਂ ਪੜ੍ਹਦੇ ਹੋਂ ਰੋਜ਼।

*ਬਾਹੁੜਿ ਜਨਮਿ ਨ ਆਵਾ ॥* *ਅੰਗ - ੭੯੫*

ਪ੍ਰਾਣ 'ਚ ਵਸ ਗਿਆ। ਪ੍ਰਾਣਾਂ ਦੇ ਵਿਚ ਵਸਦੇ ਸਾਰ ਮੁੜ ਕੇ ਜਨਮ ਮਰਨ ਖਤਮ ਹੋ ਗਿਆ। ਜਿਹਦੇ ਪ੍ਰਾਣ 'ਚ ਵਸ ਗਿਆ, ਉਹਦੀ ਹਾਲਤ ਕੀ ਹੁੰਦੀ ਹੈ। ਉਹਦੇ ਬਾਰੇ ਮਹਾਰਾਜ ਨੇ ਕਿਹਾ ਹੈ -

*ਆਖਾ ਜੀਵਾ ਵਿਸਰੈ ਮਰਿ ਜਾਉ ॥* *ਅੰਗ- ੯*

ਪੰਜ ਪ੍ਰਾਣ ਹੁੰਦੇ ਨੇ। ਇਕ ਪ੍ਰਾਣ ਉਹ ਹੈ ਜਿਹੜਾ ਹਵਾ ਨੂੰ ਅੰਦਰ ਖਿਚਦੈ ਤੇ ਬਾਹਰ ਛੱਡਦੈ।

ਆਕਸੀਜਨ ਅੰਦਰ ਨੂੰ ਆਉਂਦੀ ਹੈ, ਕਾਰਬਨ ਆਕਸਾਈਡ ਬਾਹਰ ਨੂੰ ਜਾਂਦੀ ਹੈ। ਸਾਰੇ ਸਿਆਣੇ ਇਹ ਕਹਿੰਦੇ ਨੇ ਕਿ ਪ੍ਰਾਣ vital force ਹੈ।

ਇਕ ਵਾਰੀ ਝਗੜਾ ਹੋ ਗਿਆ ਸਾਰੇ ਇੰਦਰਿਆਂ ਦਾ। ਉਸ ਵੇਲੇ ਪ੍ਰਮੇਸ਼ਰ ਦੇ ਦਰ 'ਤੇ ਆਵਾਜ਼ ਪਹੁੰਚੀ ਕਿ ਅੱਖਾਂ ਕਹਿੰਦੀਆਂ ਕਿ ਸਾਡੇ ਬਿਨਾਂ ਗੁਜ਼ਾਰਾ ਨਹੀਂ ਹੋ ਸਕਦਾ, ਕੰਨ ਕਹਿੰਦੇ, ਸਾਡੇ ਬਿਨਾਂ ਕੋਈ ਕੀ ਕਰ ਲਏਗਾ।

ਆਹ ਮੇਰਾ ਡੇਢ ਦੋ ਮਹੀਨੇ ਤੋਂ ਕੰਨ ਬੰਦ ਹੈ। ਮੈਨੂੰ ਪਤਾ ਹੀ ਨਹੀਂ ਲਗਦਾ, ਅੱਧੀ ਸੁਰਤਿ ਰਹਿ ਗਈ, ਕੀ ਹੋ ਰਿਹੈ ਪਤਾ ਹੀ ਨਹੀਂ ਲਗਦਾ। ਹੈਂ-ਹੈਂ ਕਰੀ ਜਾਨਾਂ, ਦੋਹਰੀ ਐਨਰਜੀ ਖਤਮ ਹੋਣ ਲਗ ਗਈ। ਕਹਿੰਦੇ ਕਿ ਕੀਰਤਨ ਉੱਚੀ ਕਰਦੈਂ, ਮੈਂ ਤਾਂ ਕਰਦਾਂ, ਮੈਨੂੰ ਆਪਣੇ ਆਪ ਦਾ ਆਪ ਹੀ ਨਹੀਂ ਸੁਣਦਾ ਤਾਂ ਮੈਂ ਉੱਚੀ ਬੋਲਦਾ ਹਾਂ। ਕੰਨ ਕਹਿੰਦੇ, ਸਾਡੇ ਬਿਨਾਂ ਨਹੀਂ ਗੁਜ਼ਾਰਾ ਹੋ ਸਕਦਾ, ਜੀਭ ਕਹਿੰਦੀ, ਮੇਰੇ ਬਿਨਾਂ ਨਹੀਂ ਹੋ ਸਕਦਾ। ਨਾਸਿਕਾ ਕਹਿੰਦੀ ਮੇਰੇ ਬਿਨਾਂ ਨਹੀਂ ਹੁੰਦਾ, ਹੱਥ ਕਹਿੰਦੇ ਮੇਰੇ ਬਿਨਾਂ ਨਹੀਂ ਹੁੰਦਾ। ਪੈਰ ਕਹਿੰਦੇ ਮੇਰੇ ਬਿਨਾਂ ਨਹੀਂ, ਸਰੀਰ ਕਹਿੰਦਾ, ਮੇਰੇ ਬਿਨਾਂ ਨਹੀਂ ਗੁਜ਼ਾਰਾ ਹੁੰਦਾ। ਕਹਿੰਦੇ, ਚੰਗਾ ਫੈਸਲਾ ਤਾਂ ਇਹ ਹੈ ਕਿ ਇਕ ਪਾਸੇ ਤੋਂ ਸਰੀਰ ਨੂੰ ਛੱਡਦੇ ਚਲੇ ਜਾਓ। ਆਪੇ ਪਤਾ ਲਗ ਜਾਊ। ਪਹਿਲਾਂ ਅੱਖਾਂ ਨੂੰ ਹੁਕਮ ਹੋਇਆ ਕਿ ਤੂੰ ਛੱਡ ਜਾਹ। ਜਦੋਂ ਅੱਖਾਂ ਸਰੀਰ ਨੂੰ ਛੱਡ ਗਈਆਂ, ਅੱਖਾਂ ਦੇ ਛੱਡਣ ਨਾਲ ਕੁਛ ਵੀ ਫਰਕ ਨਹੀਂ ਪਿਆ, ਸਰੀਰ ਉਵੇਂ ਹੀ ਚਲਦਾ ਹੈ, ਉਵੇਂ ਹੀ ਰੋਟੀ ਖਾਂਦਾ ਹੈ, ਉਵੇਂ ਪਾਣੀ ਪੀਂਦੈ, ਉਵੇਂ ਗੱਲਾਂ ਕਰਦੈ। ਕਹਿੰਦੇ, ਨਹੀਂ ਬਈ ਅੱਖਾਂ ਦੇ ਨਾਲ ਕੋਈ ਫਰਕ ਨਹੀਂ ਪਿਆ। ਕਹਿੰਦੇ, ਕੰਨ ਜਾਓ। ਸੁਣਨ ਸ਼ਕਤੀ ਬਾਹਰ ਕੱਢ ਦਿਤੀ। ਕੋਈ ਫਰਕ ਨਹੀਂ ਪਿਆ। ਕਹਿੰਦੇ, ਸੁੰਘਣ ਸ਼ਕਤੀ ਕੱਢ ਦਿਓ। ਕੋਈ ਅਸਰ ਨਾ ਹੋਇਆ। ਫੇਰ ਕਹਿੰਦੇ, ਸਵਾਦ ਜਿਹੜੀ ਲੈਂਦੀ ਹੈ ਉਹ ਕੱਢ ਦਿਓ। ਉਹਦੇ ਕੱਢਣ 'ਤੇ ਵੀ ਕੋਈ ਫਰਕ ਨਾ ਪਿਆ। ਸਪਰਸ਼ ਸ਼ਕਤੀ ਨੂੰ ਕਿਹਾ ਕਿ ਇਹਨੂੰ ਕੱਢ ਦਿਓ, ਉਹ ਕੱਢ ਦਿਤੀ, ਉਹਦੇ ਨਾਲ ਵੀ ਕੁਛ ਨਾ ਹੋਇਆ। ਫੇਰ ਕਹਿੰਦੇ, ਹੱਥਾਂ ਨੂੰ ਕਹੋ, ਹੱਥਾਂ ਦੀ ਸ਼ਕਤੀ ਕੱਢ ਦਿਤੀ, ਸਰੀਰ ਚੱਲ ਰਿਹੈ, ਪੈਰਾਂ ਦੀ ਸ਼ਕਤੀ ਕੱਢ ਦਿਤੀ, ਸਰੀਰ ਠੀਕ ਹੈ, ਕਾਇਮ ਹੈ। ਹੁਣ ਕਹਿੰਦੇ, ਮਨ ਨੂੰ ਕਹੋ, ਮਨ ਚਲਿਆ ਜਾਵੇ। ਮਨ ਚਲਿਆ ਗਿਆ, ਸਰੀਰ ਜਿਉਂਦਾ ਹੈ ਫੇਰ ਵੀ। ਫੁਰਨਾ ਕਰਨ ਤੋਂ ਹਟ ਗਿਆ। ਬੁੱਧੀ ਨੂੰ ਕਿਹਾ ਕਿ ਤੂੰ ਜਾਹ ਹੁਣ। ਬੁੱਧੀ ਚਲੀ ਗਈ। ਕਮਲਿਆਂ ਦਾ ਵੀ ਗੁਜ਼ਾਰਾ ਚਲਦਾ ਹੈ, ਉਹ ਵੀ ਜਿਉਂਦੇ ਨੇ ਜਗਤ 'ਤੇ। ਹੁਣ ਕਹਿੰਦੇ, ਰਹਿ ਕੌਣ ਗਿਆ? ਕਹਿੰਦੇ, ਪ੍ਰਾਣ ਰਹਿ ਗਏ। ਕਹਿੰਦੇ, ਇਕ ਪ੍ਰਾਣ ਜਾਓ ਬਾਹਰ। ਪੰਜ ਕਾਹਨੂੰ ਭੇਜਣੇ ਨੇ। ਜਿਸ ਵਕਤ ਆਹ ਸਾਹ ਲੈਣ ਵਾਲਾ ਪ੍ਰਾਣ ਤੁਰਿਆ, ਅਜੇ ਨਿਕਲ ਹੀ ਰਿਹਾ ਹੈ, ਅੱਖਾਂ ਨੂੰ ਦਿਸਣ ਤੋਂ ਹਟ ਗਿਆ, ਕੰਨਾਂ ਨੂੰ ਸੁਣਨ ਤੋਂ ਹਟ ਗਿਆ, ਦੁਹਾਈ ਮਚ ਗਈ ਕਿ ਬਾਬਾ, ਤੂੰ ਬਾਹਰ ਨਾ ਜਾਹ। ਪਤਾ ਲਗ ਗਿਆ ਕਿ ਆਹ ਸਰੀਰ ਦੇ ਵਿਚ ਪ੍ਰਾਣ ਸਭ ਤੋਂ ਵੱਡੀ ਚੀਜ਼ ਹੈ। ਫੈਸਲਾ ਹੋ ਗਿਆ ਕਿ ਪ੍ਰਾਣਾਂ 'ਚ ਹੈਗਾ। ਮਹਾਰਾਜ ਕਹਿੰਦੇ, ਪ੍ਰਾਣ ਦੇ ਵਿਚ ਜੇ ਉਹਦੀ ਯਾਦ ਸਮਾਅ ਜਾਵੇ, ਵਸ ਜਾਵੇ ਵਾਹਿਗੁਰੂ। ਹੁੰਦਾ ਕੀ ਹੈ –

*ਆਖਾ ਜੀਵਾ ਵਿਸਰੈ ਮਰਿ ਜਾਉ ॥* *ਅੰਗ – ੯*

ਮਹਾਰਾਜ ਕਹਿੰਦੇ –

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥* *ਅੰਗ – ੧੪੨*

ਜਿਉਂਦਾ ਉਹ ਹੈ ਜਿਹਦੇ ਮਨ ਵਿਚ ਨਾਮ ਵਸ ਗਿਆ। ਹੁਣ ਇਥੇ ਮਹਾਰਾਜ ਨੇ ਕਿਹੈ –

*ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ*
*ਬਾਹੁੜਿ ਜਨਮਿ ਨ ਆਵਾ ॥* *ਅੰਗ– ੭੯੫*

ਇਹਦਾ ਨਾਉਂ ਹੀ ਤਾਂ ਪੈ ਗਿਆ ਇਹਨੂੰ ਪ੍ਰਾਣੀ ਕਹਿੰਦੇ ਨੇ। ਪ੍ਰਾਣਾਂ ਦੇ ਨਾਲ ਚੱਲਣ ਵਾਲਾ ਸਰੀਰ ਹੈ, ਇਹਨੂੰ ਪ੍ਰਾਣੀ ਕਹਿੰਦੇ ਨੇ। ਹੁਣ ਸਾਡੇ ਪ੍ਰਾਣ ਦੇ ਵਿਚ ਨਹੀਂ ਵਸਦੀ ਯਾਦ। ਸ਼ਬਦ ਬ੍ਰਹਮ ਨੂੰ ਕਹਿੰਦੇ ਨੇ, ਵਾਹਿਗੁਰੂ ਨੂੰ, ਜੇ ਵਾਹਿਗੁਰੂ ਪ੍ਰਾਣਾਂ ਵਿਚ ਵਸ ਜਾਵੇ, ਜੰਮਣ ਮਰਨ ਦਾ ਚੱਕਰ ਹੀ ਖਤਮ ਹੋ ਜਾਂਦਾ ਹੈ।

ਸੋ ਹੁਣ ਜੋ ਆਪਾਂ ਬਚਨ ਕਰਦੇ ਹਾਂ ਇਹ ਪ੍ਰਾਣਾਂ ਵਿਚ ਨਹੀਂ ਵਸਦੇ। ਇਸ ਕਰਕੇ ਤਕਲੀਫ ਹੈ ਬੜੀ ਜ਼ਬਰਦਸਤ ਕਿ ਜੋ ਗਨਕਾ ਨੇ ਪਦਵੀ ਪ੍ਰਾਪਤ ਕਰ ਲਈ, ਧਰੂ ਨੇ ਕਰ ਲਈ, ਹਾਥੀ ਦੇ ਉਤੇ ਕ੍ਰਿਪਾ ਹੋ ਗਈ। ਅਜਾਮਲ 'ਤੇ ਕ੍ਰਿਪਾ ਹੋਈ। ਮਹਾਰਾਜ ਕਹਿੰਦੇ, ਪਿਆਰਿਆ! ਤੇਰੇ 'ਤੇ ਵੀ ਹੋ ਸਕਦੀ ਹੈ। ਜੇ ਤੂੰ ਪ੍ਰਮੇਸ਼ਰ ਨੂੰ ਹਿਰਦੇ ਵਿਚ ਵਸਾ ਲਵੇਂਗਾ –

*ਧਾਰਨਾ – ਤੂੰ ਵੀ ਤਰ ਜਾਏਂਗਾ,*
*ਭਜ ਲੈ ਗੋਬਿੰਦ ਨੂੰ।*

*ਨਾਨਕ ਕਹਤ ਚੇਤ ਚਿੰਤਾਮਨਿ*
*ਤੈ ਭੀ ਉਤਰਹਿ ਪਾਰਾ ॥* *ਅੰਗ - ੬੩੨*

ਕਹਿੰਦੇ, ਤੇਰੇ ਵਾਸਤੇ ਰਸਤਾ ਬੰਦ ਨਹੀਂ ਹੈ। ਉਹ ਜੇ ਐਸੇ ਤਰ ਸਕਦੇ ਨੇ, ਤਾਂ ਤੂੰ ਵੀ ਤਰੀਕਾ ਸਿੱਖ ਲੈ।

ਸੋ ਮੈਂ ਪਿਛਲੀ ਵਾਰੀ ਐਨੀਓਂ ਬੇਨਤੀ ਕਰੀ ਸੀ ਕਿ -

*ਗਨਿਕਾ ਪਾਪਣ ਹੋਇਕੈ ਪਾਪਾ ਦਾ ਗਲ ਹਾਰ ਪਰੋਤਾ।*
*ਭਾਈ ਗੁਰਦਾਸ ਜੀ*

ਪਾਪ ਕਿਉਂ ਹੁੰਦੇ ਨੇ, ਆਦਮੀ ਦਾ ਮਨ ਕਿਉਂ ਪਾਪ ਨੂੰ ਸਵੀਕਾਰ ਕਰਦੈ। ਕਿਉਂ ਪਾਪ ਦੇ ਨਾਲ ਪਿਆਰ ਪੈ ਜਾਂਦੈ। ਕਿਵੇਂ ਉਹਦੀ ਅੰਦਰਲੀ ਸੋਝੀ ਗਾਇਬ ਹੋ ਜਾਂਦੀ ਹੈ। ਕਿਵੇਂ ਅੰਦਰਲੀ ਅਵਾਜ਼ ਸੁਣਨ ਤੋਂ ਹਟ ਜਾਂਦਾ ਹੈ। ਬੜੀ ਲੰਮੀ ਮੈਂ ਬਾਤਚੀਤ ਕਰੀ ਸੀ। ਜਦੋਂ ਬਿਲਕੁਲ ਉਹਦਾ ਸਬੰਧ ਟੁੱਟ ਜਾਂਦੈ, ਆਤਮਕ ਨਾਲੋਂ ਜਿਹਨੂੰ ਜ਼ਮੀਰ ਦੀ ਅਵਾਜ਼ ਕਹਿੰਦੇ ਨੇ, ਰੱਬ ਦੀ ਅਵਾਜ਼ ਕਹਿੰਦੇ ਨੇ, ਉਸ ਵੇਲੇ ਫੇਰ ਉਹ ਸ਼ੈਤਾਨ ਦੀ ਅਵਾਜ਼ ਸੁਣਦੈ। ਨੀਵੇਂ ਪੱਧਰ 'ਤੇ ਆ ਕੇ ਰੁਚੀਆਂ ਦਾ ਜਿਹੜਾ ਪ੍ਰਭਾਵ ਹੈ, ਕਹਿੰਦੇ ਤਾਂ ਉਹਨੂੰ ਸ਼ੈਤਾਨ ਨੇ। ਕੋਈ ਹਸਤੀ ਨਹੀਂ ਹੈ ਸ਼ੈਤਾਨ। ਲੇਕਿਨ ਆਦਮੀ ਦੇ ਅੰਦਰ ਐਸਾ ਵਾਤਾਵਰਣ ਪੈਦਾ ਹੋ ਜਾਂਦੈ ਕਿ ਜੀ ਮੇਰਾ ਜੀਅ ਨਹੀਂ ਕਰਦਾ ਭਜਨ ਕਰਨ ਨੂੰ। ਮੇਰਾ ਜੀਅ ਨਹੀਂ ਕਰਦਾ ਗੁਰਦੁਆਰੇ ਜਾਣ ਨੂੰ। ਅੱਗੇ ਮੈਂ ਜਾਂਦਾ ਸੀ। ਮੇਰਾ ਜੀਅ ਨਹੀਂ ਕਰਦਾ ਕਿਸੇ ਸਾਧੂ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਨੂੰ। ਉਹ ਹੋ ਕੀ ਗਿਆ? ਇਹ ਹੋਇਆ ਕਿ ਉਹਦੇ ਅੰਦਰ conversion (ਪਰਿਵਰਤਨ) ਹੋ ਗਈ। ਪਹਿਲਾਂ ਉਹਦੇ ਅੰਦਰ ਪ੍ਰਕਾਸ਼ ਸੀਗਾ। ਖੇੜਾ ਸੀ, ਖਿੱਚ ਸੀ, ਮਨ ਦੇ ਉਤੇ ਕੋਈ ਮੈਲ ਨਹੀਂ ਸੀ। ਜਿਥੋਂ ਕਰੰਟ ਪਾਸ ਹੁੰਦੀ ਹੈ ਉਥੇ ਕਾਰਬਨ ਨਹੀਂ ਸੀ ਕੋਈ ਵੀ। ਕਾਰਬਨ ਹੋ ਜਾਏ, ਗੱਡੀ ਚਲ ਰਹੀ ਹੈ, ਕਰੰਟ ਆ ਰਹੀ ਹੈ ਬੈਟਰੀ ਦੇ ਵਿਚੋਂ। ਡਿਸਟ੍ਰੀਬਿਊਟਰ 'ਚੋਂ ਪਾਸ ਨਹੀਂ ਹੋ ਰਹੀ, ਫੇਰ ਇੰਜਣ ਕਿਵੇਂ ਚਲ ਜਾਏਗਾ। ਇਸੇ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਵਲੋਂ ਤਾਂ ਕਰੰਟ ਆ ਰਹੀ ਹੈ, ਲੇਕਿਨ ਵਿਚਾਲੇ ਇਕ ਪੜਦਾ ਪੈ ਗਿਆ ਮੈਲ ਦਾ। ਕਾਰਬਨ ਬਣ ਗਈ। ਉਹਦੇ ਨਾਲ ਕੀ ਹੋਇਆ? ਹਰ ਬੰਦੇ ਨੂੰ ਪ੍ਰਮੇਸ਼ਰ ਗਾਈਡ ਕਰਦੈ ਚਾਹੇ ਉਹ ਕਿਹੋ ਜਿਹਾ ਹੀ ਹੈ। ਜਨਮ ਤੋਂ ਹੀ ਗਾਈਡ ਕਰਦੈ ਕਿ ਨਾ ਆਹ ਕੰਮ ਨਹੀਂ ਕਰਨਾ। ਹੁਣ ਬਾਹਰ ਪਸੂ ਸੂ ਪੈਂਦੈ, ਜੰਗਲ ਦੇ ਅੰਦਰ, ਹਰਨ ਵੀ ਨੇ ਹੋਰ ਵੀ ਨੇ, ਸਾਰੇ ਹੀ ਨੇ। ਉਹਨੂੰ ਦੁੱਧ ਦੀ ਲੋੜ ਹੁੰਦੀ ਹੈ। ਉਹਨੂੰ ਆਪ ਹੀ guidance (ਮਾਰਗ ਦਰਸ਼ਨ) ਆਉਂਦੀ ਹੈ ਕਿ ਏਧਰ ਨੂੰ ਚਲਿਆ ਜਾਹ, ਇਥੇ ਦੁੱਧ ਹੈ। ਉਹਦੇ ਇਕ ਸੁਗੰਧੀ (smell) ਪੈਦਾ ਹੋ ਜਾਂਦੀ ਹੈ ਇਕ ਦੁੱਧ ਦੀ। ਰੁਚੀ ਜਾਗ ਪੈਂਦੀ ਹੈ, ਜਿਉਂ-ਜਿਉਂ ਓਧਰ ਨੂੰ ਜਾਂਦੈ, ਉਹਨੂੰ ਪਤਾ ਲਗ ਜਾਂਦੈ ਕਿ ਇਥੇ ਹੈ ਦੁੱਧ। ਜਾ ਕੇ ਚੁੰਘ ਲੈਂਦੇ ਨੇ। ਕੋਈ ਉਹਦੇ ਥਣ ਮੂੰਹ 'ਚ ਪਾਉਂਦੈ? ਅੰਦਰੋਂ ਹੀ ਮਾਰਗ ਦਰਸ਼ਨ ਹੁੰਦੈ। ਹਰਨੀ ਦਾ ਬੱਚਾ ਇਕ ਦਿਨ ਦਾ ਹੋਵੇ, ਪਾਣੀ 'ਚ ਸੁੱਟ ਦਿਓ, ਤੈਰ ਕੇ ਲੰਘ ਜਾਏਗਾ, ਕੀਹਨੇ ਸਿਖਾਇਆ ਉਹਨੂੰ ਤਰਨਾ। ਮਨੁੱਖ ਦਾ ਬੱਚਾ ਨਹੀਂ ਲੰਘ ਸਕਦਾ, ਕਿਉਂਕਿ ਇਹਦਾ ਦਿਮਾਗ ਬਹੁਤ ਹੌਲੀ ਚਲਦੈ। ਇਹਨੂੰ ਲੋੜ ਨਹੀਂ ਹੈ ਦਸਣ ਦੀ। ਸਮੇਂ ਸਿਰ ਦੱਸਣ ਦੀ ਲੋੜ ਹੈ। ਇਹਦੇ ਨਾਲ ਹੋਰ ਤਰ੍ਹਾਂ ਦਾ ਵਿਹਾਰ ਹੁੰਦੈ, ਇਹਦੇ ਅੰਦਰੋਂ ਕਰਮ (actions) ਦੀ ਅਵਾਜ਼ ਆਉਂਦੀ ਹੈ ਕਿ ਤੂੰ ਆਹ ਨਾ ਕਰ। ਇਹ ਗਲਤ ਹੈ, ਆਹ ਕਰ ਲੈ। ਜਿੰਨੀ ਦੇਰ ਤਕ ਇਹ ਅੰਦਰ ਦੀ ਅਵਾਜ਼ ਸੁਣਦਾ ਹੈ, ਅੰਦਰੋਂ ਸਾਫ ਆਵਾਜ਼ ਆਉਂਦੀ ਹੈ, ਓਨਾਂ ਚਿਰ ਇਹਦੇ ਜੀਵਨ 'ਚ ਸੁਖ ਹੀ ਸੁਖ ਨੇ। ਜਦੋਂ ਇਹਦੇ ਅੰਦਰ ਪਾਪਾਂ ਦੀ ਮੈਲ ਜੰਮਣੀ ਸ਼ੁਰੂ ਹੋ ਜਾਵੇ, ਅਸ਼ਰਧਾ ਦੀ, ਕ੍ਰੋਧ ਦੀ, ਕਾਮ ਦੀ, ਲੋਭ ਦੀ, ਮੋਹ ਦੀ, ਅਹੰਕਾਰ ਦੀ, ਅਵਿਦਿਆ ਦੀ, ਅਭਿਮਾਨਾਂ ਦੀ ਉਸ ਵੇਲੇ ਕਾਰਬਨ ਜੰਮ ਜਾਂਦੀ ਹੈ ਤੇ ਵਾਹਿਗੁਰੂ ਵਲੋਂ ਜੋ ਅਵਾਜ਼ ਆਉਂਦੀ ਹੈ ਉਸ ਵਿਚਾਲੇ ਵਿਘਨ ਪੈ ਗਿਆ, ਹੁਣ ਅਵਾਜ਼ ਨਹੀਂ ਆਉਂਦੀ। ਹੁਣ ਅਵਾਜ਼ ਕਿਥੋਂ ਆਏਗੀ? ਦੂਜੇ ਪਾਸੇ ਨੇ ਰੁਚੀਆਂ, ਸੈਕਸ ਦੀ ਰੁਚੀ ਆਈ, ਕੰਟਰੋਲ ਕਰਨ ਵਾਲਾ ਕੋਈ ਵੀ ਨਹੀਂ ਹੈ, ਕਿਉਂਕਿ ਫੇਰ ਦੱਸਣ ਵਾਲਾ ਕੋਈ ਨਹੀਂ ਕਿ ਤੈਨੂੰ ਇਸ ਤਰ੍ਹਾਂ ਹੋ ਜਾਏਗਾ, ਤੱਤੇ ਥੰਮ ਗਲ ਨਾਲ ਲਗਣਗੇ। ਫੇਰ ਔਖਾ ਹੋ ਜਾਏਂਗਾ। ਏਡਜ਼ ਦੀ ਬਿਮਾਰੀ ਹੋ ਜਾਏਗੀ। ਪਸ਼ੂ ਬਿਰਤੀ ਪ੍ਰਧਾਨ ਹੋ ਜਾਂਦੀ ਹੈ। ਉਹਦੇ ਨਾਲ ਫੇਰ ਪਾਪ 'ਚ ਪ੍ਰਵਿਰਤ ਹੋ ਜਾਂਦਾ ਹੈ। ਉਹਨਾਂ ਕੰਮਾਂ 'ਚ ਜਿਹੜੇ ਬੰਦੇ ਨੂੰ ਸੁਖ ਨਾ ਦੇਣ। ਸ਼ਾਂਤੀ ਨਾ ਦੇਣ। ਜੋ ਸਰੀਰਕ ਸਵੱਛਤਾ ਨਾ ਦੇਣ। ਇਹ ਪਾਪ ਹੋਇਆ ਕਰਦੇ, ਉਹਨਾਂ 'ਚ ਪ੍ਰਵਿਰਤ ਹੋ ਜਾਂਦਾ ਹੈ। ਫੇਰ ਉਹਨੂੰ ਕੋਈ ਸੋਝੀ ਨਹੀਂ ਰਹਿੰਦੀ, ਨਾ ਕੋਈ ਚੰਗੇ ਦੀ, ਨਾ ਮੰਦੇ ਦੀ।

ਉਹ ਕਹਿੰਦੇ, ਉਹ ਬੀਬੀ ਐਨੀ ਗੁਆਚ ਗਈ ਕਿ ਉਹਨੂੰ ਸੋਝੀ ਹੀ ਖਤਮ ਹੋ ਗਈ ਤੇ ਗਲਤ ਕੰਮਾਂ ਦੇ ਵਿਚ ਐਨੀ ਰੁਝ ਗਈ ਕਿ ਭਾਈ ਗੁਰਦਾਸ ਜੀ ਨੇ ਕਿਹਾ -

*ਗਨਿਕਾ ਪਾਪਣ ਹੋਇਕੈ ਪਾਪਾ ਦਾ ਗਲ ਹਾਰ ਪਰੋਤਾ।*

*ਭਾਈ ਗੁਰਦਾਸ ਜੀ*

ਹਾਰ ਪਹਿਨ ਲਿਆ। ਇਹ ਹਾਰ ਪਹਿਨਣ ਦੀ ਵੀ background (ਪਿਛੋਕੜ) ਹੈ, ਕਿ ਹਾਰ ਪਹਿਨਣਾ ਕਿਉਂ ਕਿਹੈ। ਮੈਂ ਕਈ ਵਾਰ ਦੀਵਾਨਾਂ 'ਚ ਦਸਿਆ ਹੈਕਿ ਪਾਪਾਂ ਦਾ ਹਾਰ ਕਿਉਂ ਕਹਿ ਦਿਤਾ। ਇਹ ਰਿਵਾਜ ਸੀ ਸਾਧਸੰਗਤ ਜੀ ਐਸਾ ਹੀ। ਦੋ ਸ਼ਹਿਰ ਗਰਕ ਹੋਏ-ਹੋਏ ਸੀ ਇਸ ਗੱਲ ਦੇ ਉਤੇ, ਰੋਮ ਦੇ ਨਾਲ ਲਗਦੇ। ਜਿੰਨੇ ਪਾਪ ਕਰਦਾ ਸੀ ਉਹ ਬੰਦਾ ਓਨਾ ਹੀ ਵੱਡਾ ਗਿਨਿਆ ਜਾਂਦਾ ਸੀ। ਇਟਲੀ ਦੀ ਗੱਲ ਹੈ ਇਹ। ਉਥੇ ਜਿੰਨੇ ਪਾਪ ਕਰਦੇ ਸੀ, ਮਾਲਾ ਦਾ ਮਣਕਾ ਬਣਾ ਦਿੰਦੇ ਸੀ, ਗੰਢ ਦੇ ਦਿੰਦੇ ਸੀ। ਅਗਲਾ ਪਾਪ ਕਰਿਆ, ਗੰਢ। ਸਾਲ ਤੋਂ ਬਾਅਦ ਨਰੀਖਣ ਹੁੰਦਾ। ਜਿਹਦੀ ਸਾਰਿਆਂ ਨਾਲੋਂ ਜ਼ਿਆਦਾ ਲੰਮੀ ਮਾਲਾ ਹੁੰਦੀ, ਗੰਢਾਂ ਜ਼ਿਆਦਾ ਹੁੰਦੀਆਂ, ਉਹਨੂੰ ਇਨਾਮ ਮਿਲਿਆ ਕਰਦੇ ਸੀ। ਹੁਣ ਵੀ ਅਸੀਂ ਦਿੰਦੇ ਹਾਂ ਅਸੀਂ ਨੱਚਣ ਟੱਪਣ ਵਾਲਿਆਂ ਨੂੰ ਅਵਾਰਡ। ਉਹਨਾਂ ਨੂੰ ਜ਼ਿਆਦਾ ਗਿਣਦੇ ਹਾਂ। ਬੰਦਗੀ ਕਰਨ ਵਾਲੇ ਨੂੰ ਸਰਕਾਰਾਂ ਨੇ ਕਿਸੇ ਨੂੰ ਅਵਾਰਡ ਦਿਤੈ? ਦਿਨ ਰਾਤ ਤੁਰੇ ਫਿਰਦੇ ਨੇ। ਸੋਝੀ ਹੈ ਆਪਣੀ ਜਿਹੋ ਜਿਹੀ ਵੀ ਕਿਸੇ ਦੀ ਹੈ। ਬੰਦਗੀ ਕਰਨ ਵਾਲਿਆਂ ਨੂੰ ਅਵਾਰਡ ਕਿਥੇ ਮਿਲਦੈ? ਉਹਨਾਂ ਨੂੰ ਅਵਾਰਡ ਮਿਲਦੈ ਅਖੀਰ ਦੇ ਉਤੇ। ਕਿਹੋ ਜਿਹਾ ਮਿਲਦਾ ਹੈ? ਮਹਾਰਾਜ ਦਸਦੇ ਨੇ -

*ਧਾਰਨਾ - ਦਰਗਹ ਮਿਲਦੈ ਥਾਉਂ,*
*ਗੁਰਾਂ ਨਾਲ ਰਤਿਆਂ-ਗੁਰਾਂ ਨਾਲ ਰਤਿਆਂ।*

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*

*ਅੰਗ - ੫੧੭*

ਕਿੱਡਾ ਵੱਡਾ ਅਵਾਰਡ ਮਿਲਿਆ। ਉਹਨੇ ਝੂਠਾ ਅਵਾਰਡ ਕੀ ਕਰਨਾ ਸੀ। ਜਿਹੜੇ ਦੁਨੀਆਂ ਦੇ ਅਵਾਰਡ ਮਿਲਦੇ ਨੇ ਵੱਡੇ-ਵੱਡੇ ਇਕੱਠ ਕਰਕੇ, ਬੁਲਾ-ਬੁਲਾ ਕੇ, ਕਿ ਜੀ ਇਹ ਬਹੁਤ ਪੜ੍ਹ ਗਿਆ, ਉਹ ਜੇ ਗੁਰੂ ਘਰ 'ਚ ਅਵਾਰਡ ਲੈਣਾ ਹੋਵੇ ਇਥੇ ਨਹੀਂ ਉਹ ਮਿਲਦਾ। ਇਥੇ ਸਵਾਲ ਕੀਤਾ ਜਾਂਦਾ ਹੈ ਕਿ ਕਿੰਨਾ ਪੜ੍ਹ ਗਿਆ? ਕਹਿੰਦਾ, ਮੈਂ ਡੀ.ਲਿਟ ਕਰ ਲਈ, ਡਿਗਰੀ ਲੈ ਲਈ। ਹੁਣ ਸਾਡੇ ਤੋਂ ਡਿਗਰੀ ਲੈਣੀ ਹੈ, ਸੰਗਤ ਤੋਂ ਡਿਗਰੀ ਲੈਣੀ ਹੈ ਤਾਂ ਦਸ ਕਿ ਤੂੰ ਕਾਮ ਦੇ ਜਜ਼ਬੇ ਨੂੰ ਵਸੀਭੂਤ ਕਰ ਲਿਆ? ਕਹਿੰਦਾ ਨਹੀਂ। ਜੇ ਕੋਈ ਤੇਰਾ ਨਿਰਾਦਰ ਕਰੇ, ਚੀਜ਼ ਨਾ ਮਿਲੇ, ਫੇਰ ਤੈਨੂੰ ਗੁੱਸਾ ਆ ਜਾਵੇ, ਉਹਨੂੰ ਕਾਬੂ ਕਰ ਲਿਆ? ਕਹਿੰਦਾ, ਨਹੀਂ। ਜੇ ਕੋਈ ਚੀਜ਼ ਤੈਨੂੰ ਹਾਸਿਲ ਹੁੰਦੀ ਹੋਵੇ, ਤੇਰਾ ਹੱਕ ਨਾ ਹੋਵੇ, ਤੂੰ ਵਲ ਛਲ ਕਰਕੇ ਲਕੋ-ਲਕਾ ਕੇ ਉਹ ਚੀਜ਼ ਤੇਰੇ ਕੋਲ ਪਹੁੰਚ ਜਾਵੇ, ਉਹਨੂੰ ਤੂੰ ਕਾਬੂ ਕਰ ਲਿਆ, ਮੈਂ ਨਹੀਂ ਹੱਥ ਲਾਉਣਾ? ਕਹਿੰਦਾ, ਨਹੀਂ, ਮੈਂ ਲਊਂ ਉਹ ਚੀਜ਼। ਜੇ ਤੈਨੂੰ ਪੜ੍ਹਿਆ ਲਿਖਿਆ ਜਾਣ ਕੇ ਤੇਰਾ ਨਿਰਾਦਰ ਕਰ ਦੇਵੇ, ਉਹ ਤੂੰ ਸਹਿਨ ਕਰ ਸਕਦੈਂ? ਕਹਿੰਦਾ, ਨਹੀਂ। ਕਹਿੰਦਾ, ਮੈਂ ਪੜ੍ਹਿਆ ਹਾਂ। ਮੈਂ ਦੁਨੀਆਂ ਨਾਲੋਂ ਕਿਤੇ ਜਾ ਕੇ ਵੱਡਾ ਹਾਂ। ਕਹਿੰਦੇ, ਪਰਿਵਾਰ ਦਾ ਹਿਤ ਛੱਡ ਕੇ ਤੂੰ ਸੰਸਾਰ ਦੇ ਹਿਤ ਵਿਚ ਕੁਝ ਕਰ ਸਕਦੈਂ? ਕਹਿੰਦਾ, ਪਹਿਲਾ ਪਰਿਵਾਰ ਫੇਰ ਸੰਸਾਰ। ਪਹਿਲਾਂ ਆਪਣਾ ਕਰੂੰ ਫੇਰ ਬੇਗਾਨੇ ਦਾ। ਮਹਾਰਾਜ ਕਹਿੰਦੇ, ਅਵਾਰਡ ਲੈਣੈ? ਕਿਉਂਕਿ ਤੇਰੇ ਵਿਚ ਉਹ ਸਾਰੀਆਂ ਚੀਜ਼ਾਂ ਨੇ, ਜੇ ਤੂੰ ਰੂਹਾਨੀਅਤ ਦਾ ਅਵਾਰਡ ਲੈਣਾ, ਤੈਨੂੰ ਦੇ ਦਿੰਦੇ ਹਾਂ-

*ਧਾਰਨਾ - ਪੜ੍ਹਿਐ ਮੂਰਖ ਆਖੀਐ,*
*ਜਿਸ ਵਿਚ ਲਭ ਲੋਭ ਅਹੰਕਾਰ।*
*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥*

*ਅੰਗ - ੧੪੦*

ਮੂਰਖ ਦਾ ਮਿਲਿਆ ਕਿਉਂਕਿ ਸੰਸਾਰ ਦੀ ਗਤੀ, ਉਹਦੀ judgement ਹੋਰ ਹੈ, ਰੂਹਾਨੀ ਗਜ਼ ਹੋਰ ਨੇ, ਦੁਨੀਆਂ ਦੇ ਗਜ਼ ਹੋਰ ਨੇ। ਦੁਨੀਆਂ ਨਾਪੀ ਜਾਂਦੀ ਹੈ ਸੋਨੇ ਦੇ ਗਜ਼ਾਂ ਨਾਲ, ਰੂਹਾਨੀਅਤ ਨਾਪੀ ਜਾਂਦੀ ਹੈ ਰੂਹਾਨੀ ਗੁਣਾਂ ਦੇ ਨਾਲ।

ਸੋ ਇਸ ਕਰਕੇ ਸਾਧਸੰਗਤ ਜੀ! ਆਦਮੀ ਜਦੋਂ ਹੇਠਲੇ ਪੱਧਰ 'ਚ ਆ ਜਾਂਦੈ ਉਥੇ ਇਸਲਾਮ ਵਾਲੇ ਕਹਿੰਦੇ ਨੇ ਕਿ ਇਹਦੇ ਉਤੇ ਸ਼ੈਤਾਨ ਹਾਵੀ ਹੋ ਗਿਆ। ਮਹਾਰਾਜ ਕਹਿੰਦੇ, ਇਹਦੇ ਉਤੇ ਹਉਮੈ ਹਾਵੀ ਹੋ ਗਈ। ਕਹਿੰਦੇ, ਅੰਦਰ ਸ਼ਬਦ ਹੋ ਰਿਹੈ, ਹਰ ਵਕਤ ਹੋ ਰਿਹੈ -

*ਦਿਲਾ ਕਾ ਮਾਲਕੁ ਕਰੇ ਹਾਕੁ ॥ ਅੰਗ- ੯੯੭*

ਉਸ ਹਾਕ ਨੂੰ ਫੜਨੈ ਅਸੀਂ ਅੰਦਰ ਜਾ ਕੇ,

ਉਹ ਪੁਆਇੰਟ ਪਾਰ ਕਰਕੇ। ਉਹਨੂੰ ਨਾਦ ਵੀ ਕਹਿੰਦੇ ਨੇ, ਅਨਹਦ ਨਾਦ ਵੀ ਕਹਿੰਦੇ ਨੇ। ਮਹਾਰਾਜ ਕਹਿੰਦੇ –

*ਮਾਇਆਧਾਰੀ ਅਤਿ ਅੰਨਾ ਬੋਲਾ ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ ਅੰਗ – ੩੧੩*

ਅਤਿ ਦਾ ਅੰਨਾ ਤੇ ਬੋਲਾ ਹੋ ਗਿਆ। ਵਿਚਾਲੇ bad conductor (ਬੁਰੀ ਭਾਵਨਾ) ਆ ਗਿਆ। ਬਿਜਲੀ ਵੀ ਨਹੀਂ ਲੰਘ ਸਕਦੀ bad conductor (ਬੁਰੀ ਭਾਵਨਾ) 'ਚੋਂ। ਆਹ ਹਾਲ ਸਾਡੇ ਮਨ (mind) ਦਾ ਹੈ, ਜਦੋਂ ਹੇਠਲੀ ਅਵਸਥਾ ਵਿਚ ਆਦਮੀ ਆ ਜਾਂਦੈ, ਵਿਚਾਰ ਗੁੰਮ ਹੋ ਜਾਂਦੀ ਹੈ, ਲਾਈਟ ਖਤਮ ਹੋ ਜਾਂਦੀ ਹੈ, ਫੇਰ ਪਾਪਾਂ ਨਾਲ ਪਿਆਰ ਪੈ ਜਾਂਦੈ –

*ਪਾਪੁ ਬੁਰਾ ਪਾਪੀ ਕਉ ਪਿਆਰਾ ॥ ਅੰਗ – ੯੩੫*

ਕਦੇ–ਕਦੇ ਉਸ ਬੀਬੀ ਦੇ ਮਨ ਵਿਚ ਖਿਆਲ ਆ ਜਾਂਦਾ ਸੀ ਕਿ ਮਨਾ! ਤੂੰ ਕਿਹੋ ਜਿਹਾ ਕੰਮ ਕਰ ਲਿਆ। ਬਚਪਨ 'ਚ ਮੈਂ ਸਤਿਸੰਗ 'ਚ ਜਾਂਦੀ ਸੀ, ਸੰਤਾ ਦੇ ਦਰਸ਼ਨ ਕਰਦੀ ਸੀ। ਸ਼ਾਂਤੀ ਸੀ। ਭਾਵੇਂ ਉਸ ਵੇਲੇ ਐਨਾ ਪੈਸਾ ਨਹੀਂ ਸੀ, ਹੁਣ ਪੈਸਾ ਹੈ, ਬਹੁਤ ਕੀਮਤੀ ਤੋਂ ਕੀਮਤੀ ਕੱਪੜੇ ਨੇ, ਪਰ ਮੇਰੇ ਅੰਦਰ ਕਦੇ ਵੀ ਸ਼ਾਂਤੀ ਨਹੀਂ ਆਉਂਦੀ। ਹਰ ਵਕਤ ਅੰਦਰ ਤਪਦਾ ਰਹਿੰਦੈ। ਕੋਈ ਚੀਜ਼ ਹੈ ਜਿਹੜੀ ਮੇਰੇ ਕੋਲ ਹੈ ਨਹੀਂ। ਘਾਟਾ ਹੈ ਮੇਰੇ ਕੋਲ ਕਿਸੇ ਚੀਜ਼ ਦਾ। ਮਹਾਰਾਜ ਕਹਿੰਦੇ, ਉਹ ਘਾਟਾ ਨਾਮ ਦਾ ਹੁੰਦਾ ਹੈ –

*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ ॥ ਅੰਗ – ੭੦੭*
*ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥*
*ਅੰਗ – ੧੪੨੭*

ਜੇ ਤੂੰ ਚਾਹੁੰਦਾ ਹੈਂ ਕਿ unbreakable ਸੁਖ ਮਿਲ ਜਾਵੇ। ਕਹਿੰਦੇ, 'ਸਰਨਿ ਰਾਮ ਕੀ ਲੇਹ॥' ਸਿੱਧੇ ਹੀ ਫਾਰਮੂਲੇ ਨੇ। ਦੁਖੀ ਆਦਮੀ ਆਪ ਹੁੰਦੈ, ਪ੍ਰਮੇਸ਼ਰ ਨੂੰ ਭੁੱਲ ਕੇ –

*ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥*
*ਅੰਗ – ੫੨੨*

ਇਕ–ਦੋ ਚਾਰ ਨਹੀਂ, ਮਹਾਰਾਜ ਕਹਿੰਦੇ ਸਾਰੇ ਵਿਘਨ ਉਥੋਂ ਹੀ ਆਉਂਦੇ ਨੇ। ਜੇ ਉਲਟ ਕਰ ਲਵੇ–

*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥ ਅੰਗ– ੨੬੨*

ਜੇ ਵਾਹਿਗੁਰੂ ਯਾਦ ਵਿਚ ਵਸ ਗਿਆ, ਵਿਘਨ ਖਤਮ। ਨਾ ਗ੍ਰਹਿ ਉਹਦੇ ਉਤੇ ਹਮਲਾ ਕਰ ਸਕੇ। ਅਸੀਂ ਕਹਿ ਦਿੰਦੇ ਹਾਂ ਜੀ ਅਸੀਂ ਤਾਂ ਸਿੱਖ ਹਾਂ। ਗ੍ਰਹਿਆਂ ਨੂੰ ਮੰਨਦੇ ਨਹੀਂ। ਗ੍ਰਹਿ ਤਾਂ ਇਕ ਸਾਇੰਟੇਫਿਕ ਚੀਜ਼ ਹੈ। ਉਹਨਾਂ ਦੀ vibration ਤਾਂ ਆਦਮੀ 'ਤੇ ਆਉਣੀ ਹੀ ਆਉਣੀ ਹੈ, ਤੱਤਾਂ ਦੇ ਨਾਲ, ਜਨਮ ਦੇ ਨਾਲ ਹਿਸਾਬ ਹੈ ਇਹ ਕੁਦਰਤ ਦਾ। ਐਨਾ ਕਹਿਣ 'ਤੇ ਨਹੀਂ ਸਰਦਾ। ਸਰਦਾ ਕਦੋਂ ਹੈ ਜਦੋਂ ਨਾਮ ਤੁਹਾਡੇ ਅੰਦਰ ਆ ਜਾਵੇ। ਕਹਿੰਦੇ ਜਦੋਂ ਪ੍ਰਮੇਸ਼ਰ ਦਾ ਨਾਮ ਅੰਦਰ ਆ ਗਿਆ, ਫੇਰ ਨਹੀਂ ਵਿਘਨ ਲੱਗਿਆ ਕਰਦੇ। ਜਿੰਨਾਂ ਚਿਰ ਨਹੀਂ ਆਇਆ, ਕਹਿਣ 'ਤੇ ਵਿਘਨ ਹਟਿਆ ਨਹੀਂ ਕਰਦੇ।

ਸੋ ਇਸ ਤਰ੍ਹਾਂ ਦੇ ਨਾਲ ਬਾਰਿਸ਼ ਹੋਈ ਕੁਦਰਤੀ ਗਨਕਾ ਦੇ ਦੁਆਰੇ 'ਤੇ ਮਹਾਤਮਾ ਜਾ ਵੜੇ। ਸੰਜੋਗ ਹੋ ਗਿਆ, ਅਚਾਨਕ ਹੋਈ ਗੱਲ। ਜਿਹਨੂੰ ਅਸੀਂ ਅਚਾਨਕ ਕਹਿੰਦੇ ਹਾਂ, ਇਹ ਇਕ ਐਵੇਂ ਨਹੀਂ ਹੁੰਦੀ। ਇਹ ਸਾਰੇ ਦਾ ਪਿੱਛੇ ਕੋਈ ਨਾ ਕੋਈ ਕਾਰਨ ਹੁੰਦੈ। ਉਸ ਬੀਬੀ ਦੇ ਕੋਈ ਪੁੰਨ ਕਰਮ ਬਚਦੇ ਸੀ ਅਜੇ। ਕਿਉਂਕਿ ਅਸੂਲ ਇਹ ਹੈ ਕਿ ਕਦੇ ਸਾਧੂ ਦੇ ਦਰਸ਼ਨ ਹੁੰਦੇ ਹੀ ਨਹੀਂ ਹਨ। ਜਿੰਨੀ ਦੇਰ ਤਕ ਕਿਸੇ ਪ੍ਰੇਮੀ ਦੇ ਪੁੰਨ ਫਲ ਦੇਣ ਵਾਸਤੇ ਤਿਆਰ ਨਾ ਹੋਣ। ਸਤਿਸੰਗ ਕਦੇ ਨਹੀਂ ਮਿਲਦੀ ਜਿੰਨੀ ਦੇਰ ਤਕ ਪੁੰਨ ਕਰਮ ਉਹਦੇ ਤਿਆਰ ਨਾ ਹੋ ਜਾਣ। ਨਹੀਂ ਤਾਂ ਕੋਲੋਂ ਲੰਘ ਜਾਂਦੈ। ਕੋਲ ਬੈਠ ਨਹੀਂ ਸਤਿਸੰਗ ਕਰ ਸਕਦਾ। ਕਿਉਂਕਿ ਉਹਦੇ ਪੁੰਨ ਕਰਮ ਹੈ ਨਹੀਂ। ਸੈਂਕੜੇ ਮੀਲਾਂ ਤੋਂ ਆ ਕੇ ਕਈ ਕਰ ਲੈਂਦੇ ਨੇ। ਕਿੱਡੀ–ਕਿੱਡੀ ਦੂ ਤੋਂ ਆਉਂਦੇ ਨੇ। ਸਵੇਰ ਦੇ ਤੁਰੇ ਹੁੰਦੇ ਨੇ। ਫੇਰ ਹਨ੍ਹੇਰੇ ਹੋਏ ਘਰਾਂ 'ਚ ਪਹੁੰਚਦੇ ਨੇ। ਉਹ ਪੁੰਨ ਕਰਮ ਜਾਗੇ ਹੋਏ ਨੇ। ਸਤਿਸੰਗ ਦਾ ਫਲ ਮਿਲਣੈ, ਜੇ ਮੰਨ ਲਵੇ –

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥*
*ਅੰਗ – ੬੬੯*

ਹੁਣ ਮਹਾਤਮਾ ਤਾਂ ਆ ਗਏ, ਮਹਾਤਮਾ ਦੇ ਵਿਚ ਇਕ ਕਸ਼ਿਸ਼ ਹੁੰਦੀ ਹੈ ਬੜੀ ਜ਼ਬਰਦਸਤ, ਉਹਦਾ ਦਰਸ਼ਨ ਕਰਦੇ ਸਾਰ ਅੰਦਰਲੇ ਪਾਪ ਜਿਹੜੇ ਨੇ ਉਹ ਕੰਬਣ ਲਗ ਜਾਂਦੇ ਨੇ।

***(ਵੀਡੀਓ ਫਿਲਮ ਦੀਵਾਨ ਨੰ: 756)***

*'ਚਲਦਾ.................।'*

# ਸੰਤ ਕਾ ਸੰਗੁ ਵਡਭਾਗੀ ਪਾਈਐ

*ਸੰਤ ਬਾਬਾ ਹਰਪਾਲ ਸਿੰਘ ਜੀ*

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥*
*ਸੰਤ ਕਾ ਸੰਗੁ ਵਡਭਾਗੀ ਪਾਈਐ ॥*
*ਸੰਤ ਕੀ ਸੇਵਾ ਨਾਮੁ ਧਿਆਈਐ ॥*
*ਨਾਮ ਤੁਲਿ ਕਛੁ ਅਵਰੁ ਨ ਹੋਇ ॥*
*ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥ ੮ ॥ ੨ ॥*
*ਅੰਗ - ੨੬੫*

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥*
*ਜੇ ਕੋ ਆਪੁਨਾ ਦੂਖੁ ਮਿਟਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥*
*ਜੇ ਕੋ ਆਪੁਨੀ ਸੋਭਾ ਲੋਰੈ ॥*
*ਸਾਧਸੰਗਿ ਇਹ ਹਉਮੈ ਛੋਰੈ ॥*
*ਜੇ ਕੋ ਜਨਮ ਮਰਣ ਤੇ ਡਰੈ ॥*
*ਸਾਧ ਜਨਾ ਕੀ ਸਰਨੀ ਪਰੈ ॥*
*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥*
*ਨਾਨਕ ਤਾ ਕੈ ਬਲਿ ਬਲਿ ਜਾਸਾ ॥ ਅੰਗ - ੨੬੬*

ਪਰਮ ਸਤਿਕਾਰ ਯੋਗ, ਗੁਰੂ ਪਿਆਰ ਵਿਚ, ਗੁਰੂ ਦਰਬਾਰ ਵਿਚ ਪਹੁੰਚੀ, ਗੁਰੂ ਪਿਆਰੀ ਸਾਧਸੰਗਤ ਜੀਓ, ਖਿਆਲ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ। ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ ਸਤਿਨਾਮੁ ਸ੍ਰੀ ਵਾਹਿਗੁਰੂ। ਪਾਤਸ਼ਾਹ ਜੀ ਦੀ ਰਹਿਮਤ ਹੋਈ, ਗੁਰੂ ਪਾਤਸ਼ਾਹ ਜੀ ਦੇ ਸਜੇ ਦਰਬਾਰ ਦੇ ਅੰਦਰ, ਸਾਨੂੰ ਸਤਿਸੰਗ ਦਾ ਸੁਭਾਗ ਪ੍ਰਾਪਤ ਹੋਇਆ। ਪਿਆਰ ਵਾਲੇ ਗੁਰੂ ਦਰਬਾਰ ਵਿਚ ਦੂਰੋਂ ਨੇੜਿਓਂ ਚਲ ਕੇ ਆਏ ਹਨ। ਭਾਗਾਂ ਵਾਲੇ ਹਨ ਜਿਨ੍ਹਾਂ ਤੇ ਪਾਤਸ਼ਾਹ ਨੇ ਰਹਿਮਤ ਕੀਤੀ। ਐਨੀ ਰੁਝੇਵਿਆਂ ਭਰੀ ਜ਼ਿੰਦਗੀ ਦੇ ਵਿਚੋਂ ਇਹ ਸਮਾਂ ਬਖਸ਼ਿਸ਼ ਕੀਤਾ ਹੈ। ਪਿਆਰ ਦੇ ਨਾਲ ਲੜੀਵਾਰ ਕਥਾ ਸਰਵਣ ਕਰ ਰਹੇ ਸੀ। ਦੋ ਕੁ ਘੜੀਆਂ ਦਾ ਸਮਾਂ ਰਹਿੰਦਾ ਹੈ ਇਸ ਦੇ ਵਿਚ ਆਪਾਂ ਜੋ ਵਿਚਾਰ ਸ਼ੁਰੂ ਕੀਤੀ ਹੈ ਕਿ 'ਨਾਨਕ ਦੁਖੀਆ ਸਭ ਸੰਸਾਰ।' ਸਾਰਾ ਸੰਸਾਰ ਦੁਖੀ ਹੈ -

*ਜੋ ਜੋ ਦੀਸੈ ਸੋ ਸੋ ਰੋਗੀ ॥ ਅੰਗ - ੧੧੪੦*

*ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥*
*ਅੰਗ - ੬੮੭*

ਇਸ ਨੂੰ ਇਹ ਦੁਖ ਕਿਥੋਂ ਲਗ ਗਿਆ ਜਦੋਂ ਕਿ -

*ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥*
*ਇਕਨ੍ਹਾ ਹੁਕਮਿ ਸਮਾਇ ਲਏ*
*ਇਕਨ੍ਹਾ ਹੁਕਮੇ ਕਰੇ ਵਿਣਾਸੁ ॥*
*ਇਕਨ੍ਹਾ ਭਾਣੈ ਕਢਿ ਲਏ*
*ਇਕਨ੍ਹਾ ਮਾਇਆ ਵਿਚਿ ਨਿਵਾਸੁ ॥*
*ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥*
*ਨਾਨਕ ਗੁਰਮੁਖਿ ਜਾਣੀਐ*
*ਜਾ ਕਉ ਆਪਿ ਕਰੇ ਪਰਗਾਸੁ ॥ ਅੰਗ - ੪੬੩*

ਇਹ ਸੰਸਾਰ ਪ੍ਰਮੇਸ਼ਰ ਦੇ ਰਹਿਣ ਦਾ ਅਸਥਾਨ ਹੈ। ਸਾਰਿਆਂ ਦੇ ਵਿਚ ਉਸ ਪ੍ਰਮੇਸ਼ਰ ਦੀ ਜੋਤ ਬਿਰਾਜਮਾਨ ਹੈ। ਸਾਰਿਆਂ ਦੇ ਅੰਦਰ ਨਾਮ ਹੈ। ਨਾਮ ਦੇ ਵਿਚ ਤਾਂ ਕਦੇ ਦੁਖ ਨਹੀਂ ਹੁੰਦਾ। ਭਾਵੇਂ ਸੰਸਾਰ ਦੁਖੀ ਹੈ ਪਰ ਜਿਹੜੇ -

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥ ਅੰਗ - ੯੫੪*

ਬਾਕੀ ਕੰਮ ਜਿਹੜੇ ਹਨ ਉਹ ਲੇਖੇ ਵਿਚ ਨਹੀਂ ਹਨ। ਉਹ ਇਸ ਸੰਸਾਰ ਵਿਚ ਬਾਜੀ ਜਿੱਤ ਜਾਂਦੇ ਹਨ। ਇਹ ਮਾਤ ਲੋਕ ਦੀ ਯਾਤਰਾ ਕਰਦੇ ਹੋਏ, ਸੇਵਾ ਤੇ ਸਿਮਰਨ ਦੇ ਨਾਲ ਜੁੜ ਕੇ, ਇਹ ਲੋਕ ਦੇ ਵਿਚ ਸੁਖੀ ਰਹਿੰਦੇ ਹਨ ਤੇ ਪਰਲੋਕ ਦੇ ਵਿਚ ਵੀ ਸੁਹੇਲੇ ਹੋ ਜਾਂਦੇ ਹਨ। ਹੁਣ ਜਦੋਂ ਸਿੱਧਾਂ ਨੇ ਗੁਰੂ ਬਾਬਾ ਜੀ ਨੂੰ ਸਵਾਲ ਕੀਤਾ ਕਿ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ਅੰਗ - ੯੪੬*

ਪਾਤਸ਼ਾਹ ਜੀ ਨੇ ਉਤਰ ਦਿਤਾ -

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥ ਅੰਗ - ੯੪੬*

ਅਸਲ ਵਿਚ ਤਾਂ ਇਥੇ ਦੁਖ ਦਾ ਨਾਮ ਨਿਸ਼ਾਨ ਨਹੀਂ ਸੀ ਪਰ ਨਾਮ ਨੂੰ ਭੁੱਲ ਕੇ ਇਹ ਇਨਸਾਨ ਦੁਖੀ ਹੋ ਰਿਹਾ ਹੈ। ਇਹ ਜਦੋਂ ਨਾਮ ਦੇ ਵਿਚ ਅਸਥਿਤ ਹੋ ਗਿਆ ਫੇਰ ਤਾਂ -

*ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ- ੨੭੪*

ਸਾਰੇ ਦੁਖ, ਸਾਰੇ ਰੋਗ, ਸਾਰੇ ਸੰਤਾਪ ਉਤਰ

ਜਾਂਦੇ ਹਨ। ਜਦੋਂ ਆਪਾਂ ਪਿਛੇ ਵਿਚਾਰ ਕੀਤੀ ਕਿ ਜੇ ਭੋਗ ਦੀ ਜ਼ਿੰਦਗੀ ਦੇ ਵਿਚ ਸੁਖ ਹੁੰਦਾ ਤਾਂ ਜਿਹੜੇ ਵੱਡੇ-ਵੱਡੇ ਸੀ ਉਹ ਕਿਉਂ ਰੋਏ? -

*ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥ ਅੰਗ - ੯੫੩*

ਕਿਉਂਕਿ ਭੋਗ ਤੋਂ ਤਾਂ ਰੋਗ ਖੜ੍ਹਾ ਹੋ ਗਿਆ। ਪਾਤਸ਼ਾਹ ਜੀ ਕਹਿੰਦੇ ਕਿ ਹੁਣ ਇਹ ਦੇਖੀਏ ਕਿ ਸੰਸਾਰ ਦੇ ਵਿਚ ਵਾਤਾਵਰਣ ਐਨਾ ਪ੍ਰਦੂਸ਼ਿਤ ਹੋ ਗਿਆ ਕਿ ਜਿਸ ਦੇ ਵਿਚ ਅਸੀਂ ਸਾਹ ਲੈ ਰਹੇ ਹਾਂ, ਉਹ ਹਵਾ ਵੀ ਠੀਕ ਨਹੀਂ ਰਹੀ, ਪਾਣੀ ਵੀ ਠੀਕ ਨਹੀਂ ਰਿਹਾ। ਹਵਾ ਵੀ ਜ਼ਹਿਰੀਲੀਆ ਗੈਸਾਂ ਨਾਲ ਭਰ ਗਈ। ਪਾਣੀ ਵੀ ਦੂਸ਼ਿਤ ਹੋ ਗਿਆ। ਰੌਲਾ ਪੈ ਰਿਹਾ ਹੈ। ਗੁਰੂ ਬਾਬਾ ਜੀ ਨੇ ਇਹ ਫੈਸਲਾ ਸੁਣਾਇਆ ਕਿ ਕੋਈ ਵੀ ਸੰਸਾਰ 'ਤੇ ਐਸਾ ਇਨਸਾਨ ਨਜ਼ਰ ਨਹੀਂ ਆਉਂਦਾ ਜਿਹਨੂੰ ਕੋਈ ਰੋਗ ਨਾ ਹੋਵੇ-

*ਜੋ ਜੋ ਦੀਸੈ ਸੋ ਸੋ ਰੋਗੀ ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ ਅੰਗ - ੧੧੪੦*

ਹੁਣ ਜੁਗਤ ਦੀ ਬਾਤ ਹੈ ਦਵਾਈ ਸਭ ਦੇ ਅੰਦਰ ਹੈ। ਕੋਈ ਐਸਾ ਨਹੀਂ ਜਿਸ ਦੇ ਕੋਲ ਇਹ ਦਵਾਈ ਨਹੀਂ ਹੈ -

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ - ੨੫੯*

ਅਉਖਧੁ ਹੈ ਤਾਂ ਸਾਰਿਆਂ ਅੰਦਰ ਪਈ। ਗੁਰੂ ਤੋਂ ਬਗੈਰ ਵਿਧੀ ਦਾ ਪਤਾ ਨਹੀਂ ਲਗਦਾ। ਫੇਰ ਦੁਖ ਦਾ ਨਾਮ ਨਿਸ਼ਾਨ ਨਹੀਂ ਰਹਿੰਦਾ। ਜੇ ਦੁਖ ਆਉਂਦਾ ਵੀ ਹੈ, ਉਹ ਦੁਖ ਪ੍ਰਮੇਸ਼ਰ ਨੂੰ ਯਾਦ ਕਰਵਾਉਂਦਾ ਹੈ।

ਧੰਨ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਦੇ ਚਰਨਾਂ 'ਚ ਸੰਗਤਾਂ ਨੇ ਬੇਨਤੀ ਕੀਤੀ ਕਿ ਪਾਤਸ਼ਾਹ ਜੇ ਪ੍ਰਸੰਨ ਹੁੰਦੇ ਹੋਂ, ਆਪ ਬਖਸ਼ਿਸ਼ ਕਰਦੇ ਹੋਂ। ਕਹਿੰਦੇ, ਨਦਰ ਹੁੰਦੀ ਹੈ, ਖੁਸ਼ੀਆਂ ਹੀ ਖੁਸ਼ੀਆ ਬਖਸ਼ਿਸ਼ ਹੁੰਦੀਆਂ ਨੇ।

ਹੁਣ ਸਤਿਗੁਰ ਦੇ ਦਰ 'ਤੇ ਚਲ ਕੇ ਆਏ, ਸਤਿਗੁਰੂ ਨੂੰ ਨਮਸ਼ਕਾਰ ਕੀਤੀ ਹੈ, ਨਦਰ ਹੋਈ ਹੈ-

*ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥*
*ਨਿਮਖ ਏਕ ਹਰਿ ਨਾਮੁ ਦੇਇ*
*ਮੇਰਾ ਮਨੁ ਤਨੁ ਸੀਤਲੁ ਹੋਇ॥ ਅੰਗ- ੪੪*

ਖੁਸ਼ੀਆਂ ਹੀ ਖੁਸ਼ੀਆਂ ਬਖਸ਼ਿਸ਼ ਹੁੰਦੀਆਂ ਨੇ। ਫੇਰ ਸਾਰਾ ਕੁਝ ਆ ਜਾਂਦਾ ਹੈ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ - ੬੪੯*

ਫੇਰ ਕਹਿੰਦੇ, ਜਦੋਂ ਉਹ ਦਾਤਾਂ ਨੂੰ ਪਾ ਕੇ ਭੁੱਲ ਗਿਆ, ਖੁਸ਼ੀ ਦੇ ਵਿਚ ਮਦਹੋਸ਼ ਹੋ ਗਿਆ ਤੇ ਕਹਿੰਦੇ, ਫੇਰ ਅਸੀਂ ਉਹਨੂੰ ਜੰਜੀਰ ਭੇਜਦੇ ਹਾਂ ਜਿਸ ਨਾਲ ਉਹ ਇਸ ਘਰ ਵਲ ਨੂੰ ਖਿੱਚਿਆ ਆਉਂਦਾ ਹੈ। ਉਹ ਹੁੰਦੀ ਹੈ ਦੁਖ ਦੀ ਜੰਜੀਰ। ਫੇਰ ਉਹ ਐਸੀ ਦਵਾ ਬਣਦੀ ਹੈ ਕਿ ਜਦੋਂ ਉਹ ਖੁਸ਼ੀਆਂ ਦੇ ਵਿਚ ਭੁੱਲ ਗਿਆ, ਦੁਖ ਆਉਂਦਾ ਹੈ, ਦੁਖ ਵਿਚ ਫੇਰ ਪ੍ਰਮੇਸ਼ਰ ਯਾਦ ਆਉਂਦਾ ਹੈ। ਫੇਰ ਓਹੀ ਦੁਖ ਐਸੀ ਦਾਰੂ ਬਣਦਾ ਹੈ -

*ਦੁਖੁ ਦਾਰੂ ਸੁਖੁ ਰੋਗੁ ਭਇਆ*
*ਜਾ ਸੁਖੁ ਤਾਮਿ ਨ ਹੋਈ ॥*
*ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥*
*ਅੰਗ - ੪੬੯*

ਮਹਾਤਮਾ ਬੁੱਧ ਨੇ ਤਾਂ ਇਸ ਸੰਸਾਰ ਨੂੰ ਦੁਖਾਂ ਦਾ ਘਰ ਕਹਿ ਦਿਤਾ। ਇਹ ਸੰਸਾਰ ਹੈ ਹੀ ਦੁਖਾਂ ਦਾ ਘਰ। ਪਰ ਗੁਰੂ ਬਾਬਾ ਜੀ ਕਹਿੰਦੇ ਹਨ ਕਿ ਹੈ ਤਾਂ ਠੀਕ ਕਿ ਦੁਖ ਆਉਂਦਾ ਹੈ। ਪਰ ਦੁਖ ਦੇ ਪਿੱਛੇ ਸੁਖ ਵੀ ਹੈ। ਜੇ ਬੱਚਾ ਰਾਤ ਨੂੰ ਜਾਗਦਾ ਹੈ, ਪੜ੍ਹਦਾ ਹੈ, ਸਵੇਰੇ ਉਠ ਕੇ ਫੇਰ ਮਿਹਨਤ ਕਰਦਾ ਹੈ। ਦੇਖਣ ਵਿਚ ਤਾਂ ਲਗਦਾ ਹੈ ਕਿ ਸਰੀਰ ਨੂੰ ਕਿੰਨਾ ਕਸ਼ਟ ਦੇ ਰਿਹਾ ਹੈ, ਪਰ ਉਹਦਾ ਨਤੀਜਾ ਇਹ ਹੁੰਦਾ ਹੈ ਕਿ ਉਹਨੂੰ ਚੰਗੇ ਨੰਬਰ ਮਿਲਦੇ ਨੇ।

ਕੋਈ ਵੀ ਮਿਹਨਤ ਕਰਦਾ ਹੈ ਵਿਤੋਂ ਬਾਹਰ ਜਾ ਕੇ, ਦੁਖ ਪਹਿਲਾਂ ਲਗਦਾ ਹੈ, ਬਾਅਦ ਵਿਚ ਉਹ ਸੁਖ ਦੇ ਵਿਚ ਤਬਦੀਲ ਹੋ ਜਾਂਦਾ ਹੈ। ਸੋ ਸੁਖ ਤੇ ਦੁਖ ਇਸ ਤਰ੍ਹਾਂ ਦੇ ਨਾਲ ਹਨ ਜਿਵੇਂ ਇਕ ਸਿੱਕਾ ਹੈ, ਉਸ ਦੇ ਦੋ ਪਾਸੇ ਹਨ। ਇਹ ਦੂਜੇ ਦੇ ਨਾਲ ਸਬੰਧਿਤ ਹਨ। ਇੱਕੋ ਜਿਹੇ ਦਿਨ ਕਦੇ ਰਹਿੰਦੇ ਨਹੀਂ ਜੇ ਅੱਜ ਸੁਖ ਦੇ ਦਿਨ ਹਨ, ਦੁਖ ਆ ਜਾਂਦਾ ਹੈ, ਜੇ ਦੁਖ ਆ ਗਿਆ, ਉਹ ਵੀ ਨਹੀਂ ਰਹਿੰਦਾ ਫੇਰ ਸੁਖ ਵੀ ਆ ਜਾਦਾ ਹੈ। ਇਸ ਤਰ੍ਹਾਂ ਦੇ ਨਾਲ ਜਦੋਂ ਨਾਮ ਨਾਲ ਜੁੜ ਗਏ, ਉਹ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਕਿ ਦੁਖ ਫੇਰ ਦੁਖ ਨਹੀਂ ਭਾਸਦਾ। ਫੇਰ ਉਹ ਦੁਖ ਵੀ ਸੁਖ ਵਾਂਗੂੰ ਲਗਦਾ ਹੈ। ਹਾਣ ਵੀ ਲਾਭ ਵਾਂਗੂੰ ਲਗਦਾ ਹੈ। ਨਿੰਦਾ ਵੀ ਉਸਤਤ ਵਾਂਗੂੰ ਲਗਦੀ ਹੈ। ਫੇਰ ਇਹ ਇਕ ਸਮਾਨ ਸਮ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਕਿਉਂਕਿ ਇਹ ਜਿਹੜਾ ਦੁਖ ਮਿਲਦਾ ਹੈ। ਉਹ ਜਿਹੜਾ ਸਿੱਧਾਂ ਦਾ

ਸਵਾਲ ਸੀ ਤਾਂ ਉਹਦਾ ਜਵਾਬ ਸੀ ਕਿ –

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥ ਅੰਗ – ੯੪੬*

ਉਹ ਦੁਖ ਨਾਮ ਨੂੰ ਭੁੱਲ ਕੇ ਭਾਸਦਾ ਹੈ, ਲਗਦਾ ਹੈ। ਨਾਮ ਦੇ ਵਿਚ ਪਰਮ ਅਨੰਦ ਹੈ। ਥੋੜ੍ਹਾ ਜਿਹਾ ਝਲਕਾਰਾ ਵੱਜ ਗਿਆ –

*ਨਿਮਖ ਏਕ ਹਰਿ ਨਾਮੁ ਦੇਇ*
*ਮੇਰਾ ਮਨੁ ਤਨੁ ਸੀਤਲੁ ਹੋਇ ॥ ਅੰਗ – ੪੪*

ਕਿੰਨੀ ਸ਼ਾਂਤੀ ਵਰਤ ਜਾਂਦੀ ਹੈ। ਹੁਣ ਜੇ ਤੁਸੀਂ ਦੇਖੋ, ਆਮ ਇਨਸਾਨ ਇਕੱਲਾ ਹੋਵੇ, ਵੱਖਰਾ (Isolate) ਹੋ ਜਾਂਦਾ ਹੈ। ਮਾਨਸਿਕ ਬਿਮਾਰ ਹੋ ਜਾਂਦਾ ਹੈ। ਪਰ ਜੋ ਗਿਆਨਵਾਨ ਹੈ ਉਸ ਲਈ ਇਕਾਂਤ ਇਕ ਵਰਦਾਨ ਵਾਂਗ ਹੋ ਜਾਂਦਾ ਹੈ। ਉਹ ਅੰਦਰਲੀ ਖੋਜ ਕਰਦਾ ਹੈ। ਪਰਮ ਆਪੇ ਦੀ ਖੋਜ ਹੁੰਦੀ ਹੈ ਕਿਉਂਕਿ ਉਹਦੇ ਵਾਸਤੇ ਲੋੜ ਪੈਂਦੀ ਹੈ, Pin drop silence ਦੀ। ਇਸੇ ਕਰਕੇ ਅੰਮ੍ਰਿਤ ਵੇਲਾ ਬ੍ਰਹਮ ਮਹੂਰਤ, ਸਾਰਿਆਂ ਨੇ ਇਸ ਨੂੰ ਵਡਿਆਇਆ ਹੈ ਕਿ ਉਸ ਸਮੇਂ ਅੰਦਰ ਇਕ ਖੇਡ ਐਸੀ ਵਰਤਦੀ ਹੈ ਕਿਉਂਕਿ –

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਅੰਗ – ੬੯੫*

ਬਾਹਰਲਾ ਇਸ਼ਨਾਨ ਤਾਂ ਸਾਰੇ ਜਾਣਦੇ ਹਨ, ਅੰਤਸ਼ਕਰਣ ਦਾ ਸ਼ੁਧੀਕਰਨ ਬਾਣੀ ਦੇ ਨਾਲ ਮਨ ਦਾ ਇਸ਼ਨਾਨ ਹੈ, ਪਾਣੀ ਦੇ ਨਾਲ ਤਨ ਦਾ ਹੈ। ਇਸ ਤਰ੍ਹਾਂ ਦੇ ਨਾਲ ਨਿਰੋਗ ਹੋ ਜਾਈਦਾ ਹੈ –

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥*
*ਕੋਟਿ ਬਿਘਨ ਲਾਥੇ ਪ੍ਰਭ ਸਰਣਾ*
*ਪ੍ਰਗਟੇ ਭਲੇ ਸੰਜੋਗਾ ॥ ਅੰਗ – ੬੧੧*

ਜਦੋਂ ਅਸੀਂ ਉਸ ਦੀ ਯਾਦ ਵਿਚ ਸਿਮਰਨ ਕਰਦੇ ਹਾਂ ਫੇਰ ਇਹੀ ਦੁਖ, ਸੁਖ 'ਚ ਬਦਲ ਜਾਂਦਾ ਹੈ –

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥ ਅੰਗ – ੨੬੨*

ਜਿਹੜੇ ਇਹ ਪੰਜ ਕਲੇਸ਼ ਸਾਡੇ ਗਲ ਪੈ ਗਏ ਹਨ, ਅਸਮਿਤਾ ਸਮ ਬਿਰਤੀ ਨਾਲ ਰਹਿਣਾ, ਅਵਿਦਿਆ–ਅਗਿਆਨ ਵਸ ਹੋ ਕੇ ਭੁਲੇਖੇ ਵਿਚ ਰਹਿਣਾ, ਭਰਮ ਪਿਆ ਰਹਿਣਾ। ਇਸੇ ਤਰ੍ਹਾਂ ਅਭਿਨਿਵੇਸ਼ ਹੈ ਕਿ ਸੰਸਾਰ ਦੇ ਵਿਚ ਰਹਿ ਕੇ ਇਹ ਕਹਿਣਾ ਹੈ ਕਿ ਮੈਂ ਇਥੋਂ ਚਲੇ ਜਾਣਾ ਹੈ। ਦੁਖੀ ਹੋਈ ਜਾਣਾ। ਇਸੇ ਤਰ੍ਹਾਂ ਰਾਗ ਹੈ, ਖਿੱਚ (attachment) ਵਿਚ ਪੈ ਜਾਣਾ। ਦਵੈਸ਼, ਦੁਜਾਇਗੀ। ਉਸ 'ਚ ਆਪਣੇ ਆਪ ਨੂੰ ਹੋਰ ਸਮਝਣਾ, ਪਰਮੇਸਰ ਨੂੰ ਹੋਰ ਸਮਝਣਾ। ਭੁੱਲ ਪੈ ਜਾਂਦੀ ਹੈ। ਹੰਗਤਾ ਤੇ ਮਮਤਾ ਕਰਕੇ ਤਾਂ ਹੀ ਦੁਖੀ ਹੈ। ਇਹ ਕਲੇਸ਼ ਕਦੋਂ ਉਤਰਨਗੇ? ਸਿਮਰ ਕਹਿੰਦੇ ਨੇ ਯਾਦ ਨੂੰ – 'ਸਿਮਰਉ ਸਿਮਰਿ' ਉਹਨੂੰ ਯਾਦ ਕਰੋ। ਫੇਰ ਕੀ ਹੋਵੇਗਾ? ਸੁਖ ਦੀ ਪ੍ਰਾਪਤੀ ਹੋ ਗਈ। 'ਕਲਿ ਕਲੇਸ ਤਨ ਮਾਹਿ ਮਿਟਾਵਉ ॥' ਸਾਰੇ ਕਲਾ ਕਲੇਸ਼ ਮਿਟ ਜਾਣਗੇ। ਕੀਹਨੂੰ ਫੇਰ ਯਾਦ ਕਰੀਏ? ਉਸ ਨੂੰ ਜੋ ਸਾਰਿਆਂ ਜੀਆਂ ਦਾ ਇਕੋ ਹੀ ਦਾਤਾ ਹੈ –

*ਸਿਮਰਉ ਜਾਸੁ ਬਿਸੁੰਭਰ ਏਕੈ ॥*
*ਨਾਮੁ ਜਪਤ ਅਗਨਤ ਅਨੇਕੈ ॥ ਅੰਗ – ੨੬੨*

ਜਿੰਨੇ ਵੀ ਬੇਦ, ਪੁਰਾਨ, ਸਾਸ਼ਤਰ ਜਿੰਨੇ ਹਨ ਇਹ ਸਾਰੇ ਨਾਮ ਦੇ ਨਾਲ ਹੀ ਜੋੜਦੇ ਹਨ –

*ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥*
*ਅੰਗ – ੧੩੫੦*

*ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥*
*ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥ ਅੰਗ – ੭੬੧*

ਇਹ ਸਾਰੀਆਂ ਗੱਲਾਂ ਜੋ ਨਾਮ ਤੋਂ ਬਿਨਾਂ ਹਨ ਹੋਛੀਆਂ ਹਨ –

*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥*
*ਅੰਗ – ੪੬੭*

ਇਕ ਗੱਲ ਇਹੀ ਹੁੰਦੀ ਹੈ ਕਿ ਉਸ ਦਾ ਸਿਮਰਨ ਕਰਨਾ। ਉਹਨੂੰ ਯਾਦ ਕਰਨਾ। ਗੁਰਮੰਤ੍ਰ ਦਾ ਅਭਿਆਸ ਕਰਨਾ। ਫੇਰ ਸਾਰੇ ਦੁਖ, ਸਾਰੇ ਰੋਗ ਇਸ ਦੇ ਨਾਲ ਦੂਰ ਹੋ ਜਾਂਦੇ ਹਨ। ਕਿਉਂਕਿ ਸ਼ਾਂਤੀ ਨਾਮ ਤੋਂ ਬਿਨਾਂ ਨਹੀਂ ਮਿਲਦੀ। ਜੇ ਸ਼ਾਂਤੀ ਮਿਲਦੀ ਤਾਂ ਕਿਉਂ ਇੰਦਰ ਰੋਂਦਾ? –

*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥ ਅੰਗ – ੯੫੩*

ਪਰਸਰਾਮ ਕਿਉਂ ਰੋਇਆ? ਕਿਉਂਕਿ ਬੜਾ ਤਪਸਵੀ ਸੀ, ਤਪ ਕਰਦਾ ਸੀ। ਸਸ਼ਤ੍ਰ ਵਿਦਿਆ ਦਾ ਧਨੀ ਸੀ, ਅਸਤ੍ਰ ਵਿਦਿਆ ਜਾਣਦਾ ਸੀ। ਇਸ ਦਾ ਜਿਹੜਾ ਪਿਤਾ ਸੀ ਜਮਦਗਨ ਰਿਸ਼ੀ, ਸਮਸਬਾਹੂ ਰਾਜੇ ਨੇ ਉਸ ਨੂੰ ਮਾਰ ਦਿਤਾ, ਉਸ ਕੋਲੋਂ ਕਾਮਧੇਨ ਗਊ ਮੰਗਦਾ ਸੀ। ਇਸ ਦੀ ਮਾਤਾ ਰੇਣੁਕਾ ਨੇ ਇਸ ਨੂੰ ਯਾਦ ਕਰਿਆ। ਇਹ ਆਇਆ, ਇਸ ਨੂੰ ਬਹੁਤ ਗੁੱਸਾ ਆਇਆ, ਇਸ ਨੇ ਕੁਹਾੜਾ ਚੁੱਕ ਲਿਆ, 21 ਵਾਰੀ ਰਾਜ ਹੀਣ ਧਰਤੀ ਕਰ ਦਿਤੀ। ਪੰਡਤਾਂ, ਬ੍ਰਾਹਮਣਾਂ ਨੂੰ ਰਾਜ ਦੇ ਦਿਤਾ। ਆਖੀਰ 'ਚ ਕੋਲ

ਜਦੋਂ ਸ੍ਰੀ ਰਾਮ ਚੰਦਰ ਜੀ ਕੋਲ ਗੁੱਸੇ 'ਚ ਜਾਂਦਾ ਹੈ, ਇਹ ਸ਼ਿਵ ਭਗਤ ਸੀ, ਉਹ ਇਸ ਦੇ ਚਰਨਾਂ 'ਤੇ ਨਮਸ਼ਕਾਰ ਕਰਕੇ ਸਾਰੀ ਸ਼ਕਤੀ ਇਸ ਦੀ ਖਿੱਚ ਲੈਂਦੈ। ਇਹਨੂੰ ਰੋਣਾ ਪਿਆ।

ਅਜੁ ਰਾਜਾ ਜਦੋਂ ਰਾਜ ਦਰਬਾਰ 'ਚੋਂ ਬਾਹਰ ਆ ਕੇ ਸਾਰਿਆਂ ਨੂੰ ਭੇਟਾਵਾਂ ਦਿੰਦਾ ਸੀ। ਪਰ ਜਦੋਂ ਉਹ ਬੀਤ ਰਾਗ ਅਵਸਥਾ ਦਾ ਸਾਧੂ ਆਇਆ, ਇਹ ਘੋੜਿਆਂ ਦੇ ਤਬੇਲੇ ਵਿਚ ਨਰੀਖਣ ਕਰ ਰਿਹਾ ਸੀ। ਇਸ ਨੂੰ ਗੁੱਸਾ ਆਇਆ। ਇਸ ਨੇ ਘੋੜਿਆਂ ਦੀ ਲਿੱਦ ਚੁਕ ਕੇ ਸਾਧੂ ਦੀ ਝੋਲੀ ਵਿਚ ਪਾ ਦਿਤੀ। ਉਹ ਤਥਾਅਸਤੂ ਕਹਿ ਕੇ ਚਲਾ ਗਿਆ। ਜੋ ਕੁਝ ਝੋਲੀ 'ਚ ਪਾ ਕੇ ਤੇ ਕਿਹਾ ਕਿ ਤੇਰਾ ਦਾਨ ਵਧੇ। ਉਹ ਲਿੱਦ ਦਾ ਢੇਰ ਵਧਦਾ ਗਿਆ। ਇਹ ਨਿੰਦਾ ਕਰਾਉਂਦੇ ਸ਼ਹਿਰ ਤੋਂ ਜਿੰਨਾਂ ਦਾਨ ਦਿਤਾ ਸੀ।

ਸੋ ਬੀਤ ਰਾਗ ਅਵਸਥਾ ਦੇ ਮਹਾਤਮਾ ਰਾਹੀਂ ਐਨਾ ਦਾਨ ਵਧਿਆ ਕਿ ਇਸ ਨੂੰ ਲਿੱਦ ਖਾਣੀ ਪਈ। ਲਿੱਦ ਖਾਂਦਾ ਸੀ ਰੋਂਦਾ ਸੀ।

ਇਸੇ ਤਰ੍ਹਾਂ ਅੱਗੇ ਵੱਡਿਆਂ-ਵੱਡਿਆਂ ਦਾ ਜ਼ਿਕਰ ਆਇਆ ਹੈ ਕਿ ਸਾਰੇ ਰੋਏ। ਸਮਾਂ ਐਸਾ ਹੈ ਕਿ ਇਹ ਰੁਆ ਕੇ ਰਖ ਦਿੰਦਾ ਹੈ। ਪਰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਮਹਾਰਾਜ ਸਾਨੂੰ ਦੁਖ ਦਾ ਟਾਕਰਾ ਕਰਨ ਦਾ ਸਬਕ ਦ੍ਰਿੜ੍ਹ ਕਰਵਾ ਰਹੇ ਹਨ ਕਿ ਪਿਆਰਿਓ! -

*ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ ॥*
*ਜਿਉ ਸੰਪੈ ਤਿਉ ਬਿਪਤਿ ਹੈ*
*ਬਿਧ ਨੇ ਰਚਿਆ ਸੋ ਹੋਇ ॥* *ਅੰਗ - ੩੩੭*

ਜਿਹੋ ਜਿਹੇ ਵੀ ਹਾਲਾਤ ਹੋਣ ਉਸ ਦਾ ਟਾਕਰਾ ਕਰੋ ਦੁਖ ਆ ਗਿਆ, ਬਹੁਤਾ ਦੁਖ ਨਾ ਮੰਨੋ। ਸੁਖ ਆ ਗਿਆ ਬਹੁਤੀ ਖੁਸ਼ੀ ਨਾ ਮਨਾਓ। ਹੋਸ਼ ਹਵਾਸ਼ 'ਚ ਰਹੋ। ਸੁਰਤਿ ਨੂੰ ਸ਼ਬਦ ਨਾਲ ਜੋੜੋ, ਨਾਮ ਨਾਲ ਜੁੜੋ।

ਗੁਰੂ ਪਾਤਸ਼ਾਹ ਜੀ ਨੇ ਸਰਬੰਸ ਦਾਨ ਕੀਤਾ। ਕਿੰਨੇ ਜੰਗ ਯੁੱਧ ਕੀਤੇ। 14 ਜੰਗਾਂ ਦੇ ਵਿਚ ਫਤਹਿ ਹਾਸਿਲ ਕੀਤੀ। ਕਿੱਡੀ ਵੱਡੀ ਸਰਬੰਸ ਦਾਨੀ ਦੀ ਕੁਰਬਾਨੀ ਕੀਤੀ। ਪਰ ਉਹ ਸਦਾ ਹੀ ਸਮ ਅਵਸਥਾ 'ਚ ਰਹੇ। ਨਹੀਂ ਤਾਂ ਸੰਸਾਰ ਦੇ ਉਤੇ ਸਾਰੇ ਹੀ ਰੋਏ।

*ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥*
*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥*
*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥*
*ਰੋਵਹਿ ਪਾਂਡਹ ਭਏ ਮਜੂਰ ॥*
*ਜਿਨ ਕੈ ਸੁਆਮੀ ਰਹਤ ਹਦੂਰਿ ॥*
*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥*
*ਰੋਵਹਿ ਸੇਖ ਮਸਾਇਕ ਪੀਰ ॥*
*ਅੰਤਿ ਕਾਲਿ ਮਤੁ ਲਾਗੈ ਭੀੜ ॥*
*ਰੋਵਹਿ ਰਾਜੇ ਕੰਨ ਪੜਾਇ ॥*
*ਘਰਿ ਘਰਿ ਮਾਗਹਿ ਭੀਖਿਆ ਜਾਇ ॥*
*ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥*
*ਪੰਡਿਤ ਰੋਵਹਿ ਗਿਆਨੁ ਗਵਾਇ ॥*
*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥*
*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥* *ਅੰਗ - ੯੫੩*

ਇਸ ਗੱਲ ਨੂੰ ਮੰਨੀਏ, ਅਸੀਂ ਹਾਂ ਤਾਂ ਆਤਮ ਸ਼ਹਿਜਾਦੇ। ਕਿੱਡਾ ਸਾਡੇ ਕੋਲ ਅਮੋਲਕ ਖਜ਼ਾਨਾ ਹੈ-

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥* *ਅੰਗ - ੮੧*

*ਸਰਬ ਰੋਗ ਕਾ ਅਉਖਦੁ ਨਾਮੁ ॥*
*ਕਲਿਆਣ ਰੂਪ ਮੰਗਲ ਗੁਣ ਗਾਮ ॥* *ਅੰਗ - ੨੭੪*

ਪਰ ਅਸੀਂ ਫੇਰ ਇਕ ਭਿਖਾਰੀ ਵਾਂਗੂੰ ਜਿਵੇਂ ਅਵਸਥਾ ਹੈ -

*ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥*
*ਜੈਸਾ ਮਾਨੀਐ ਹੋਇ ਨ ਤੈਸਾ ॥ ੧ ॥ ਰਹਾਉ ॥*
*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ ॥* *ਅੰਗ - ੬੫੮*

ਐਸੀ ਅਵਸਥਾ ਹੈ ਅਸੀਂ ਹਾਂ ਤਾਂ ਆਤਮ ਸਹਿਜ਼ਾਦੇ ਪਰ ਸੁਪਨੇ ਦੇ ਵਿਚ ਜਿਵੇਂ ਰਾਜਾ ਭਿਖਾਰੀ ਬਣਿਆ ਰੋਂਦਾ ਫਿਰਦਾ ਹੈ, ਇਸ ਤਰ੍ਹਾਂ ਅਗਿਆਨ ਰੂਪੀ ਨੀਂਦ ਦੇ ਵਿਚ ਅਸੀਂ ਦੁਖੀ ਹਾਂ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*
*ਅੰਗ - ੯੨੦*

ਸੁੱਤਿਆਂ ਦੀ ਸਾਰੀ ਉਮਰ ਲੰਘ ਜਾਂਦੀ ਹੈ। ਰਜੋ ਗੁਣ, ਤਮੋ ਗੁਣ, ਸਤੋ ਗੁਣ 'ਚ ਸੁੱਤੇ ਪਏ

*(ਬਾਕੀ ਪੰਨਾ 51 'ਤੇ)*

# ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ

*ਡਾ. ਜਗਜੀਤ ਸਿੰਘ*
*ਚੀਫ ਐਡੀਟਰ, ਆਤਮ ਮਾਰਗ*

## ਸ੍ਰੀ ਗੁਰੂ ਅਰਜਨ ਦੇਵ ਜੀ – ਸ਼ਖਸੀਅਤ ਅਤੇ ਸ਼ਹਾਦਤ

ਜੂਨ ਦੀ ਤਪਸ਼ ਸਾਨੂੰ ਤੱਤੀਆਂ ਤਵੀਆਂ ਦੀ ਯਾਦ ਦਿਵਾਂਦੀ ਹੈ ਜਦੋਂ 1606 ਈ. ਵਿਚ ਸ਼ਾਂਤੀ ਦੇ ਪੁੰਜ, ਸਰਬ ਮਨੁੱਖਤਾ ਨੂੰ ਪਿਆਰ ਕਰਨ ਵਾਲੇ, ਸੁਖਮਨੀ ਦੇ ਰਚੇਤਾ 'ਪਰਤਖੁ ਹਰਿ' ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਾਨਵਤਾ ਦੇ ਕਾਤਲਾਂ ਨੇ ਅਣਮਨੁੱਖੀ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਸੀ। ਇਹ ਕੋਈ ਸਾਧਾਰਨ ਸ਼ਹੀਦੀ ਨਹੀਂ ਸੀ ਸਗੋਂ ਸ੍ਰੀ ਗੁਰੂ ਨਾਨਕ ਗੱਦੀ ਤੇ ਬਿਰਾਜਮਾਨ, ਉਨ੍ਹਾਂ ਦੀ ਪੰਜਵੀਂ ਜੋਤਿ, ਸੰਸਾਰ ਦੇ ਦੁਖਾਂ ਨੂੰ ਵੰਡਣ ਵਾਲੇ, ਬਾਣੀ ਦੇ ਬੋਹਿਥ, ਹਰਿਮੰਦਰ ਸਾਹਿਬ, ਤਰਨ ਤਾਰਨ ਸਾਹਿਬ ਦੇ ਸਿਰਜਨਹਾਰੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਰਚੇਤਾ, ਨਾਮ-ਬਾਣੀ ਵਿਚ ਵਿਲੀਨ, ਨੂਰੀ ਜੋਤਿ ਦੀ ਸ਼ਹਾਦਤ ਸੀ। ਸਤਿਗੁਰੂ ਕੈਸੀ ਅਨੂਠੀ ਸ਼ਖਸ਼ੀਅਤ ਦੇ ਮਾਲਕ ਸਨ? ਇਹ ਸਤਿਗੁਰੂ ਦੀ ਰਚਿਤ ਬਾਣੀ ਤੋਂ ਪ੍ਰਮਾਣਿਤ ਹੋ ਜਾਂਦਾ ਹੈ ਜਾਂ ਫਿਰ ਭੱਟ ਬਾਣੀ ਤੋਂ, ਜਿਨ੍ਹਾਂ ਨੇ ਗੁਰੂ ਜੀ ਨੂੰ ਨੇੜਿਉਂ ਵੇਖਿਆ, ਦਰਸ਼ਨ ਦੀਦਾਰ ਕੀਤੇ ਅਤੇ ਨੂਰੀ-ਰੂਪ ਤੋਂ ਬਲਿਹਾਰ ਹੋਏ। ਆਉ! ਇਨ੍ਹਾਂ ਦੋਹਾਂ ਸਰੋਤਾਂ ਤੋਂ ਸਤਿਗੁਰੂ ਦੀ ਸ਼ਖਸ਼ੀਅਤ ਦੇ ਦਰਸਨ-ਦੀਦਾਰ ਕਰੀਏ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹਰਮਨ ਪਿਆਰੀ ਰਚਨਾ 'ਸੁਖਮਨੀ ਸਾਹਿਬ' ਹੈ ਜਿਸ ਵਿਚ ਵਿਸ਼ੇਸ਼ ਤੌਰ ਤੇ ਸਾਧ, ਸੰਤ, ਗੁਰੂ ਅਤੇ ਬ੍ਰਹਮ-ਗਿਆਨੀ ਦੇ ਲੱਛਣ ਦੱਸੇ ਹਨ। ਇਹ ਸਾਰੇ ਗੁਣ ਉਨ੍ਹਾਂ ਦੀ ਆਪਣੀ ਸ਼ਖਸੀਅਤ ਵਿਚ ਵਿਦਮਾਨ ਸਨ। ਸਾਧ ਦੀ ਅਚਰਜ ਕਥਾ ਬਿਆਨ ਕਰਦੇ ਆਪ ਲਿਖਦੇ ਹਨ –

*ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ॥*
*ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ॥*
*ਅੰਗ – ੨੭੧*

*ਸਾਧ ਕੈ ਸੰਗਿ ਕੇਵਲ ਪਾਰਬ੍ਰਹਮ ॥ ਅੰਗ – ੨੭੧*

*ਪਾਰਬ੍ਰਹਮੁ ਸਾਧ ਰਿਦ ਬਸੈ ॥*
*ਪਾਰਬ੍ਰਹਮੁ ਸਾਧ ਰਿਦ ਬਸੈ ॥ ਅੰਗ – ੨੭੨*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ ਅੰਗ – ੨੭੨*

ਆਪ ਪੂਰਨ ਬ੍ਰਹਮ ਗਿਆਨੀ ਦੀ ਅਵਸਥਾ ਦੇ ਮਾਲਕ ਸਨ, ਕਮਲ ਵਾਂਗ ਨਿਰਲੇਪ, ਸਮਾਨ ਦ੍ਰਿਸ਼ਟੀ ਦੇ ਮਾਲਕ, ਧੀਰਜਵਾਨ, ਨਿਰਮਲ, ਨਿੰਮਰ, ਆਤਮ-ਰਸੀਏ, ਸਭ ਤੇ ਦਿਆਲੂ, ਸਮਦਰਸੀ, ਬੰਧਨ-ਰਹਿਤ, ਪਰਉਪਕਾਰੀ, ਸੁਖ-ਸਹਜ-ਨਿਵਾਸੀ, ਸਗੋਂ 'ਬ੍ਰਹਮ ਗਿਆਨੀ ਆਪਿ ਪਰਮੇਸੁਰ' ਸਰੂਪ ਸਨ। ਐਸੀ ਰੂਹਾਨੀ ਸ਼ਖਸ਼ੀਅਤ ਦੀ ਸ਼ਹਾਦਤ ਮਨੁੱਖਤਾ ਲਈ ਧਰਮ, ਸੱਚ, ਨਿਆਂ, ਸ੍ਵੈਮਾਨ, ਬਰਾਬਰੀ ਅਤੇ ਹੱਕ ਲਈ ਨਿਰੰਤਰ ਪ੍ਰੇਰਨਾ ਦਾ ਸਰੋਤ ਬਣੀ ਰਹੇਗੀ। ਆਉ ਐਸੀ ਰੱਬੀ ਜੋਤਿ ਦੇ ਦਰਸ਼ਨ ਉਨ੍ਹਾਂ ਦੀ ਬਾਣੀ 'ਚੋਂ ਕਰੀਏ, ਬਾਣੀ ਜੋ ਉਨ੍ਹਾਂ ਦਾ ਹਿਰਦਾ ਸੀ –

*ਬ੍ਰਹਮ ਗਿਆਨੀ ਸਦਾ ਨਿਰਲੇਪ ॥*
*ਜੈਸੇ ਜਲ ਮਹਿ ਕਮਲ ਅਲੇਪ ॥*
*ਬ੍ਰਹਮ ਗਿਆਨੀ ਸਦਾ ਨਿਰਦੋਖ ॥*
*ਜੈਸੇ ਸੂਰੁ ਸਰਬ ਕਉ ਸੋਖ ॥*
*ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥*
*ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥*
*ਬ੍ਰਹਮ ਗਿਆਨੀ ਕੈ ਧੀਰਜੁ ਏਕ ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥*
*ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥*
*ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥ ਅੰਗ – ੨੭੨*

ਪੂਰਨਤਾ ਦੇ ਮਾਲਕ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਿਸ਼ਨ ਮਨੁੱਖਤਾ ਨੂੰ ਪੂਰਨਤਾ ਦਾ ਮਾਰਗ ਦਰਸਾ ਕੇ ਉਨ੍ਹਾਂ ਨੂੰ ਸਰਬ-ਗੁਣ ਸੰਪੰਨ ਕਰਨਾ ਸੀ। ਪੂਰਨ ਪੁਰਖ ਕੌਣ ਹੁੰਦਾ ਹੈ? ਗੁਰੂ ਜੀ ਅਨੁਸਾਰ ਪੂਰਨ ਪੁਰਖ ਨੂੰ ਬ੍ਰਹਮਗਿਆਨੀ, ਸੰਤ, ਸਾਧ ਜਨ ਜਾਂ ਗੁਰਮੁਖਿ ਆਖੀਦਾ ਹੈ। ਪੂਰਨ ਪੁਰਖ ਵਿਚ ਨਿਮਨ ਛੇ ਲੱਛਣ ਹੁੰਦੇ ਹਨ –

1. ਸੁਰਤਿ ਨਾਲ ਪ੍ਰਮਾਤਮਾ ਦਾ ਨਾਮ ਜਪਣਾ ਅਤੇ ਉਸ ਨੂੰ ਸਰਬ ਵਿਆਪਕ ਜਾਣ ਕੇ ਉਸ ਵਿਚ ਸੁਰਤਿ ਜੋੜਨੀ।

2. ਸੁਖਾਂ ਦੁਖਾਂ ਨੂੰ ਇਕੋ ਜਿਹਾ ਸਮਝਣਾ ਅਤੇ ਪਵਿੱਤਰ ਤੇ ਵੈਰ-ਰਹਿਤ ਜੀਵਨ ਜੀਉਣਾ।

3. ਸਾਰੇ ਜੀਵਾਂ ਨਾਲ ਪਿਆਰ ਹਮਦਰਦੀ ਰੱਖਣੀ ਅਤੇ ਕਾਮਾਦਿਕ ਵਿਕਾਰਾਂ ਤੋਂ ਬਚੇ ਰਹਿਣਾ।

4. ਪ੍ਰਮਾਤਮਾ ਦੀ ਸਿਫਤਿ ਸਾਲਾਹ ਨੂੰ ਜ਼ਿੰਦਗੀ

ਦਾ ਆਸਰਾ ਬਣਾਉਣਾ ਅਤੇ ਮਾਇਆ ਤੋਂ ਇਉਂ ਨਿਰਲੇਪ ਰਹਿਣਾ ਜਿਵੇਂ ਕਉਲ ਫੁੱਲ ਪਾਣੀ ਤੋਂ।

5. ਸੱਜਣ ਤੇ ਵੈਰੀ ਨਾਲ ਇਕੋ ਜਿਹਾ ਪ੍ਰੇਮ-ਭਾਵ ਰੱਖਣ ਦੀ ਸਿਖਿਆ ਗ੍ਰਹਿਣ ਕਰਨੀ ਅਤੇ ਪ੍ਰਮਾਤਮਾ ਦੀ ਭਗਤੀ ਵਿਚ ਪਿਆਰ ਬਣਾਉਣਾ।

6. ਪਰਾਈ ਨਿੰਦਿਆ ਆਪਣੇ ਕੰਨਾਂ ਨਾਲ ਨਾ ਸੁਣਨੀ ਅਤੇ ਆਪਾ ਭਾਵ ਤਿਆਗ ਕੇ ਸਭ ਦੇ ਚਰਨਾਂ ਦੀ ਧੂੜ ਬਣਨਾ।

*ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥*
*ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥*
*ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥*
*ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ*
*ਜਲ ਕਮਲ ਰਹਤਹ ॥*
*ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥*
*ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ*
*ਆਪੁ ਤ੍ਯਿਾਗਿ ਸਗਲ ਰੇਣੁਕਹ ॥*
*ਖਟ ਲਖ੍ਯਣ ਪੂਰਨੰ ਪੁਰਖਹ*
*ਨਾਨਕ ਨਾਮ ਸਾਧ ਸ੍ਵਜਨਹ ॥*     *ਅੰਗ - ੧੩੫੭*

ਐਸੀ ਮਨੋਹਰ ਸ਼ਖਸੀਅਤ ਦੇ ਧਾਰਨੀ ਸਨ - ਸ੍ਰੀ ਗੁਰੂ ਅਰਜਨ ਦੇਵ ਜੀ, ਸਦਾ ਪ੍ਰਭੂ ਨਾਮ ਵਿਚ ਵਿਲੀਨ, ਦੁਖਾਂ-ਸੁਖਾਂ ਨੂੰ ਸਮ ਜਾਣਨ ਵਾਲੇ, ਨਿਰਵੈਰ, ਸਾਰੇ ਜੀਆਂ ਨਾਲ ਹਮਦਰਦੀ ਤੇ ਪਿਆਰ ਰੱਖਣ ਵਾਲੇ, ਮਾਇਆ ਤੋਂ ਨਿਰਲੇਪ, ਸਭ ਦੇ ਸੱਜਣ, ਨਿਰਮਲ ਰੱਬੀ ਜੋਤਿ।

ਸ੍ਰੀ ਅਰਜਨ ਦੇਵ ਜੀ ਦੀ ਰੱਬੀ-ਸ਼ਖਸੀਅਤ ਦੀ ਇਕ ਝਲਕ ਭੱਟਾਂ ਦੇ ਸਵੱਯਾਂ ਵਿਚੋਂ ਵੇਖਣੀ ਵੀ ਕੁਥਾਂਹ ਨਹੀਂ ਹੋਵੇਗੀ। ਭੱਟ ਬਾਣੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ 'ਪਰਤਖੁ ਹਰਿ' ਕਿਹਾ ਹੈ। ਐਸੀ ਸ਼ਖਸੀਅਤ ਦੇ ਮਾਲਕ ਜਿਨ੍ਹਾਂ ਦੀ ਅੰਮ੍ਰਿਤ ਮਈ ਤਕਣੀ ਨਾਲ ਅਗਿਆਨਤਾ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ, ਸਾਰੇ ਗੁਨਾਹ ਸੜ ਜਾਂਦੇ ਹਨ, ਪਾਪਾਂ ਦਾ ਨਾਸ਼ ਹੋ ਜਾਂਦਾ ਹੈ, ਸਾਰੀਆਂ ਮੈਲਾਂ ਧੋਤੀਆਂ ਜਾਂਦੀਆਂ ਹਨ-

*ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ ॥*
*ਅੰਗ - ੧੩੯੨*

ਸਤਿਗੁਰੂ ਅਰਜਨ ਦੇਵ ਜੀ ਅਜਿਹੀ ਸਮਰੱਥਾ ਦੇ ਮਾਲਕ ਸਨ ਕਿ ਇਕ ਦ੍ਰਿਸ਼ਟੀ ਰਾਹੀਂ ਅਗਿਆਨਤਾ ਨੂੰ ਗਿਆਨ ਵਿਚ, ਹਨ੍ਹੇਰੇ ਨੂੰ ਚਾਨਣ ਵਿਚ ਬਦਲ ਸਕਦੇ ਸਨ ਅਤੇ 'ਪ੍ਰਭ ਪਲਕ ਪੇਖਤ ਨਵ ਨਿਧੇ ॥' (ਅੰਗ-੫੪੩) ਉਨ੍ਹਾਂ ਦੀ ਸਗਤ ਵਿਚ ਕੀ ਪ੍ਰਾਪਤੀ ਹੈ, ਨਿਮਨ ਸ੍ਵਯੇ ਰਾਹੀਂ ਸਪੱਸ਼ਟ ਹੋ ਰਿਹਾ ਹੈ -

*ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥*
*ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥*
*ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥*
*ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ ॥*
*ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ*
*ਦੁਖ ਦਰਿਦ੍ਰ ਤਿਨ ਕੇ ਗਇਅ ॥*
*ਸਤਿਗੁਰੂ ਚਰਨ ਜਿਨ੍ ਪਰਸਿਆ*
*ਸੇ ਪਸੁ ਪਰੇਤ ਸੁਰਿ ਨਰ ਭਇਅ ॥*     *ਅੰਗ - ੧੩੯੯*

ਅਰਥਾਤ ਗੁਰੂ ਦਾ ਸ਼ਬਦ ਸੁਣਨ ਨਾਲ ਮਨੁੱਖ ਕੱਚ ਤੋਂ ਸੋਨਾ ਬਣ ਜਾਂਦਾ ਹੈ, ਸਤਿਗੁਰੂ ਦਾ ਨਾਮ ਲੈਣ ਨਾਲ ਸਾਰੇ ਬਿਖ (ਵਿਸ਼ੇ ਵਿਕਾਰ)। ਖਤਮ ਹੋ ਜਾਂਦੇ ਹਨ ਅਤੇ ਜੀਵਨ ਅੰਮ੍ਰਿਤ ਭਰਪੂਰ ਹੋ ਜਾਂਦਾ ਹੈ। ਸਤਿਗੁਰੂ ਦੀ ਮਿਹਰ ਦੀ ਇਕ ਨਜ਼ਰ ਨਾਲ ਲੋਹੇ ਤੋਂ ਲਾਲ ਵਾਂਗੂੰ ਕੀਮਤੀ ਜੀਵਨ ਜਾਚ ਮਿਲ ਜਾਂਦੀ ਹੈ, ਗੁਰੂ ਦੇ ਗਿਆਨ ਰਾਹੀਂ ਪੱਥਰ ਜੀਵਨ, ਮਾਣਕ ਮੋਤੀਆਂ ਤੁਲ ਹੋ ਜਾਂਦਾ ਹੈ, ਸਾਧਾਰਨ ਮਨੁੱਖ ਵੀ ਚੰਦਨ ਬਣ ਕੇ ਦੂਜਿਆਂ ਨੂੰ ਸੁਗੰਧੀ ਵੰਡਣ ਲੱਗ ਪੈਂਦਾ ਹੈ, ਸਤਿਗੁਰੂ ਦੀ ਸੰਗਤ ਵਿਚ ਸਭਨਾਂ ਦੇ ਦੁਖ ਦਲਿੱਦਰ ਹਮੇਸ਼ਾ ਲਈ ਖਤਮ ਹੋ ਜਾਂਦੇ ਹਨ। ਸਤਿਗੁਰੂ ਦੀ ਸ਼ਰਨ ਵਿਚ ਆਇਆਂ ਪਸ਼ੂਆਂ ਅਤੇ ਪ੍ਰੇਤਾਂ ਵਾਲੀ ਬਿਰਤੀ ਦੈਵੀ ਗੁਣਾਂ ਦੀ ਧਾਰਨੀ ਬਣ ਜਾਂਦੀ ਹੈ। ਐਸਾ ਕਮਾਲ ਹੈ -ਸਤਿਗੁਰੂ ਗੁਰੂ ਅਰਜਨ ਦੇਵ ਜੀ ਦੀ ਸ਼ਖਸੀਅਤ ਦਾ।

ਸ੍ਰੀ ਗੁਰੂ ਅਰਜਨ ਦੇਵ ਜੀ ਬਾਰੇ ਦੂਜੀ ਮਹੱਤਵ ਪੂਰਨ ਗੱਲ ਇਹ ਜਾਣਨਾ ਹੈ ਜਿਵੇਂ ਕਿ ਭੱਟ ਮਥਰਾ ਨੇ ਦਸਿਆ ਹੈ ਕਿ ਵਾਹਿਗੁਰੂ ਦੀ ਜੋਤਿ ਸੰਸਾਰ ਤੇ ਪ੍ਰਕਾਸ਼ਮਾਨ ਹੋਈ ਅਤੇ ਉਸ ਜੋਤਿ ਨੂੰ ਸ੍ਰੀ ਨਾਨਕ ਦੇਵ ਜੀ ਨਾਮ ਨਾਲ ਜਾਣਿਆਂ ਗਿਆ। ਇਹੋ ਜੋਤਿ ਪੰਚਮ ਪਾਤਸ਼ਾਹ ਰਾਹੀਂ ਸੰਸਾਰ ਵਿਚ ਕਿਰਿਆਸ਼ੀਲ ਹੋਈ -

*ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥*
*ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥*
*ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥*
*ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥*
*ਗੁਰ ਰਾਮਦਾਸ ਦਰਸਨੁ ਪਰਸਿ*
*ਕਹਿ ਮਥੁਰਾ ਅੰਮ੍ਰਿਤ ਬਯਣ ॥*
*ਮੂਰਤਿ ਪੰਚ ਪ੍ਰਮਾਣ ਪੁਰਖੁ*
*ਗੁਰੁ ਅਰਜੁਨੁ ਪਿਖਹੁ ਨਯਣ ॥*     *ਅੰਗ - ੧੪੦੮*

*'ਚਲਦਾ..........।'*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

ਸਿਰੀਰਾਗੁ ਮਹਲਾ ੪ ॥

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਹਰਿ ਪਾਇਆ ਉਦਰ ਮੰਝਾਰਿ ॥

ਹੇ ਜੀਵ ਰੂਪ ਵਣਜਾਰੇ ਮਿਤ੍ਰਾ=ਸੱਜਣਾ! ਜਦੋਂ ਤੈਨੂੰ ਉਮਰ ਰੂਪੀ ਰਾਤ ਦੇ ਪਹਿਲੇ ਪਹਿਰ ਦਾ ਹਿੱਸਾ ਪ੍ਰਾਪਤ ਹੋਇਆ ਤਾਂ ਹਰਿ=ਹਰੀ ਪਰਮੇਸ਼ਰ ਨੇ ਤੇਰੀ ਕਰਣੀ ਅਨੁਸਾਰ ਤੈਨੂੰ ਮਾਤਾ ਦੇ ਗਰਭ ਮੰਝਾਰਿ=ਵਿਚ ਪਾਇਆ=ਪਾਉਣਾ ਕੀਤਾ।

ਹਰਿ ਧਿਆਵੈ ਹਰਿ ਉਚਰੈ
ਵਣਜਾਰਿਆ ਮਿਤ੍ਰਾ
ਹਰਿ ਹਰਿ ਨਾਮੁ ਸਮਾਰਿ ॥

ਹੇ ਜੀਵ ਰੂਪ ਵਣਜਾਰਿਆ ਮਿਤ੍ਰਾ=ਸੱਜਣਾ। ਉਥੇ ਤੈਨੂੰ ਇਹ ਵੀ ਸਮਝ ਨਹੀਂ ਸੀ ਕਿ ਮੈਂ ਕਿੱਧਰੋਂ ਆਇਆ ਹਾਂ ਅਤੇ ਕਿੱਧਰ ਨੂੰ ਜਾਣਾ ਹੈ। ਉਸ ਸਮੇਂ ਤੂੰ ਮਨ ਦੀ ਧਿਆਨ ਬਿਰਤੀ ਦੁਆਰਾ ਪਰਾ ਬਾਣੀ ਨਾਲ ਉਸ ਹਰਿ=ਹਰੀ ਪਰਮੇਸ਼ਰ ਨੂੰ ਧਿਆਵੈ=ਧਿਆਉਂਦਾ ਸੀ। ਹਰਿ=ਪਰਮੇਸ਼ਰ ਦੇ ਗੁਣਾਂ ਨੂੰ ਉਚਰੈ=ਉਚਾਰਨ ਕਰਦਾ ਸੀ। ਤੂੰ ਹਰਿ=ਹਰੀ ਵਾਹਿਗੁਰੂ ਨੂੰ ਪ੍ਰੇਮ ਨਾਲ ਸਮਾਰਿ=ਸਮਾਲਣਾ ਕਰਦਾ ਸੀ। ਹਰਿ=ਹਰੀ ਵਾਹਿਗੁਰੂ ਨੂੰ ਹੀ ਨਿਰੰਤਰ ਅਰਾਧਨ ਕਰਦਾ ਸੀ। ਉਸ ਸਮੇਂ ਤੈਨੂੰ ਆਪਣੇ ਪਿਛਲੇ ਸੌ ਜਨਮਾਂ ਦੀ ਸੋਝੀ ਪ੍ਰਾਪਤ ਹੋ ਗਈ ਸੀ। ਤੂੰ ਕਿਹੋ ਜਿਹੇ ਚੰਗੇ ਮੰਦੇ ਕਰਮ ਕੀਤੇ ਸਨ, ਉਸ ਪਸਚਾਤਾਪ ਵਿਚ ਤੂੰ ਪਰਮੇਸ਼ਰ ਨੂੰ ਹੀ ਉਚਰੈ=ਚੇਤੇ ਕਰਦਾ ਰਹਿੰਦਾ ਸੀ ਕਿ ਹੇ ਅਕਾਲ ਪੁਰਖ! ਮੈਨੂੰ ਇਸ ਕੁੰਭੀ ਨਰਕ ਵਿਚੋਂ ਬਚਾਉਣਾ ਕਰ। ਮੈਂ ਤੇਰਾ ਸੁਆਸ-ਸੁਆਸ ਸਿਮਰਨ ਕਰਾਂਗਾ। ਧਰਮ ਦੀ ਕਿਰਤ ਕਰ ਕੇ ਵੰਡ ਕੇ ਖਾਵਾਂਗਾ ਅਤੇ ਤੇਰੇ ਨਾਲ 'ਤੇ ਦਸਵਾਂ ਹਿੱਸਾ ਦਿਆ ਕਰਾਂਗਾ। ਇਸ ਤਰ੍ਹਾਂ ਤੂੰ ਸਦਾ ਹੀ ਉਸ ਹਰੀ ਵਾਹਿਗੁਰੂ ਦੇ ਨਾਲ ਨੂੰ ਹੀ ਸਮਾਰਿ=ਸਿਮਰਦਾ ਸੀ।

ਹਰਿ ਹਰਿ ਨਾਮੁ ਜਪੇ ਆਰਾਧੇ
ਵਿਚਿ ਅਗਨੀ ਹਰਿ ਜਪਿ ਜੀਵਿਆ॥

ਹਰਿ=ਹਰੀ ਪਰਮੇਸ਼ਰ ਜੋ ਸਾਰਿਆਂ ਨੂੰ ਹਰਿ=ਹਰੇ ਭਰੇ ਕਰਨ ਵਾਲਾ ਹੈ, ਤੂੰ ਉਸ ਦੇ ਨਾਮ ਨੂੰ ਪਰਾ ਬਾਣੀ ਦੁਆਰਾ ਜਪੇ=ਜਪਦਾ ਸੀ ਤੇ ਇਕ ਮਨ ਹੋ ਕੇ ਆਰਾਧੇ=ਯਾਦ ਕਰਦਾ ਸੀ। ਹੇ ਜੀਵ! ਮਾਤਾ ਦੀ ਗਰਭ ਦੀ ਅੱਗ ਇਤਨੀ ਪ੍ਰਬਲ ਹੁੰਦੀ ਹੈ ਕਿ ਜੇਕਰ ਉਹ ਉਸ ਵਕਤ ਰੋੜ ਵੀ ਖਾ ਲਵੇ ਤਾਂ ਉਸ ਅਗਨੀ ਵਿਚ ਉਹ ਵੀ ਹਜ਼ਮ ਹੋ ਜਾਂਦੇ ਹਨ। ਐਸੀ ਅਗਨੀ ਦੇ ਵਿਚ ਤੇਰਾ ਫੁੱਲ ਨਾਲੋਂ ਵੀ ਜ਼ਿਆਦਾ ਕੋਮਲ ਸਰੀਰ ਹਰਿ=ਪਰਮੇਸ਼ਰ ਵਾਹਿਗੁਰੂ ਦੇ ਸਿਮਰਨ ਕਰਕੇ ਹੀ ਜੀਵਿਆ=ਜਿਉਂਦਾ ਰਹਿ ਸਕਿਆ ਹੈ। ਉਸ ਅਕਾਲ ਪੁਰਖ ਦਾ ਤੇਰੇ ਸਰੀਰ ਉਤੇ ਐਸਾ ਪਰਉਪਕਾਰ ਹੈ।

ਬਾਹਰਿ ਜਨਮੁ ਭਇਆ ਮੁਖਿ ਲਾਗਾ
ਸਰਸੇ ਪਿਤਾ ਮਾਤ ਥੀਵਿਆ ॥

ਜਦੋਂ ਤੇਰਾ ਸਰੀਰ ਮਾਤਾ ਦੇ ਗਰਭ ਵਿਚੋਂ ਬਾਹਰ ਆਇਆ ਭਾਵ ਜਨਮ ਭਇਆ=ਹੋਇਆ ਤਾਂ ਸਾਰੇ ਤੇਰੇ ਮੁਖਿ=ਮੂੰਹ ਦੇ ਤਾਈਂ ਦੇਖਣ ਲਾਗਾ=ਲਗੇ। ਤੇਰਾ ਪਿਤਾ ਵੀ ਬੜਾ ਪ੍ਰਸਨ ਹੋਇਆ ਕਿ ਮੇਰੇ ਘਰ ਪੁੱਤਰ ਪੈਦਾ ਹੋਇਆ ਹੈ। ਤੇਰੀ ਮਾਤਾ ਵੀ ਪ੍ਰੇਮ ਦੇ ਸਹਿਤ ਭਿੱਜ ਗਈ ਕਿ ਮੈਨੂੰ ਪਰਮੇਸ਼ਰ ਨੇ ਪੁੱਤਰ ਦੀ ਦਾਤ ਦਿਤੀ ਹੈ। ਇਸ ਪ੍ਰਕਾਰ ਤੇਰੇ ਮਾਤਾ ਪਿਤਾ ਸਮੇਤ ਅਨਦ ਦੇ ਸਰਸੇ=ਸਹਿਤ ਰਸ ਦੇ ਥੀਵਿਆ=ਹੋ ਗਏ।

ਜਿਸ ਕੀ ਵਸਤੁ ਤਿਸੁ ਚੇਤਹੁ ਪ੍ਰਾਣੀ
ਕਰਿ ਹਿਰਦੈ ਗੁਰਮੁਖਿ ਬੀਚਾਰਿ ॥

ਹੇ ਪ੍ਰਾਣੀ=ਪ੍ਰਾਣਾਧਾਰੀ ਜੀਵ! ਜੇਕਰ ਤੇਰੇ ਕੋਲ ਪ੍ਰਾਣ ਹਨ ਤੇ ਦੌਲਤ ਅਤੇ ਸਬੰਧੀ ਹੈ। ਜੇਕਰ ਪ੍ਰਾਣ ਨਾ ਹੋਣ ਤਾਂ ਮੁਰਦੇ ਨੂੰ ਕੌਣ ਪਛਾਣਦਾ ਹੈ। ਜਿਸ ਵਾਹਿਗੁਰੂ ਨੇ ਤੈਨੂੰ ਪੁੱਤ ਅਤੇ ਪੋਤਰੇ ਭਾਵ ਪਦਾਰਥਾਂ ਰੂਪੀ ਵਸਤੁ=ਵਸਤੂਆਂ ਦੀ ਦਾਤ ਬਖਸ਼ੀ ਹੈ, ਤੂੰ ਤਿਸੁ=ਉਸ ਅਕਾਲ ਪੁਰਖ ਨੂੰ ਚੇਤੇ ਕਰ। ਹੇ ਪ੍ਰਾਣੀ=ਪ੍ਰਾਣਾਧਾਰੀ ਜੀਵ ਤੂੰ ਤਿਸੁ=ਉਸ ਅਕਾਲ ਪੁਰਖ ਨੂ ਚੇਤਹੁ=ਸਿਮਰਨਾ ਕਰਨਾ ਅਤੇ ਗੁਰਮੁਖਾਂ ਦੁਆਰਾ ਹਿਰਦੈ=ਅੰਤਸ਼ਕਰਨ ਵਿਚ ਉਸ ਵਾਹਿਗੁਰੂ ਦੀ ਵਿਚਾਰ ਕਰ।

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ
ਹਰਿ ਜਪੀਐ ਕਿਰਪਾ ਧਾਰਿ ॥੧॥

ਸਤਿਗੁਰੂ ਪਾਤਸ਼ਾਹ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਾਣਾਧਾਰੀ ਜੀਵ! ਸਰੀਰ ਦੀ ਉਮਰ ਰੂਪੀ ਰਾਤ ਦੇ ਪਹਿਲੇ ਪਹਿਰ ਦੇ ਮਾਤਾ ਦੇ ਗਰਭ ਰੂਪੀ ਹਿੱਸੇ ਵਿਚ ਉਸ ਹਰਿ=ਹਰੀ ਪਰਮੇਸ਼ਰ ਦੇ ਅੱਗੇ ਅਰਦਾਸ ਕਰੋ ਕਿ ਹੇ ਅਕਾਲ ਪੁਰਖ! ਸਾਡੇ 'ਤੇ ਕ੍ਰਿਪਾ ਧਾਰਿ=ਧਾਰਨੀ ਕਰੋ ਕਿ ਅਸੀਂ ਤੇਰੇ ਹੀ ਨਾਮ ਨੂੰ

ਜਪਣਾ ਕਰੀਏ।

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਮਨੁ ਲਾਗਾ ਦੂਜੈ ਭਾਇ ॥

ਹੇ ਜੀਵ ਰੂਪੀ ਵਣਜਾਰੇ ਮਿਤ੍ਰਾ=ਸੱਜਣਾ! ਸਰੀਰ ਰੂਪੀ ਰਾਤ ਦੇ ਦੂਜੇ ਪਹਿਰ ਦੇ ਹਿੱਸੇ ਵਿਚ ਜਨਮ ਧਾਰ ਕੇ ਬਾਲਪਨ ਵਿਚ ਤੂੰ ਉਸ ਵਾਹਿਗੁਰੂ ਪਰਮੇਸ਼ਰ ਨੂੰ ਵਿਸਾਰ ਦਿਤਾ ਹੈ ਅਤੇ ਤੇਰਾ ਮਨ ਦੂਜੈ ਭਾਇ=ਦਵੈਤ ਭਾਵ ਵਿਚ ਪ੍ਰੇਮ ਕਰਨ ਲੱਗ ਪਿਆ ਹੈ ਵਾ: ਮਨ ਨੂ ਜਗਤ ਭਾਵ ਵਿਚ ਲਾ ਕੇ ਦੂਜੈ=ਦਵੈਤ ਵਿਚ ਭਾਵ ਪਦਾਰਥਾਂ ਆਦਿ ਦੇ ਭਾਇ=ਪ੍ਰੇਮ ਵਿਚ ਲਗ ਪਿਆ ਹੈਂ।

ਮੇਰਾ ਮੇਰਾ ਕਰਿ ਪਾਲੀਐ ਵਣਜਾਰਿਆ ਮਿਤ੍ਰਾ
ਲੇ ਮਾਤ ਪਿਤਾ ਗਲਿ ਲਾਇ ॥

ਹੇ ਜੀਵ ਰੂਪੀ ਵਣਜਾਰੇ ਮਿਤ੍ਰਾ=ਸੱਣਾ! ਜਿਹੜੇ ਤੇਰੇ ਸਬੰਧੀ ਤੈਨੂੰ ਮੇਰਾ ਪੁੱਤਰ, ਮੇਰਾ ਭਾਈ ਆਦਿ ਮੇਰਾ-ਮੇਰਾ ਕਰਕੇ ਪਾਲੀਐ=ਪਾਲਦੇ ਹਨ। ਕਦੇ ਮਾਤਾ, ਕਦੇ ਪਿਤਾ ਤੈਨੂੰ ਆਪਣੀਆਂ ਬਾਹਾਂ ਵਿਚ ਲੈ ਕੇ ਆਪਣੇ ਗਲਿ-ਕੰਠ ਨਾਲ ਲਾਇ=ਲਾ ਕੇ ਸਾਰੇ ਮੋਹ ਕਰਦੇ ਹਨ।

ਲਾਵੈ ਮਾਤ ਪਿਤਾ ਸਦਾ ਗਲ ਸੇਤੀ
ਮਨਿ ਜਾਣੈ ਖਟਿ ਖਵਾਏ ॥

ਮਾਤਾ ਪਿਤਾ ਕਦੇ ਵੀ ਆਪਣੇ ਬੱਚੇ ਨੂੰ ਨਹੀਂ ਭੁੱਲਦੇ, ਉਹ ਸਦਾ, ਹਮੇਸ਼ਾ ਹੀ ਉਸ ਨੂੰ ਆਪਣੇ ਗਲ ਸੇਤੀ=ਨਾਲ ਲਾਵੈ=ਲਾਈ ਰਖਦੇ ਹਨ। ਮਾਤਾ ਪਿਤਾ ਆਪਣੇ ਮਨ ਵਿਚ ਮੋਹ ਦੁਆਰਾ ਇਹ ਜਾਣੈ=ਸਮਝਦੇ ਹਨ ਕਿ ਸਾਡਾ ਪੁੱਤਰ ਵੱਡਾ ਹੋ ਗਿਆ ਹੈ। ਸਾਨੂੰ ਖਟਿ=ਖੱਟੀ ਖੱਟ ਕੇ ਖਵਾਏਗਾ। ਪਰੰਤੂ ਮਾਤਾ ਪਿਤਾ ਦੀ ਸੇਵਾ ਕਰਨ ਵਾਲਾ ਸਰਵਨ ਵਰਗਾ ਕੋਈ ਵਿਰਲਾ ਹੀ ਹੈ, ਜੋ ਅੰਨ੍ਹੇ ਮਾਤਾ ਪਿਤਾ ਦੀ ਸੇਵਾ ਵਿਚ ਵਹਿੰਗੀ ਚੁੱਕ ਕੇ ਸੇਵਾ ਲਈ ਹਰ ਸਮੇਂ ਤਿਆਰ ਭਾਵ ਹਾਜ਼ਰ ਰਹਿੰਦਾ ਸੀ। ਐਸੇ ਗੁਣਾਂ ਵਾਲਾ ਕੋਈ ਕੋਈ ਹੁੰਦਾ ਹੈ, ਨਹੀਂ ਤਾਂ ਦੁਨੀਆਂ ਵਿਚ ਸਪੁੱਤਰ ਅਤੇ ਲਾਇਕ ਕਹਾ ਕੇ ਬੁੱਢੇ ਮਾਪਿਆਂ ਦੀ ਟਹਿਲ ਸੇਵਾ ਨਹੀਂ ਕਰਦੇ। ਮਾਤਾ ਪਿਤਾ ਆਸ ਰਖਦੇ ਹਨ ਕਿ ਸਾਨੂੰ ਖੱਟੀ ਭਾਵ ਮਿਹਨਤ ਕਰਕੇ ਖਵਾਏਗਾ।

ਜੋ ਦੇਵੈ ਤਿਸੈ ਨ ਜਾਣੈ ਮੂੜਾ
ਦਿਤੇ ਨੋ ਲਪਟਾਏ ॥

ਜੋ ਵਾਹਿਗੁਰੂ ਸਾਰੀਆਂ ਦਾਤਾਂ ਦੇਵੈ=ਦਿੰਦਾ ਹੈ, ਤਿਸੈ=ਉਸ ਪਰਮੇਸ਼ਰ ਨੂੰ ਮੂੜਾ=ਮੂਰਖ ਜੀਵ ਜਾਣੈ=ਜਾਣਦਾ ਨਹੀਂ ਅਤੇ ਉਸ ਪਰਮੇਸ਼ਰ ਵਾਹਿਗੁਰੂ ਦੀਆਂ ਪੁੱਤਰ ਆਦਿ ਦਿਤੀਆਂ ਹੋਈਆਂ ਦਾਤਾਂ ਦੇ ਮੋਹ ਵਿਚ ਲਪਟਾਏ=ਗ੍ਰਸਿਆ ਰਹਿੰਦਾ ਹੈ।

ਕੋਈ ਗੁਰਮੁਖਿ ਹੋਵੈ ਸੁ ਕਰੈ ਵੀਚਾਰੁ
ਹਰਿ ਧਿਆਵੈ ਮਨਿ ਲਿਵ ਲਾਇ ॥

ਜੇਕਰ ਕੋਈ ਗੁਰਮੁਖ ਹੋਵੇ ਸੁ=ਉਹੋ ਹੀ ਉਸ ਬ੍ਰਹਮ ਦੀ ਵੀਚਾਰ ਕਰੈ=ਕਰਦਾ ਹੈ ਅਤੇ ਮਨ=ਹਿਰਦੇ ਵਿਚ ਲਿਵ ਲਾਇ=ਲਾ ਕੇ ਭਾਵ ਬਿਰਤੀ ਟਿਕਾ ਕੇ ਹਰਿ=ਪਰਮੇਸ਼ਰ ਦੇ ਨਾਮ ਨੂੰ ਧਿਆਵੈ=ਧਿਆਉਂਦਾ ਹੈ।

ਕਹੁ ਨਾਨਕ ਦੂਜੈ ਪਹਰੈ
ਪ੍ਰਾਣੀ ਤਿਸੁ ਕਾਲੁ ਨ ਕਬਹੂੰ ਖਾਇ ॥੨॥

ਸਤਿਗੁਰੂ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ ਕਿ ਹੇ ਪ੍ਰਾਣੀ=ਪ੍ਰਾਣਧਾਰੀ ਜੀਵ! ਸਰੀਰ ਰੂਪੀ ਰਾਤ ਦੇ ਦੂਜੇ ਪਹਿਰ ਦੇ ਬਾਲਪਨ ਰੂਪ ਹਿੱਸੇ ਵਿਚ ਜੋ ਉਸ ਪਰਮੇਸ਼ਰ ਵਾਹਿਗੁਰੂ ਨੂੰ ਯਾਦ ਕਰੇਗਾ, ਤਿਸੁ=ਉਸ ਨੂੰ ਕਾਲੁ=ਜਮ ਕਬਹੂ=ਕਦੇ ਵੀ ਨਹੀਂ ਖਾਇ=ਖਾ ਸਕੇਗਾ।

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਮਨੁ ਲਗਾ ਆਲਿ ਜੰਜਾਲਿ ॥

ਹੇ ਜੀਵ ਰੂਪੀ ਵਣਜਾਰਿਆ ਮਿੱਤਰਾ! ਸਰੀਰ ਰੂਪੀ ਰਾਤ ਦੇ ਤੀਜੇ ਪਹਿਰ ਦੇ ਜਵਾਨੀ ਰੂਪ ਹਿੱਸੇ ਵਿਚ ਜੀਵਾਂ ਦਾ ਮਨ ਹਰ ਵਕਤ ਆਲਿ=ਘਰ ਦੇ, ਜੰਜਾਲਿ=ਬੰਧਨਾਂ ਵਿਚ ਲੱਗਾ ਰਹਿੰਦਾ ਹੈ।

ਧਨੁ ਚਿਤਵੈ ਧਨੁ ਸੰਚਵੈ ਵਣਜਾਰਿਆ ਮਿਤ੍ਰਾ
ਹਰਿ ਨਾਮਾ ਹਰਿ ਨ ਸਮਾਲਿ ॥

ਹੇ ਵਣਜਾਰਿਆ ਮਿੱਤਰਾ! ਜੀਵ ਉਸ ਪਰਮੇਸ਼ਰ ਦਾ ਸਿਮਰਨ ਛੱਡ ਕੇ, ਧਨੁ=ਦੌਲਤ ਭਾਵ ਸਦਾ ਹੀ ਮਾਇਕੀ ਪਦਾਰਥਾਂ ਨੂੰ ਚਿਤਵੈ=ਚੇਤੇ ਕਰਦਾ ਅਤੇ ਧਨ ਸੰਚਵੈ=ਧਨ ਨੂੰ ਇਕੱਠੇ ਕਰਨ ਵਿਚ ਹੀ ਲੱਗਾ ਰਹਿੰਦਾ ਹੈ। ਉਸ ਹਰਿ=ਹਰੀ ਪਰਮੇਸ਼ਰ ਦਾ ਨਾ ਜੋ ਸਾਰਿਆਂ ਨੂੰ ਹਰਿ=ਹਰੇ ਭਰੇ ਕਰਨ ਵਾਲਾ ਹੈ, ਉਸ ਨੂੰ ਕਦੇ ਵੀ ਸਮਾਲਿ=ਸਮਾਲਦਾ ਨਹੀਂ ਭਾਵ ਯਾਦ ਨਹੀਂ ਕਰਦਾ।

ਹਰਿ ਨਾਮਾ ਹਰਿ ਹਰਿ ਕਦੇ ਨ ਸਮਾਲੈ
ਜਿ ਹੋਵੈ ਅੰਤਿ ਸਖਾਈ ॥

ਜੋ ਹਰਿ=ਹਰੀ ਪਰਮੇਸ਼ਰ ਸਾਰਿਆਂ ਨੂੰ ਹਰਿ=ਹਰੇ ਭਰੇ ਕਰਨ ਵਾਲਾ ਹੈ, ਜੋ ਸਾਰਿਆਂ ਭਗਤਾਂ ਦੀ ਸਤਜੁਗ, ਤ੍ਰੇਤਾ, ਦੁਆਪਰ, ਕਲਜੁਗ ਚਾਰੇ ਯੁੱਗਾਂ ਵਿਚ ਰੱਖਿਆ ਕਰਦਾ ਹੈ, ਉਸ ਹਰਿ=ਹਰੀ ਪਰਮੇਸ਼ਰ ਦੇ ਨਾਮ ਤਾਈਂ ਕਦੇ ਵੀ ਸਮਾਲੈ=ਸੰਭਾਲਦਾ ਨਹੀਂ ਭਾਵ ਯਾਦ ਨਹੀਂ ਕਰਦਾ ਜਿ=ਜਿਹੜੇ ਨਾਮ ਨੇ ਅੰਤ ਵੇਲੇ ਪ੍ਰਲੋਕ ਵਿਚ ਸਖਾਈ=ਸਹਾਇਤਾ ਕਰਨ ਵਾਲਾ

ਹੋਵੈ=ਹੋਣਾ ਸੀ।

ਇਹੁ ਧਨੁ ਸੰਪੈ ਮਾਇਆ ਝੂਠੀ
ਅੰਤਿ ਛੋਡਿ ਚਲਿਆ ਪਛੁਤਾਈ ॥

ਇਹ ਧਨੁ=ਰੋਕੜੀ ਹਾਥੀ, ਘੋੜੇ ਆਦਿ ਸੰਪੈ=ਵਿਭੂਤੀ ਜੜ੍ਹ ਚੇਤਨ ਰੂਪ ਮਾਇਆ ਸਭ ਝੂਠੀ ਹੈ, ਜਿਸ ਵੇਲੇ ਅੰਤ ਸਮੇਂ ਧਨ ਪਦਾਰਥ ਆਦਿਕ ਸੰਪਦਾ ਨੂੰ ਜੀਵ ਛੋਡਿ=ਛੱਡ ਕੇ ਪ੍ਰਲੋਕ ਨੂੰ ਚਲਿਆ=ਚਲਦਾ ਹੈ ਤਦ ਪਛੁਤਾਈ=ਪਛਤਾਵਾ ਕਰਦਾ ਹੈ।

ਜਿਸ ਨੋ ਕਿਰਪਾ ਕਰੇ ਗੁਰੁ ਮੇਲੇ
ਸੋ ਹਰਿ ਹਰਿ ਨਾਮੁ ਸਮਾਲਿ ॥

ਜਿਸਨੋ=ਜਿਸ ਤੇ ਪ੍ਰਮੇਸ਼ਰ ਕ੍ਰਿਪਾ=ਦਇਆ ਦ੍ਰਿਸ਼ਟੀ ਕਰੇ=ਕਰਦਾ ਹੈ ਉਸ ਨੂੰ ਸੁਮੱਤ ਦੇ ਕੇ ਗੁਰਾਂ ਨਾਲ ਮੇਲੇ=ਮੇਲਦਾ ਹੈ, ਸੋ=ਉਹੋ ਹੀ ਸਾਰਿਆਂ ਨੂੰ ਹਰਿ=ਹਰੇ ਭਰੇ ਕਰਨ ਵਾਲੇ ਹਰਿ=ਪਰਮੇਸ਼ਰ ਦੇ ਨਾਮ ਨੂੰ ਸਮਾਲਿ=ਯਾਦ ਕਰਦਾ ਹੈ।

ਕਹੁ ਨਾਨਕ ਤੀਜੈ ਪਹਰੈ ਪ੍ਰਾਣੀ
ਸੇ ਜਾਇ ਮਿਲੇ ਹਰਿ ਨਾਲਿ ॥ ੩ ॥

ਸਤਿਗੁਰੂ ਪਾਤਸ਼ਾਹ ਜੀ ਕਥਨ ਕਰਦੇ ਹਨ ਕਿ ਹੇ ਪ੍ਰਾਣੀ=ਪ੍ਰਾਣਾਧਾਰੀ ਜੀਵ! ਸਰੀਰ ਰੂਪੀ ਰਾਤ ਦੇ ਤੀਜੇ ਪਹਿਰ ਦੇ ਜਵਾਨੀ ਰੂਪ ਹਿੱਸੇ ਵਿਚ ਸੇ=ਉਹ ਉਸ ਹਰਿ=ਹਰੀ ਪਰਮੇਸ਼ਰ ਵਾਹਿਗੁਰੂ ਦੇ ਨਾਲ ਮਿਲ ਜਾਂਦੇ ਹਨ। ਜਿਸ ਪ੍ਰਕਾਰ ਗੰਗਾ ਸਮੁੰਦਰ ਵਿਚ ਮਿਲ ਜਾਂਦੀ ਹੈ, ਉਸ ਤਰ੍ਹਾਂ ਉਨ੍ਹਾਂ ਦੀ ਜੋਤ ਅਕਾਲ ਪੁਰਖ ਵਿਚ ਅਭੇਦ ਹੋ ਜਾਂਦੀ ਹੈ।

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਹਰਿ ਚਲਣ ਵੇਲਾ ਆਦੀ ॥

ਹੇ ਜੀਵ ਰੂਪ ਵਣਜਾਰੇ ਮਿਤ੍ਰਾ=ਸੱਜਣਾ! ਸਰੀਰ ਰੂਪੀ ਰਾਤ ਦੇ ਚੌਥੇ ਪਹਿਰ ਦੇ ਬਿਰਧ ਅਵਸਥਾ ਰੂਪ ਹਿੱਸੇ ਵਿਚ ਹਰਿ=ਹਰੇਕ ਜੀਵ ਦੇ ਚਲਣ=ਚਲੇ ਜਾਣ ਦਾ ਵੇਲਾ=ਸਮਾਂ ਆਦੀ=ਆ ਜਾਂਦਾ ਹੈ ਵਾ: ਹਰਿ=ਪਰਮੇਸ਼ਰ ਨੇ ਜੀਵਾਂ ਦੇ ਚਲਣ ਦੀ ਵੇਲਾ=ਘੜੀ ਆਦੀ=ਲਿਆਂਦੀ ਹੈ।

ਕਰਿ ਸੇਵਹੁ ਪੂਰਾ ਸਤਿਗੁਰੂ ਵਣਜਾਰਿਆ ਮਿਤ੍ਰਾ
ਸਭ ਚਲੀ ਰੈਣਿ ਵਿਹਾਦੀ ॥

ਹੇ ਜੀਵ ਰੂਪ ਵਣਜਾਰਿਆ ਮਿਤ੍ਰਾ=ਸੱਜਣਾ! ਇਸ ਕਰਿ=ਕਰਕੇ ਪੂਰਾ=ਪੂਰਨ ਸਤਿਗੁਰਾਂ ਨੂੰ ਸੇਵਹੁ=ਸੇਵਨਾ ਕਰ ਕਿਉਂਕਿ ਤੇਰੀ ਉਮਰ ਰੂਪ ਰੈਣਿ=ਰਾਤ ਸਭ=ਸਾਰੀ ਵਿਹਾਦੀ=ਗੁਜਰਦੀ ਚਲਿ=ਜਾ ਰਹੀ ਹੈ।

ਹਰਿ ਸੇਵਹੁ ਖਿਨੁ ਖਿਨੁ ਢਿਲ ਮੂਲਿ ਨ ਕਰਿਹੁ
ਜਿਤੁ ਅਸਥਿਰੁ ਜੁਗੁ ਜੁਗੁ ਹੋਵਹੁ ॥

ਹੇ ਭਾਈ! ਉਸ ਹਰਿ=ਹਰੀ ਅਕਾਲ ਪੁਰਖ ਵਾਹਿਗੁਰੂ ਦਾ ਸਿਮਰਨ ਖਿਨ-ਖਿਨ ਕਾਲ ਵਿਚ ਕਰੋ। ਮੂਲਿ=ਕਦਾਚਿਤ ਵੀ ਢਿਲ=ਦੇਰ ਨਾ ਕਰੋ, ਜਿਤੁ=ਜਿਸ ਸੇਵਨ ਕਰਕੇ ਜੁੱਗਾਂ-ਜੁੱਗਾਂ ਵਿਚ ਅਸਥਿਰੁ=ਇਸਥਿਤ ਹੋਵਹੁ=ਹੋਵੋਗੇ। ਭਾਵ (ਵਿਆਕਰਣ ਵਾਲੇ ਕਹਿੰਦੇ ਹਨ ਕਿ ਘੱਟ ਸ਼ਬਦ ਕਹਿਣ ਨਾਲ ਦੋ ਖਿਨ ਗੁਜ਼ਰ ਜਾਂਦੇ ਹਨ, ਨਿਆਇਕ ਮਤ ਵਾਲੇ ਕਹਿੰਦੇ ਹਨ ਕਿ ਪਿੱਪਲ ਦੇ ਪੱਤੇ ਵਿਚੋਂ ਸੂਈ ਕੱਢਣ ਦੇ ਜਿਤਨੇ ਸਮੇਂ ਨੂੰ ਚਾਰ ਖਿਨ ਗੁਜ਼ਰ ਜਾਂਦੇ ਹਨ) ਸਦਾ ਵਾਸਤੇ ਵਾਹਿਗੁਰੂ ਦੀ ਜੋਤਿ ਵਿਚ ਮਿਲ ਕੇ ਅਚੱਲ ਹੋ ਜਾਵੋਗੇ।

ਹਰਿ ਸੇਤੀ ਸਦ ਮਾਣਹੁ ਰਲੀਆ
ਜਨਮ ਮਰਣ ਦੁਖ ਖੋਵਹੁ ॥

ਫਿਰ ਤੁਸੀਂ ਉਸ ਹਰਿ=ਹਰੀ ਪਰਮੇਸ਼ਰ ਦੇ ਸੇਤੀ=ਨਾਮ ਮਿਲ ਕੇ ਸਦਾ ਹੀ ਰਲੀਆ=ਖੁਸ਼ੀਆਂ ਮਾਣਨਾ ਕਰੋਗੇ। ਜਨਮ ਦਾ ਦੁੱਖ ਅਤੇ ਮੌਤ ਦਾ ਦੁੱਖ ਖੋਵਹੁ=ਗਵਾ ਲੈਣਾ ਕਰੋਗੇ।

ਗੁਰ ਸਤਿਗੁਰ ਸੁਆਮੀ ਭੇਦੁ ਨ ਜਾਣਹੁ
ਜਿਤੁ ਮਿਲਿ ਹਰਿ ਭਗਤਿ ਸੁਖਾਂਦੀ ॥

ਗੁਰ=ਪੂਜਨੀਕ, ਸਤਿ=ਨਾਸ ਤੋਂ ਰਹਿਤ, ਗੁਰ=ਚੇਤਨ ਸਰੂਪ ਭਾਵ ਪੂਰਨ ਸਤਿਗੁਰੂ ਤੇ ਸੁਆਮੀ=ਅਕਾਲ ਪੁਰਖ ਪਰਮੇਸ਼ਰ ਵਿਚ ਕੋਈ ਭੇਦੁ=ਅੰਤਰ ਨਾ ਜਾਨਣਾ ਕਰੋ। ਜਿਤੁ=ਜਿਸ ਸਤਿਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਸਾਹਿਬ ਜੀ, ਗੁਰੂ ਅਮਰਦਾਸ ਜੀ, ਸਤਿਗੁਰਾਂ ਦੇ ਨਾਲ ਮਿਲ ਕੇ ਹਰਿ=ਹਰੀ ਅਕਾਲ ਪੁਰਖ ਦੀ ਭਗਤੀ ਸੁਖਾਂਦੀ=ਸੁਖੈਨ ਹੁਮਦੀ ਹੈ। ਸਤਿਗੁਰੂ ਦੀ ਮੇਹਰ ਦਾ ਸਦਕਾ ਹੀ ਭਗਤੀ ਚੰਗੀ ਲੱਗਣ ਲੱਗ ਪੈਂਦੀ ਹੈ, ਨਹੀਂ ਤਾਂ ਅਟੁੱਟ ਸਿਮਰਨ ਵਿਚ ਸਾਡਾ ਚਿੱਤ ਕਿਸ ਤਰ੍ਹਾਂ ਜੁੜ ਸਕਦਾ ਹੈ।

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ
ਸਫਲਿਓ ਰੈਣਿ ਭਗਤਾ ਦੀ ॥ ੪ ॥ ੧ ॥ ੩ ॥

ਸਤਿਗੁਰੂ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ ਕਿ ਹੇ ਪ੍ਰਾਣੀ! ਪ੍ਰਾਣਾਧਾਰੀ ਜੀਵ! ਸਰੀਰ ਰੂਪੀ ਰਾਤ ਦੇ ਚੌਥੇ ਪਹਿਰ ਦੇ ਹਿੱਸੇ ਵਿਚ ਜੋ ਭਗਤ ਜਨ ਹਨ, ਉਨ੍ਹਾਂ ਦੀ ਬਿਰਧ ਅਵਸਥਾ ਦੀ ਉਮਰ ਰੂਪੀ ਰਾਤ ਸਫਲੀ ਹੋ ਜਾਂਦੀ ਹੈ। ਉਨ੍ਹਾਂ ਦੀ ਹਰ ਵਕਤ ਨਾਮ ਵਿਚ ਲਿਵ ਲੱਗੀ ਰਹਿੰਦੀ ਹੈ। ਉਨ੍ਹਾਂ ਨੂੰ ਗਿਆਨ ਹੁੰਦਾ ਹੈ।

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-55)*

ਇਕ ਪੱਛਮੀ ਲੇਖਕ ਨੇ ਇਕ ਵਿਲੱਖਣ ਤਰ੍ਹਾਂ ਦੀ ਕਸਰ ਪਰਉਪਕਾਰ ਵਿਚ ਦਰਸਾਈ ਹੈ। ਉਹ ਇਹ ਹੈ ਕਿ ਦੁਖੀਆਂ ਨੂੰ ਸੁਖ ਦੇ ਕੇ ਅਸੀਂ ਬਾਜ਼ੇ ਵੇਲੇ ਉਹਨਾਂ ਦੀ ਪਾਪ ਕਰਨ ਦੀ ਸੱਤਿਆ ਵਧਾ ਦੇਂਦੇ ਹਾਂ, ਜਿਹੜੀ ਕਿ ਦੁਖੀ ਹੋਣ ਵੇਲੇ ਉਨ੍ਹਾਂ ਵਿਚ ਦੁਖਾਂ ਨੇ ਨੱਪ ਛੱਡੀ ਸੀ। ਉਸ ਵਿਦਵਾਨ ਲੇਖਕ ਨੇ ਇਸ ਗੱਲ ਨੂੰ ਨਿਦਰਸ਼ਨਾਂ ਦੀ ਸ਼ਕਲ ਵਿਚ ਐਉਂ ਵਰਣਨ ਕੀਤਾ -

ਇਕ ਦਿਨ ਉਹ ਉਠੇ ਤੇ ਇਕ ਸ਼ਹਿਰ ਨੂੰ ਟੁਰ ਪਏ। ਇਕ ਵੱਡਾ ਮਹੱਲ ਸੀ, ਉਸ ਦੇ ਅੰਦਰ ਚਲੇ ਗਏ। ਸਾਰੇ ਸਾਮਾਨ ਉਥੇ ਭੋਗਾਂ ਦੇ ਤੇ ਰਜੋ ਗੁਣੀ ਰੰਗ ਦੇ ਸਨ। ਵੱਡੇ ਕਮਰੇ ਵਿਚ ਜਾ ਆਪ ਵੜੇ ਤਾਂ ਇਕ ਆਦਮੀ ਲਾਲ ਸ਼ਰਾਬ ਪੀ ਕੇ ਸਰੂਰ ਵਿਚ ਸੀ ਤੇ ਐਸ਼ ਇਸ਼ਰਤ ਵਿਚ ਗਲਤਾਨ ਸੀ। ਉਹ ਉਹਨਾਂ ਨੂੰ ਵੇਖ ਕੇ ਉਠਿਆ ਤੇ ਮੱਥਾ ਟੇਕਿਓਸੁ। ਉਹ ਪੁੱਛਣ ਲੱਗੇ, ਤੂੰ ਕੌਣ ਹੈਂ? ਉਸ ਆਖਿਆ, ਮੈਂ ਓਹੀ ਹਾਂ ਜੋ ਇਕ ਕੋਹੜੀ ਮੰਗਤਾ ਹੁੰਦਾ ਸਾਂ ਤੇ ਤੁਸਾਂ ਨੇ ਮੈਨੂੰ ਆਪਣੇ ਆਤਮ ਬਲ ਨਾਲ ਨਵਾਂ ਨਰੋਆ ਕਰ ਦਿਤਾ ਸੀ। ਉਹਨਾਂ ਨੇ ਕਿਹਾ, ਫੇਰ ਤੂੰ ਇਹ ਕਿਸ ਤਰ੍ਹਾਂ ਦਾ ਜੀਵਨ ਬਸਰ ਕਰ ਰਿਹਾ ਹੈਂ? ਉਸ ਉਤਰ ਦਿਤਾ ਕਿ ਮੈਂ ਜੀਓ ਹੋਰ ਕਿਸ ਤਰ੍ਹਾਂ ਦਾ ਜੀਵਨ ਬਸਰ ਕਰਦਾ? ਤੁਸਾਂ ਮੈਨੂੰ ਰਾਜ਼ੀ ਜੁ ਕਰ ਦਿਤਾ ਸੀ ਤੇ ਭਾਗ ਜੁ ਲਾ ਦਿਤਾ ਸੀ। ਇਹ ਸੁਣ ਕੇ ਆਪ ਬਾਜ਼ਾਰ ਵਿਚ ਆਏ। ਉਥੇ ਇਕ ਮੁਟਿਆਰ ਵੇਖੀ, ਜਿਸ ਦੇ ਮਗਰ ਇਕ ਗੱਭਰੂ ਮੋਹ ਵਿਚ ਮੱਤਾ ਨਜ਼ਰ ਜਮਾਏ ਆ ਰਿਹਾ ਸੀ। ਇਸ ਨੂੰ ਆਪ ਜੀ ਨੇ ਪੁੱਛਿਆ, ਭਾਈ ਤੂੰ ਇਸ ਮਾੜੀ ਨਜ਼ਰ ਨਾਲ ਇਸ ਬੀਬੀ ਵੰਨੇ ਕਿਉਂ ਤੱਕਦਾ ਹੈਂ? ਗੱਭਰੂ ਨੇ ਉਹਨਾਂ ਨੂੰ ਪਛਾਣ ਲਿਆ ਤੇ ਆਖਿਆ, ਜੀਉ ਮੈਂ ਅੰਨ੍ਹਾਂ ਹੁੰਦਾ ਸਾਂ, ਤੁਸਾਂ ਹੀ ਤਾਂ ਮੈਨੂੰ ਆਪਣੀ ਆਤਮ ਸਤਿਆ ਨਾਲ ਨੈਣ ਬਖਸ਼ੇ ਸਨ, ਫੇਰ ਦੱਸੋ ਮੈਂ ਹੋਰ ਕਿਸ ਵੰਨੇ ਤੱਕਦਾ? ਫਿਰ ਆਪ ਨੇ ਉਸ ਮੁਟਿਆਰ ਨੂੰ ਆਖਿਆ, ਬੀਬਿਆਂ! ਕੀ ਪਾਪ ਦੇ ਰਾਹ ਬਿਨਾਂ ਹੋਰ ਕੋਈ ਰਾਹ ਨਹੀਂ ਤੇਰੇ ਟੁਰਨੇ ਲਈ? ਤਾਂ ਉਸ ਮੁਟਿਆਰ ਨੇ ਸਿਆਣ ਕੇ ਆਖਿਆ, ਜੀਓ! ਤੁਸਾਂ ਹੀ ਤਾਂ ਮੇਰੇ ਪਾਪ ਬਖਸ਼ੇ ਸਨ, ਫਿਰ ਇਹੋ ਹੀ ਰਾਹ ਰਸਮਈ ਰਾਹ ਹੈ। ਫਿਰ ਆਪ ਸ਼ਹਿਰੋਂ ਬਾਹਰ ਨਿਕਲ ਗਏ ਤਾਂ ਸੜਕ ਦੇ ਕਿਨਾਰੇ ਇਕ ਗੱਭਰੂ ਰੋ ਰਿਹਾ ਸੀ। ਆਪ ਨੇ ਅੱਗੇ ਹੋ ਕੇ ਪੁੱਛਿਆ, ਤੂੰ ਕਿਉਂ ਪਿਆ ਰੋਨਾ ਏਂ? ਤਾਂ ਉਸ ਆਪ ਨੂੰ ਪਛਾਤਾ ਤੇ ਕਹਿਣ ਲੱਗਾ ਕਿ ਜੀਓ! ਮੈਂ ਮਰ ਗਿਆ ਸਾਂ, ਤੁਸਾਂ ਹੀ ਤਾਂ ਮੈਨੂੰ ਮੁਰਦਿਆਂ ਵਿਚੋਂ ਜੀਵਾਲਿਆ ਸੀ, ਤਾਂ ਮੈਂ ਰੋਣ ਤੋਂ ਸਿਵਾ ਹੋਰ ਕੀ ਕਰਦਾ?

ਇਸ ਦਾ ਭਾਵ ਇਹ ਨਿਕਲਿਆ ਜੇ ਕੋੜ੍ਹੀ ਨੂੰ ਤੇ ਅੰਨ੍ਹੇ ਆਦਿਕਾਂ ਨੂੰ ਤੰਦਰੁਸਤੀ ਨਹੀਂ ਮਿਲਦੀ ਤਾਂ ਉਹ ਪਾਪਾਂ ਵਿਚ ਪ੍ਰਵਿਰਤ ਨਾ ਹੁੰਦੇ, ਆਪਣੇ ਦੁਖਾਂ ਵਿਚ ਫਸੇ ਪਏ ਰਹਿੰਦੇ। ਪਰ ਗੁਰੂ ਸਾਹਿਬ ਫੁਰਮਾਉਂਦੇ ਹਨ, 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ' ਤੇ 'ਬ੍ਰਹਮ ਗਿਆਨੀ ਕੀ ਸਭ ਉਪਰ ਮਇਆ।' ਇਸ ਲਈ ਗੁਰਮਤਿ ਵਿਚ ਟੋਲੀਏ ਕਿ ਸਤਿਗੁਰਾਂ ਨੇ ਇਸ ਮੁਸ਼ਕਲ ਨੂੰ ਕਿਵੇਂ ਹੱਲ ਕੀਤਾ ਹੈ ਕਿ ਕਿ ਬ੍ਰਹਮ ਗਿਆਨੀ ਮਿਹਰ ਵੀ ਕਰੇ ਤੇ ਮਿਹਰ ਪਾ ਕੇ ਮਿਹਰ ਪਾਉਣ ਵਾਲੇ ਪਾਪਾਂ ਵਿਚ ਪ੍ਰਵਿਰਤ ਬੀ ਨਾ ਹੋਣ। ਇਸ ਪਰ ਇਕ ਵਾਰਤਾ ਹੈ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚ ਹੋਈ ਹੈ, ਉਸ ਦੀ ਵੀਚਾਰ ਸਾਨੂੰ ਸਿੱਧੇ ਰਸਤੇ ਪਾ ਦੇਵੇਗੀ, ਉਹ ਇਸ ਪ੍ਰਕਾਰ ਹੈ -

ਕੰਙਣਪੁਰ ਕਸੂਰ ਆਦਿ ਥਾਂਈ ਵਿਚਰਦੇ ਸ੍ਰੀ ਗੁਰੂ ਨਾਨਕ ਦੇਵ ਜੀ ਇਕ ਟਿਕਾਣੇ ਆਏ ਜਿਸ ਦਾ ਨਾਉਂ ਦੀਪਾਲਪੁਰ ਸੀ। ਇਥੇ ਨਗਰ ਵਿਚ ਸ੍ਰੀ ਜਗਤ ਤਾਰਕ ਜੀ ਨੂੰ ਕਿਸੇ ਰਹਿਣ ਨਾ ਦਿਤਾ। ਸਾਰੇ ਲੋਕਾਂ ਤੋਂ ਇਹ ਅਨਾਦਰ ਦਾ ਵਰਤਾਉ ਕਿਸ ਨਾਲ ਹੋਇਆ, ਜੋ ਅਰਸ਼ਾਂ ਦੇ ਸੁਖ ਛੱਡ ਕੇ ਇਸ ਦੁਖ ਭਰੇ ਸੰਸਾਰ ਵਿਚ ਆਇਆ ਜਗਤ ਨਿਸਤਾਰਨ ਲਈ। ਹਾਂ, ਜਿਸ ਨੇ ਇਸ ਲੋਕ ਤੇ ਗ੍ਰਿਹਸਤ ਦੇ ਸੁਖਾਂ ਦਾ ਬੀ ਤਿਆਗ ਕਰਕੇ ਦੇਸ਼-ਦੇਸ਼ ਦਾ ਫਿਰਨਾ ਤੇ ਪ੍ਰਦੇਸ਼ ਦੇ ਦੁਖਾਂ ਨੂੰ ਸਿਰ ਤੇ ਸਹਿਣਾ ਜਗਤ ਨੂੰ ਸੁਮੁੱਤੇ ਲਾਉਣ ਲਈ ਖੁਸ਼ੀਆਂ ਨਾਲ ਸਿਰ ਚਾ ਲਿਆ ਸੀ। ਦੇਖੋ ਓਸ ਮਹਾਂ ਉਪਕਾਰੀ ਨੂੰ ਰੈਣ ਬਸੇਰੇ ਲਈ ਥਾਂ ਨਹੀਂ ਮਿਲਦੀ। ਐਸ ਵੇਲੇ ਆ ਜਾਣ ਖਾਂ ਸ੍ਰੀ

ਗੁਰੂ ਨਾਨਕ ਦੇਵ ਜੀ ਓਸੇ ਦੇਹ ਵਿਚ ਜੀਕੂੰ ਤਦੋਂ ਆਏ ਸਨ, ਤਦ ਦੇਖੋ ਚਰਨਾਂ ਤੋਂ ਸਦਕੇ ਹੋ-ਹੋ ਜਾਈਏ ਅਸੀਂ ਸਾਰੇ। ਪਰ ਹਾਂ ਉਸ ਵੇਲੇ ਭੀ ਅਸੀਂ ਹੀ ਸਾਂ, ਸਾਡੇ ਵਰਗੇ ਜੁ ਸਨ ਮੰਦਮਤੀ, ਹਾਂ ਅਸੀਂ ਹੀ ਸਾਂ ਨਾ ਓਦੋਂ ਵੀ। ਜੀਓ ਅਸਾਂ ਨੇ ਰੈਣ ਬਸੇਰਾ ਨਾ ਦਿਤਾ ਜਗਤ ਸਵਾਮੀ ਨੂੰ ਤਾਂ ਦੇਖੋ ਉਹ ਹਉਂ ਅਤੀਤ ਉਪਕਾਰੀ ਨਗਰੋਂ ਬਾਹਰ ਟੁਰ ਪਿਆ। ਲਿਖਿਆ ਹੈ-

*ਇਕ ਪੁਰਿ ਆਵਾ ਬਹੁਰ ਅਗਾਰੀ॥*
*ਜਾਇ ਪਹੁੰਚੈ ਤਾਂਹਿ ਮਝਾਰੀ॥*
*ਰੈਣ ਰਹਿਣ ਹਿਤ ਖੋਜਤਿ ਥਾਂਇ॥*
*ਜਿਨ ਕੀਨੇ ਬ੍ਰਹਮੰਡ ਬਨਾਇ॥*
*ਤਹਾਂ ਬਸੇਰਾ ਦੇਤ ਨ ਕੋਊ॥*
*ਬੈਠਹਿਂ ਜਹਾਂ ਉਠਾਵਹਿਂ ਸੋਊ॥*
*ਮੰਦਮਤੀ ਨਰ ਪਿਖਿ ਤਹਿਂ ਥਾਏਂ॥*
*ਪੁਰਿ ਤੇ ਵਹਿਰ ਪ੍ਰਭੁ ਪੁਨ ਆਏ॥* *ਗੁ. ਨਾਨਕ ਪ੍ਰਕਾਸ਼*

ਮਿਹਰਾਂ ਦੇ ਸਾਈਂ ਤੇ ਕਿਸੇ ਕੌੜੇ ਤਜਰਬੇ ਤੋਂ ਦੁਖ ਨਾ ਮੰਨਣ ਵਾਲੇ ਸਤਿਗੁਰੂ ਜੀ ਨਗਰੋਂ ਬਾਹਰ ਆ ਕੇ ਕੁਛ ਦੂਰ ਉਜਾੜ ਵਿਚ ਇਕ ਝੁੱਗੀ ਤੱਕ ਕੇ ਓਧਰ ਨੂੰ ਗਏ। ਇਥੇ ਇਕ ਕੋਹੜੀ ਰਹਿੰਦਾ ਸੀ। ਕੋਹੜੀ ਕੋਈ ਅਮੀਰ ਕੋਹੜੀ ਨਹੀਂ ਸੀ ਪਰ ਮੰਗਤਾ ਕੋਹੜੀ ਸੀ। ਇਸ ਨੂੰ ਕੋਹੜੀ ਫਕੀਰ ਕਰਕੇ ਇਤਿਹਾਸ ਵਿਚ ਲਿਖਿਆ ਹੈ। ਇਸ ਦੇ ਦੁਆਰੇ, ਜਿਥੇ ਕੋਈ ਮਨੁੱਖ ਕੀਹ ਕੋਈ ਜੀਵ ਜਨੌਰ ਬੀ ਨਹੀਂ ਸੀ ਫੜਕਦਾ, ਜਗਤ ਨਿਸਤਾਰਣਹਾਰ ਜਾ ਖੜੋਤਾ ਅਤਿੱਥੀ ਵਾਂਗੂੰ ਹੋ ਕੇ ਉਸ ਨੂੰ ਆਖਦਾ ਹੈ 'ਏ ਫਕੀਰ ਰਾਤ ਰਹਿਣ ਦੇਹਿ।'

ਚਿੜੀਆਂ ਰੈਣਿ ਬਸੇਰਾ ਭਾਈ! ਚਿੜੀਆਂ ਰੈਣ ਬਸੇਰਾ। ਭਲਕੇ ਉਠ ਪੰਧ ਪੈ ਜਾਣਾ ਰਾਤ ਰਾਤ ਹੈ ਡੇਰਾ। ਡੇਰਾ ਨਹੀਂ, ਸਰਾਂ ਏ ਚਲਦੀ, ਸਭ ਦਾ ਰੈਣ ਬਸੇਰਾ। ਹੈ ਗੁਜ਼ਰਾਨ ਏ ਪਲਕ ਝਲਕ ਦੀ ਕਿਆ ਮੇਰਾ ਕਿਆ ਤੇਰਾ।

ਖਿਆਲ ਕਰੋ, ਜਿਸ ਦੇ ਅੱਗੇ ਰਾਇ ਬੁਲਾਰ ਹੱਥ ਜੋੜ ਕੇ ਖੜੋਂਦਾ ਸੀ ਤੇ ਜਿਸ ਦੇ ਜਗਤ ਯਾਤਰਾ ਆਰੰਭ ਕਰਨ ਵੇਲੇ ਦੌਲਤ ਖਾਂ ਲੋਧੀ ਦਿੱਲੀ ਦੇ ਪਾਤਸ਼ਾਹ ਦਾ ਭਰਾ ਤੇ ਸੁਲਤਾਨਪੁਰ ਦਾ ਸੂਬੇਦਾਰ ਤਰਲੇ ਕਰਦਾ ਸੀ ਕਿ ਮੈਂ ਕੋਈ ਸੇਵਾ ਕਰ ਸਕਾਂ। ਹਾਂ, ਜਿਸ ਦੇ ਅੱਗੇ ਰੋ-ਰੋ ਕੇ ਸ਼ਿਵਨਾਭ ਰਾਜਾ ਆਖਦਾ ਸੀ, ਜਿਸ ਪ੍ਰਕਾਰ ਤੁਮ ਕਿਤਨੇ ਕੋਸਾ ਚਲਿ ਆਏ ਨਿਜ ਦੇਨ ਭਰੋਸਾ। ਤਿਸੀ ਪ੍ਰਕਾਰ ਰਹਨਿ ਅਬ ਕੀਜੈ। ਸਬਰ ਦੇਸ਼ ਉਪਦੇਸ਼ਹਿ ਦੀਜੈ।' ਸੱਜਣੋ ਉਹੋ ਗੁਰੂ, ਜਿਸ ਦੇ ਕਦਮ ਧਰਨ ਦੀਆਂ ਥਾਵਾਂ ਉਤੇ ਤੁਸਾਂ ਨੇ ਅਣਗਿਣਤ ਧਨ ਲਾ ਕੇ ਮੰਦਰ ਪਾਏ ਹਨ, ਇਸ ਰਾਤ ਸਭ ਦੇ ਅਨਾਦਰ ਤੋਂ ਸ਼ਹਿਰੋਂ ਬਾਹਰ ਆ ਕੇ ਇਕ ਕੋਹੜੀ ਫਕੀਰ ਨੂੰ ਕਹਿੰਦਾ ਹੈ, ਏ ਫਕੀਰ ਰਾਤ ਰਹਿਣ ਦੇਹਿ।' ਦੇਖਿਆਂ ਨੇ ਜਗਤ ਦਾ ਜਗਤ ਦੇ ਸੁਆਮੀ ਨਾਲ ਸਲੂਕ। ਉਹ ਕੋਹੜੀ ਫਕੀਰ ਅੱਗੋਂ ਬੋਲਿਆ, ਜੀ ਮੇਰਿਅਹੁ ਪਾਸਹੁ ਜਾਨਵਰ ਨਸਦੇ ਹੈਨ, ਪਰ ਖੁਦਾਇ ਦਾ ਕਰਮ ਹੋਆ ਹੈ ਜੋ ਆਦਮੀ ਦੀ ਸੂਰਤਿ ਨਦਰਿ ਆਈ ਹੈ।

ਇਸ ਪਾਤਕ ਤੋਂ ਪੰਛੀ ਡਰਦੇ, ਫਟਕੇ ਕੁਈ ਨ ਨੇੜੇ, ਦੂਰੋਂ ਮਿਰਗ ਤੱਕ ਉਠ ਭੱਜਣ, ਵੜਨ ਨ ਸਾਡੇ ਖੇੜੇ। ਵੱਗ ਨਗਰ ਦੇ ਦੂਰ ਵਿੱਥ ਤੋਂ ਲੰਘ ਘਰਾਂ ਨੂੰ ਜਾਵਣ, ਭਲਾ, ਮਨੁੱਖ ਕਾਸ ਨੂੰ ਸਾਡੇ, ਆ ਕੇ ਫੇਰਾ ਪਾਵਨ? ਅੱਜ ਕੋਈ ਏ ਕਹਿੰਦਾ ਆਯਾ: ਚਿੜੀਆਂ ਰੈਣ ਬਸੇਰਾ। ਮੈਂ ਕੋੜ੍ਹੀ ਦੀ ਝੁੱਗੀ ਅੰਦਰ, ਕਰਨਾ ਚਾਹੇ ਡੇਰਾ? ਯਾ ਮੈਂ ਸੁੱਤਾ ਸੁਪਨੇ ਵੇਖਾਂ, ਯਾ ਪੁੰਨ ਮੇਰੇ ਬੋਲਣ, ਯਾ ਕੋਈ ਸਰਕਾਰੋਂ ਆਯਾ ਝੁੱਗਾ ਮੇਰਾ ਫੋਲਣ? ਪਰ ਹੈ ਸੱਦ ਕਟਕਦੀ ਪਿਆਰੀ ਭਰੀ ਹੈ, ਮੋਹਣੀ ਛੈਲ ਛਬੀਲੀ। ਤੁੱਠਾ ਅਜ ਖੁਦਾ ਹੈ ਮੈਂ ਪਰ, ਸੂਰਤ ਆਦਮ ਡਿੱਠੀ, ਮੂਰਤ ਦੇਵ ਫਰਿਅਸ਼ਤਯੋਂ ਸੁਹਣੀ, ਪਿਆਰੀ ਤੇ ਅਤਿ ਮਿੱਠੀ, ਜੀ ਆਯਾਂ ਨੂੰ ਸਦਕੇ ਆਯਾਂ, ਜਾਨ ਨਿਮਾਣੀ ਘੋਲੀ। ਸਖਣੀ ਜਿੰਦ ਵਾਰਨੇ ਕੀਤੀ, ਰੁਲ ਚੁੱਕੀ ਲੈ ਰੋਲੀ।

ਤਦ ਇਹ ਆਦਰ ਤੇ ਸੁਆਗਤ ਦੇ ਵਾਕ ਪਾ ਕੇ ਗੁਰੂ ਬਾਬਾ ਓਥੇ ਟਿਕ ਗਿਆ। ਹਾਂ, ਜਗਤ ਪਿਤਾ ਜੀ ਸਾਰੀ ਰਾਤ ਆਪਣੇ ਰੰਗ ਵਿਚ ਰਹੇ। ਕੁਸਟੀ ਰਾਤ ਹਾਇ-ਹਾਇ ਕਰ ਕੇ ਵਿਲਕਦਾ ਰਿਹਾ। ਇਸ ਕੁਸ਼ਟੀ ਦਾ ਕੁਸ਼ਟ ਦੇਖ ਕੇ ਤੇ ਵਿਰਲਾਪ ਸੁਣ ਕੇ ਗੁਰੂ ਜੀ ਦੇ ਮਨ ਮਿਹਰ ਆਈ। ਜੀ ਕੀਤਾ ਕਿ ਇਸ ਦਾ ਰੋਗ ਗਵਾ ਦੇਵੀਏ ਜੁ ਸੁਖੀ ਹੋ ਜਾਵੇ, ਤਾਂ ਆਪ ਦਇਆ ਦੇ ਘਰ ਵਿਚ ਆ ਕੇ ਬੋਲੇ ਹੇ ਫਕੀਰ! ਤੂੰ ਕਿਉਂ ਵਿਲਪਦਾ ਹੈਂ?

ਫਕੀਰ - ਹੇ ਮੇਰੇ ਘਰ ਆਏ ਮਿਹਰਾਂ ਵਾਲੇ ਸਾਂਈਂ ਲੋਕ! ਰੋਵਾਂ ਨਾ, ਵਿਲਪਾਂ ਨਾ ਤੇ ਕੀਹ ਕਰਾਂ? ਇਕ ਤਾਂ ਇਹ ਆਪਣਾ ਰੋਗ ਵੇਖ-ਵੇਖ ਕੇ ਝੁਰਦਾ ਰੋਂਦਾ ਹਾਂ, ਦੂਜੇ ਆਪਣੇ ਐਸ਼੍ਵਰਜ ਨੂੰ ਯਾਦ ਕਰਦਾ ਹਾਂ, ਜਦੋਂ ਪਦਾਰਥ ਤੇ ਐਸ਼ਾਂ ਸਨ। ਓਹ ਵਸਤਾਂ ਕਿੱਥੇ ਗਈਆਂ, ਓਹ ਦਿਨ ਕਿੱਥੇ ਗਏ? ਰੋਂਦਾ ਹਾਂ ਉਨ੍ਹਾਂ ਸਾਕਾਂ ਤੇ ਮਿੱਤਰਾਂ ਨੂੰ ਜੋ ਭਵਨ ਪਰਸਦੇ ਸਨ

ਮਰੇ ਤਦੋਂ,ਪਰ ਰੋਗੀ ਹੋਇਆ ਧੱਕ ਦਿਤਾ ਸਭ ਨੇ ਮੈਨੂੰ ਘਰੋਂ। ਰੋਂਦਾ ਹਾਂ ਕਿ ਹੁਣ ਮੈਂ ਐਨਾ ਬੁਰਾ ਹੋ ਗਿਆ ਹਾਂ ਕਿ ਨਗਰ ਵਿਚ ਕੋਈ ਸੜਕ ਤੇ ਬੀ ਨਹੀਂ ਪੈਣ ਦੇਂਦਾ ਮੈਨੂੰ। ਵਿਲਪਦਾ ਹਾਂ ਕਿ ਕਦੇ ਮਨੁੱਖ ਜਨੌਰ ਪੰਛੀ ਬੀ ਮੇਰੇ ਏਥੇ ਫੇਰਾ ਨਹੀਂ ਪਾਉਂਦੇ, ਇਕੱਲ ਵੱਢ-ਵੱਢ ਖਾਂਦੀ ਹੈ। ਹੇ ਸਾਂਈਂ ਦੇ ਸੁਆਰੇ! ਤੂੰ ਧੰਨ ਹੈਂ, ਜਿਸ ਨੂੰ ਮੇਰੇ ਤੇ ਦਇਆ ਆਈ ਹੈ। ਇਕੱਲ ਜਗਤ ਵਿਚ ਸਭ ਤੋਂ ਵੱਡਾ ਦੁਖ ਹੈ, ਸਭ ਤੋਂ ਵੱਡੀ ਸਜ਼ਾ ਹੈ, ਮੇਰੇ ਤੋਂ ਪੁੱਛੇ ਕੋਈ ਆ ਕੇ ਕਿ ਜਿਸ ਦੇ ਹੱਡ ਵਰਤੀ ਹੈ ਕਿ ਇਕੱਲ ਸਭ ਨਰਕਾਂ ਤੋਂ ਵੱਡਾ ਨਰਕ ਹੈ ਕਿ ਨਹੀਂ? ਜਿਨ੍ਹਾਂ ਨੂੰ ਕਦ ਇਕੱਲ ਵਾਪਰੇ ਉਹ ਇਸ ਦੇ ਦੁੱਖ ਨੂੰ ਸਮਝ ਸਕਦੇ ਹਨ। ਫੇਰ ਉਹ ਇਕੱਲ ਸਾਂਈਂ ਜੀਓ! ਬੜੀ ਬੁਰੀ ਹੁੰਦੀ ਹੈ ਕਿ ਜੋ ਜਗਤ ਨੇ ਸੂਗ ਨਾਲ ਕਿਸੇ ਦੁਖੀਏ ਦਰਦ ਰਞਾਣੇ ਨੂੰ ਦਿਤੀ ਹੋਵੇ। ਇਸ ਕਰਕੇ ਮੇਰਾ ਮਨ ਬਾਰੰਬਾਰ ਤਪਦਾ ਹੈ। ਇਹ ਸਭ ਜਾਣਦਾ ਹਾਂ ਤੇ ਵਾਰੋ ਵਾਰ ਚਿੰਤਨ ਕਰਦਾ ਹਾਂ ਤੇ ਬਾਰੰਬਾਰ ਮਨ ਸੜਦਾ ਤੇ ਭੁੱਜਦਾ ਹੈ। ਜਾਣਦਾ ਹਾਂ ਕਿ ਇਹ ਤਪਣਾ ਸੜਨਾ ਬਿਰਥਾ ਹੈ, ਇਹ ਨਿਰਾ ਖਪਣਾ ਹੈ ਪਰ ਇਹ ਖਪਣਾ ਛੁਟਦਾ ਨਹੀਂ ਜਿਵੇਂ ਰੋਇਆਂ ਪੀੜ ਨਹੀਂ ਹਟ ਜਾਇਆ ਕਰਦੀ ਪਰ ਪੀੜ ਵੇਲੇ ਰੋਣ ਹੀ ਇਕ ਮਨ ਦਾ ਆਸਰਾ ਹੋ ਜਾਂਦਾ ਹੈ। ਸੋ ਇਹ ਵੇਕਾਰ ਭੁੱਜਣਾ ਖਪਣਾ ਮੇਰਾ ਸੁਭਾਉ ਪੈ ਗਿਆ ਹੈ। ਫਿਰ ਕਦੇ ਸੋਚਦਾ ਹਾਂ ਕਿ ਖਬਰੇ ਮੇਰੀ ਪੁਕਾਰ ਮੇਰਾ ਵਿਰਲਾਪ ਸੁਣਿਆ ਜਾਵੇ ਤਾਂ ਕੋਈ ਢੋਈ ਮਿਲੇ।

ਸ੍ਰੀ ਗੁਰੂ ਜੀ - ਬਹੁਤ ਬੋਲਣਾ ਤੇ ਝਖਣਾ ਤਾਂ ਖਪਣਾ ਹੀ ਹੁੰਦਾ ਹੈ, ਕਿਉਂਕਿ ਜਿਸ ਅੱਗੇ ਬੋਲਣਾ ਹੈ ਉਹ ਤਾਂ ਬਿਨ ਬੋਲੇ ਹੀ ਸਭ ਕਿਛ ਜਾਣਦਾ ਹੈ। ਜੇ ਹੇ ਦੁਖੀਏ! ਮਨ ਵਿਚ ਕੋਈ ਸੋਚ ਹੋਵੇ ਤੇ ਓਸ ਤੇ ਕੋਈ ਡੂੰਘੀ ਅਰਦਾਸ ਹੋਵੇ ਤਾਂ ਚੁੱਪ ਕਿ ਉੱਚੀ ਕੀਤੀ ਅਰਦਾਸ ਪਹੁੰਚਦੀ ਹੈ ਤੇ ਓਹ ਦਾਤਾ ਸੁਣਦਾ ਹੈ ਪਰ ਤਪਣ ਨਾਲ, ਖਪਣ ਨਾਲ, ਬਹੁਤ ਵਿਅਰਥ ਬੋਲਣ ਨਾਲ ਤਾਂ ਆਪ ਹੀ ਜੀਵ ਲੁੱਝਦਾ ਹੈ। ਸੇਖ ਬੱਧੇ ਬਿਨਾਂ ਤੇ ਮਨੋਂ ਹੋ ਕੇ ਅਰਦਾਸ ਕੀਤੇ ਬਿਨਾਂ ਬਹੁਤ ਬੋਲਣਾ ਵਿਅਰਥ ਹੀ ਜਾਂਦਾ ਹੈ, ਸਗੋਂ ਮਨ ਦੀ ਪੀੜਾ ਵਧਦੀ ਹੈ।

ਕੁਸ਼ਟੀ - ਫੇਰ ਭਲੇ ਪੁਰਖ ਜੀਓ ਜੀ! ਮੈਂ ਕੀਹ ਕਰਾਂ? ਕਿਵੇਂ ਇਸ ਕੁਸ਼ਟ ਦਾ ਕਸ਼ਟ ਦੂਰ ਹੋਵੇ।

ਗੁਰੂ ਜੀ - ਉਸ ਦੀ ਮਨ ਵਿਚ ਸੇਧ ਬੰਨ੍ਹ ਕਿ ਜਿਸ ਨੇ ਤੇਰੇ ਅੰਗ ਅੱਖ, ਕੰਨ, ਨੱਕ ਬਣਾਏ ਸਨ, ਜਿਸ ਨੇ ਜੀਭ ਮਿੱਠਾ ਬੋਲਣ ਲਈ ਦਿਤੀ ਸੀ। ਜਿਸ ਨੇ ਇਨ੍ਹਾਂ ਅੰਗਾਂ ਵਾਲਾ ਸਰੀਰ ਰਚ ਕੇ ਇਸ ਵਿਚ ਮਨ ਜੈਸੇ ਅਦਭੁੱਤ ਇੰਦ੍ਰੀਆਂ ਦੇ ਸਰਦਾਰ ਨੂੰ ਪਾ ਕੇ ਜਠਰ ਅਗਨੀ ਵਿਚ ਤੈਨੂੰ ਰੱਖ ਕੇ ਤੇਰੀ ਰਚਨਾ ਰਚੀ ਸੀ, ਅਰ ਉਸ ਅਗਨੀ ਨੇ ਤੇਰੀ ਪਾਲਣਾ ਕੀਤੀ ਸੀ ਪਰ ਆਪਣੇ ਦਾਹ ਧਰਮ ਨੂੰ ਤੇਰੇ ਤੇ ਨਹੀਂ ਸੀ ਵਰਤਿਆ। ਭਾਵ ਇਹ ਕਿ ਉਸ ਰਚਣਹਾਰ ਦੀ ਖੂਬੀ ਹੈ ਕਿ ਦਾਹ ਸ਼ਕਤੀ ਵਾਲੇ ਟਿਕਣੇ ਰੱਖ ਕੇ ਤੈਨੂੰ ਬਣਾਇਆ ਪਰ ਉਸ ਦੀ ਨਿੱਘ ਸ਼ਕਤੀ ਤੋਂ ਤੇਰੀ ਸਾਜਨਾ ਦਾ ਕੰਮ ਤਾਂ ਲਿਆ ਪਰ ਦਾਹ ਸ਼ਕਤੀ ਤੋਂ ਤੇਰੀ ਰੱਛਿਆ ਕੀਤੀ। ਹਾਂ, ਜਿਸ ਰਚਣਹਾਰ ਨੇ ਐਸਾ ਸਰੀਰ ਤੇ ਮਨ ਰਚ ਕੇ ਓਸ ਦੀ ਜੀਵਨ ਕਲਾ ਦੇ ਜਾਰੀ ਰਹਿਣ ਲਈ ਉਸ ਵਿਚ ਹਵਾ ਵਜਾ ਦਿਤੀ ਹਵਾ ਫੂਕ ਦਿਤੀ ਕਿ ਤੇਰੇ ਸਵਾਸ ਚੱਲ ਪਏ, ਉਹਨਾਂ ਸੁਆਸਾਂ ਦੇ ਆਸਰੇ ਤੂੰ ਜੀਵਨ ਪਾ ਲਿਆ ਤੇ ਤੇਰਾ ਜੀਵਨ ਇਕ ਜਾਰੀ ਰਹਿਣ ਵਾਲੀ ਕਲਾ ਹੋ ਗਈ, ਤਦ ਉਸ ਰਚਣਹਾਰ ਨੇ ਆਖਿਆ, ਤੂੰ ਜਗਤ ਵਿਚ ਵਿਚਰ ਪਰ ਯਾਦ ਰੱਖ ਕਿ ਮੈਂ ਸਭ ਥਾਂਈਂ ਮੌਜੂਦ ਹਾਂ। ਭਾਵ ਜਿਸ ਨੇ ਆਪਣੇ ਸਾਰੇ ਵਿਆਪਕ ਹੋਣ ਦਾ ਪਤਾ ਦੇ ਦਿਤਾ ਤੇ ਕਿਹਾ ਕਿ ਵਿਚਰ ਪਰ ਮੈਨੂੰ ਵੇਖ, ਪਰ ਤੂੰ ਜਮ ਕੇ ਪਹਿਲਾਂ ਮਾਂ ਪਿਉ ਦੇ ਮੋਹ ਵਿਚ ਪੈ ਗਿਆ, ਫਿਰ ਇਸਤ੍ਰੀਆਂ ਦੀ ਪ੍ਰੀਤ ਵਿਚ ਲਪਟ ਗਿਆ ਤੇ ਨਾਨਾ ਪ੍ਰਕਾਰ ਦੇ ਇੰਦਰੇ ਰਸਾਂ ਵਿਚ ਲੱਗ ਗਿਆ ਤਾਂ ਉਹ ਬਾਣੀ, ਜੋ ਰਚਣਹਾਰ ਨੇ ਤੈਨੂੰ ਕਹੀ ਸੀ ਕਿ ਮੈਂ ਹਰ ਥਾਂ ਮੌਜੂਦ ਹਾਂ, ਮੈਨੂੰ ਵੇਖੀਂ, ਉਹ ਤੂੰ ਭੁੱਲ ਗਿਆ, ਇਸ ਲਈ ਸਮਝ ਲੈ ਕਿ ਉਸ ਨੂੰ ਭੁੱਲ ਕੇ ਤੂੰ ਭੋਗਾਂ ਤੇ ਵਿਕਾਰਾਂ ਵਿਚ ਪੈ ਗਿਆ ਤੇ ਨਾਨਾ ਪ੍ਰਕਾਰ ਦੇ ਇੰਦਰੇ ਰਸਾਂ ਵਿਚ ਲੱਗ ਗਿਆ ਤਾਂ ਉਹ ਬਾਣੀ, ਜੋ ਰਚਣਹਾਰ ਨੇ ਤੈਨੂੰ ਕਹੀ ਸੀ ਕਿ ਮੈਂ ਹਰ ਥਾਂ ਮੌਜੂਦ ਹਾਂ, ਮੈਨੂੰ ਵੇਖੀਂ, ਉਹ ਤੂੰ ਭੁੱਲ ਗਿਆ, ਇਸ ਲਈ ਸਮਝ ਲੈ ਕਿ ਉਸ ਨੂੰ ਭੁੱਲ ਕੇ ਤੂੰ ਭੋਗਾਂ ਤੇ ਵਿਕਾਰਾਂ ਵਿਚ ਪੈ ਗਿਆ। ਵਿਕਾਰ ਕਾਲਖ ਹਨ, ਦਾਗ ਲਾਉਂਦੇ ਹਨ, ਇਕ ਦਾਗ ਸਰੀਰਕ ਰੂਹ ਨੂੰ ਲਗਦੇ ਹਨ, ਇਕ ਸਰੀਰ ਨੂੰ, ਸਰੀਰ ਦੇ ਦਾਗ ਰੋਗ ਹਨ। ਸੋ ਵਿਕਾਰਾਂ ਵਿਚ ਲਗ ਕੇ ਤੂੰ ਪੱਕਾ ਰੋਗੀ (ਕੁਸ਼ਟੀ) ਹੋ ਗਿਆ ਤੇ ਵਿਰਲਾਪ ਤੇਰੇ ਪੱਲੇ ਪੈ ਗਿਆ। ਇਹ ਭਾਈ ਤੇਰੇ ਸਰੀਰ ਦਾ ਹਾਲ ਹੋਇਆ ਹੈ। ਹੁਣ ਤੂੰ ਆਪਣੀ ਰੂਹ ਦਾ ਹਾਲ ਸੁਣ ਲੈ। ਅਰਥਾਤ ਉਹ ਜੋ ਸਰੀਰ ਦੇ ਅੰਦਰ ਤੇਰਾ ਆਪਾ ਹੈ ਉਸ ਦਾ ਸੁਣ ਕੀ ਹਾਲ ਹੋਇਆ ਹੈ।

ਉਹ ਜੋ ਤੂੰ ਮੋਹ ਪ੍ਰੀਤ ਵਿਚ ਆ ਕੇ ਖੋਟੇ-ਖੋਟੇ ਕਰਮ ਕੀਤੇ ਸੇ, ਉਹਨਾਂ ਦਾ ਇਕ ਓਸਰ ਤਾਂ ਇਹ ਸੀ ਕਿ ਜੋ ਤੇਰੇ ਵਿਕਾਰਾਂ ਦੇ ਲੱਛ (ਨਿਸ਼ਾਨਾ) ਬਣੇ, ਭਾਵ ਜਿਨ੍ਹਾਂ ਨਾਲ ਤੂੰ ਭੋਗ ਬਿਲਾਸ ਕੀਤੇ ਸੇ, ਸੋ ਤੇਰੇ ਕੁਸੰਗ ਨਾਲ ਡੁੱਬੇ ਤੇ ਤੂੰ ਉਹਨਾਂ ਦੇ ਕੁਸੰਗ ਨਾਲ ਡੁੱਬਾ। ਦੂਜੇ ਤੇਰੇ ਤੇ ਦੋ ਅਸਰ ਪਏ ਇਕ ਤਾਂ ਸਰੀਰ ਰੋਗੀ ਹੋ ਕੇ ਤੂੰ ਧਿਤਕਾਰਿਆ ਗਿਆ ਤੇ ਤੇਰੇ ਵਿਰਲਾਪ ਪੱਲੇ ਪਿਆ, ਦੂਸਰੇ ਜੋ ਅਸਰ ਤੇਰੇ ਅੰਦਰ ਪਿਆ ਸੋ ਤੂੰ ਗਉਲ ਹੀ ਨਹੀਂ ਰਿਹਾ, ਉਹ ਹੈ ਇਹ ਕਿ ਤੇਰੇ ਅੰਦਰਲੇ ਨੂੰ ਉਹਨਾਂ ਕਰਮਾਂ ਦੇ ਉਹਨਾਂ ਦੋਸ਼ਾਂ ਦੇ ਦਾਗ ਪੈ ਗਏ ਹਨ। ਜਦੋਂ ਤੂੰ ਮਰ ਕੇ ਅੱਗੇ ਜਾਵੇਂਗਾ ਤਾਂ ਉਹ ਦੋਸ਼ਾਂ ਦੇ ਦਾਗ ਤੇਰੇ ਉਸ ਵੇਲੇ ਦੇ ਮੂੰਹ ਤੇ ਲੱਗੇ ਹੋਏ ਹੋਣਗੇ। ਜਿਸ ਤਰ੍ਹਾਂ ਤੈਨੂੰ ਏਥੇ ਸਭਾ, ਪਰ੍ਹੇ ਕਿ ਬਰਾਦਰੀ ਵਿਚ ਕੋਈ ਨਹੀਂ ਬੈਠਣ ਦੇਂਦਾ ਇਸੇ ਤਰ੍ਹਾਂ ਉਹਨਾਂ ਦਾਗਾਂ ਦੇ ਕਾਰਨ ਓਥੇ, ਕਿ ਜਿਸ ਨੂੰ ਦਰਗਾਹ ਕਹਿੰਦੇ ਹਨ, ਤੈਨੂੰ ਕੋਈ ਨਹੀਂ ਬੈਠਣ ਦੇਵੇਗਾ। ਇਹ ਜਿਵੇਂ ਸਰੀਰ ਨੂੰ ਕੁਸ਼ਟ ਦੇ ਜ਼ਖਮਾਂ ਰੂਪੀ ਦਾਗ ਹਨ ਤਿਵੇਂ ਤੇਰੇ ਭੌਰ ਨੂੰ ਯਾ ਉਸ ਅੰਦਰਲੇ ਨੂੰ ਕਿ ਜਿਸ ਨੇ ਸਰੀਰ ਦੇ ਮਰਨ ਮਗਰੋਂ ਨਿਕਲਣਾ ਹੈ, ਉਸ ਪਰ ਕੀਤੇ ਦੋਸ਼ਾਂ ਦੇ ਐਸ ਤਰ੍ਹਾਂ ਦੇ ਦਾਗ ਹੋਣਗੇ ਕਿ ਜਿਨ੍ਹਾਂ ਕਰਕੇ ਓਥੇ ਵੀ ਤੈਨੂੰ ਢੋਈ ਨਾ ਮਿਲੇਗੀ, ਦਰਗਾਹ ਵਿਚ ਵੀ ਤੈਨੂੰ ਕੋਲ ਨਹੀਂ ਬੈਠਣ ਦੇਵਨਗੇ।

ਇਹ ਵਾਕ ਸੁਣ ਕੇ ਕੋਹੜੀ ਕੰਨਿਆ ਕੰਬਿਆ। ਉਸ ਨੂੰ ਆਪਣੇ ਕਰਮਾਂ ਦੀ ਪੂਰੀ ਸੋਝੀ ਆਈ, ਭੈ ਛਾਇਆ ਕਿ ਹੈਂ, ਮੈਂ ਤਾਂ ਹੁਣ ਦੇ ਕੁਸ਼ਟ ਨੂੰ ਰੋਂਦਾ ਸਾਂ ਤੇ ਇਸ ਪਾਸੇ ਤਾਂ ਮੇਰਾ ਧਿਆਨ ਹੀ ਨਹੀਂ ਸੀ ਕਿ ਮੇਰੀ ਰੂਹ ਭੀ ਕਲੰਕਤ ਹੋ ਗਈ ਹੈ ਤੇ ਮੇਰੇ ਲਈ ਦੁੱਖ ਸਦਾ ਦਾ ਦੁਖ ਹੋ ਗਿਆ ਹੈ। ਇਸ ਭੈ ਨੇ ਵੈਰਾਗ ਉਤਪਤ ਕੀਤਾ ਤੇ ਫਕੀ ਹੁਣ ਪਸ਼ਚਾਤਾਪ ਦੇ ਘਰ ਆ ਕੇ ਰੋਇਆ ਤੇ ਧਰਤੀ ਤੇ ਸਿਰ ਰੱਖ ਕੇ ਬੋਲਿਆ, ਹੇ ਅੱਗੇ ਪਿਛੇ ਦੀ ਸੋਝੀ ਵਾਲੇ! ਕੀਹ ਮੈਂ ਹੁਣ ਡੁੱਬ ਗਿਆ? ਸਦਾ ਲਈ ਡੁਬ ਗਿਆ? ਸੁਹਣੇ ਦਾਤਾ! ਕੀ ਮੇਰੇ ਦਸ ਵੀਹ ਵਰ੍ਹੇ ਵਿਚ ਕੀਤੇ ਦੋਸ਼ ਤੇ ਪਾਪ, ਜੋ ਭਾਵੇਂ ਕਿੰਨੇ ਵਧੀਕ ਹੈਨ, ਮੈਨੂੰ ਸਦਾ ਲਈ ਡੋਬ ਗਏ? ਕੀਹ ਗਿਣਤੀ ਵਾਲੇ ਕਰਮਾਂ ਦੇ ਬਦਲੇ ਮੈਂ ਐਉਂ ਡੁੱਬ ਗਿਆ ਹਾਂ ਕਿ ਜਿਵੇਂ ਬੇੜੀ ਤੋਂ ਇਕ ਪੈਰ ਤਿਲਕਣ ਨਾਲ ਆਦਮੀ ਸਦਾ ਲਈ ਡੁੱਬ ਕੇ ਮਰ ਜਾਂਦਾ ਹੈ ਤੇ ਫੇਰ ਭਾਵੇਂ ਦੇਹ ਤਰ ਆਵੇ, ਪਰ ਜਾਨ ਨਹੀਂ ਮੁੜਦੀ? ਹਾਇ ਜੇ ਮੈਂ ਜਾਣਦਾ ਤਾਂ ਕਦੇ ਐਸੇ ਕਰਮ ਨਾ ਕਰਦਾ। ਗੁਰੂ ਸਾਹਿਬ ਦਇਆ ਦੇ ਘਰ ਵਿਚ ਤਾਂ ਆਏ ਹੀ ਹੋਏ ਸਨ, ਹੋਰ ਦ੍ਰਵ ਕੇ ਆਪਣੇ ਉੱਚੇ ਦਰੋਂ ਮਿਹਰ ਦੇ ਰੰਗ ਵਿਚ ਬੋਲੇ, ਭਾਈ! ਜਿਸ ਰਾਹੇ ਤੂੰ ਟੁਰ ਰਿਹਾ ਹੈਂ, ਉਸ ਦਾ ਫਲ ਤਾਂ ਇਹੋ ਜਿਹਾ ਹੀ ਹੈ। ਕਰਮ ਤੇ ਆਪ ਕੀਤੇ, ਜਿਨ੍ਹਾਂ ਨੇ ਇਹ ਰੰਗ ਉਪਜਾਇਆ ਹੈਂ, ਫਿਰ ਜਿਸ ਰਾਹੇ ਤੂੰ ਹੁਣ ਤੁਰ ਰਿਹਾ ਹੈਂ ਉਹ ਤੇਰੀ ਆਪਣੀ ਚੋਣ ਦਾ ਹੈ। ਉਸ ਦਾ ਫਲ ਤੂੰ ਆਪ ਦਸ ਦਿਤਾ ਹੈ ਕਿ ਇਕ ਪੈਰ ਤਿਲਕਿਆ ਤਾਂ ਅਣਤਾਰੂ ਡੁੱਬ ਮੋਇਆ ਪਰ ਸਮਝ ਲੈ ਕਿ ਇਹ ਤਾਂ ਹੈ ਤੇਰੀ ਚੋਣ ਤੇ ਤੇਰੀ ਕਰਣੀ ਕਰਤੂਤ। ਪਰ ਜਿਸ ਨੂੰ ਤੂੰ ਦੋਸ਼ ਦੇ ਰਿਹਾ ਹੈਂ, ਆਪਣੀ ਗੱਲਬਾਤ ਵਿਚ ਉਸ ਦੇ ਘਰ ਮਿਹਰ ਵਸਦੀ ਹੈ। ਉਸ ਦੀ ਮਿਹਰ ਵਿਚ ਹੈ ਕਿ ਜੇ ਕੋਈ ਗਲਤੀਆਂ ਕਰਕੇ ਡੁੱਬ ਬੀ ਜਾਵੇ ਤਾਂ ਉਸ ਦੀ ਬੀ ਉਹ ਸਾਰ ਲੈਂਦਾ ਹੈ। ਉਹ ਸਦਾ ਥਿਰ ਹੈ। ਅਸੀਂ ਆਵਣ ਜਾਣ ਵਾਲੇ ਹਾਂ, ਭਾਵ ਅਸੀਂ ਮਿਤ ਵਿਚ ਹਾਂ ਤੇ ਕਾਲ ਵਿਚ ਹਾਂ, ਪਰ ਉਹ ਅਕਾਲ ਹੈ ਤੇ ਅਮਿੱਤ ਹੈ, ਜੋ ਸਦਾ ਥਿਰ ਹੈ, ਉਸ ਦਾ ਸੁਭਾਵ ਹੈ ਕਿ ਉਹ ਦਾਤਾਰ ਹੈ, ਭਾਵ ਬਖਸ਼ਿੰਦ ਹੈ। ਨਿਰਾ ਪੁੰਨੀਆਂ ਦਾ ਦਾਤਾਰ ਨਹੀਂ, ਸਰਬ ਦਾ ਦਾਤਾਰ ਹੈ। ਸਰਬ ਦਾ ਦਾਤਾਰ ਹੋਣ ਕਰਕੇ ਪਤਿਤਾਂ ਦਾ ਬੀ ਦਾਤਾਰ ਹੈ।

'ਚਲਦਾ............।'

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੁਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਜਨ ਪਰਉਪਕਾਰੀ ਆਏ

*ਪ੍ਰੋ. ਗੁਰਦੇਵ ਸਿੰਘ*

## ਭੂਮਿਕਾ

ਆਤਮ ਮਾਰਗ ਮਾਸਿਕ ਪਤ੍ਰਿਕਾ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਬਾਨੀ ਤੇ ਮੁਖੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵਲੋਂ ਅਪ੍ਰੈਲ, 1995 ਨੂੰ ਖਾਲਸਾ ਪ੍ਰਗਟ ਦਿਵਸ ਦੇ ਸ਼ੁਭ ਦਿਹਾੜੇ ਵਿਸਾਖੀ ਦੇ ਅਵਸਰ ਉਤੇ ਸੰਗਤਾਂ ਦੇ ਭਾਰੀ ਇਕੱਤਰਤਾ ਵਿਚ ਪ੍ਰਾਰੰਭ ਕੀਤੀ ਗਈ ਅਤੇ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਅਰਦਾਸ ਕਰਕੇ, ਸੰਗਤਾਂ ਵਲੋਂ ਜੈਕਾਰਿਆਂ ਦੀ ਗੂੰਜ ਵਿਚ ਮਾਤਾ ਰਣਜੀਤ ਕੌਰ ਜੀ ਵਲੋਂ ਰੀਲੀਜ਼ ਕੀਤਾ ਗਿਆ ਸੀ। ਇਸ ਪਤ੍ਰਿਕਾ ਦਾ ਨਿਰੋਲ ਮਕਸਦ ਜਿਥੇ ਮਨੁੱਖਤਾ ਨੂੰ ਵਹਿਮਾਂ-ਭਰਮਾਂ 'ਚੋਂ ਕੱਢ ਕੇ ਗੁਰਬਾਣੀ ਨਾਲ ਜੋੜਨ ਦਾ ਹੈ ਉਥੇ 'ਕਿਰਤ ਕਰੋ' ਵੰਡ ਛਕੋ ਅਤੇ ਨਾਮ ਜਪੋ ਅਤੇ –

*ਗੁਰਮੁਖਿ ਨਾਮੁ ਦਾਨੁ ਇਸਨਾਨੁ ॥* *ਅੰਗ – ੯੪੨*

ਦੇ ਸੁਨਹਿਰੀ ਅਸੂਲ ਨੂੰ ਅਪਨਾਅ ਕੇ, ਸੇਵਾ-ਸਿਮਰਨ ਦੁਆਰਾ ਮਨੁੱਖੀ ਜੀਵਨ ਯਾਤਰਾ ਨੂੰ ਸਫਲ ਕਰਨ ਦਾ ਵੀ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼ ਸਭ ਵਾਸਤੇ ਸਾਂਝਾ ਹੈ।

*ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ*
*ਚਹੁ ਵਰਨਾ ਕਉ ਸਾਝਾ ॥* *ਅੰਗ – ੭੪੭*

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ – ੮੪੬*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਮਹਾਨ ਸਿਧਾਂਤ ਨੂੰ ਉਜਾਗਰ ਕਰਨਾ ਜਿਸ ਨਾਲ ਸਮਾਜ ਵਿਚ ਏਕਤਾ ਆਵੇ। ਸਾਹਿਬ ਜੀ ਦੇ ਇਨ੍ਹਾਂ ਸਿਧਾਂਤਾਂ ਨੂੰ ਆਪਣੇ ਨਿਜੀ ਜੀਵਨ ਵਿਚ ਅਪਣਾਅ ਕੇ ਗੁਰਸਿੱਖਾਂ ਵਾਲਾ ਕਿਰਦਾਰ ਨਿਭਾਉਣ ਲਈ ਪ੍ਰੇਰਿਤ ਕਰਨਾ ਹੈ। ਪਤਿਤਪੁਣੇ ਦੇ ਮਾਰੂ ਪ੍ਰਭਾਵ ਤੋਂ ਬਚਣ ਲਈ ਨੌਜਵਾਨ ਪੀੜ੍ਹੀ ਨੂੰ ਸਿੱਖ ਕਲਚਰ ਤੇ ਸਿੱਖ ਵਿਰਸੇ ਨਾਲ ਜੋੜਨਾ, ਨਸ਼ਿਆਂ ਤੋਂ ਮੁਕਤ ਕਰਨਾ ਅਤੇ ਸਮਾਜ ਵਿਚ ਭਰੂਣ ਹੱਤਿਆ ਵਰਗੇ ਮਾਰੂ ਪਾਪਾਂ ਤੋਂ ਨਿਜਾਤ ਦਿਵਾਉਣ ਦਾ ਮਕਸਦ ਵੀ ਹੈ। ਦਸ ਪਾਤਸ਼ਾਹੀਆਂ ਦੇ ਮਹਾਨ ਪਵਿੱਤਰ ਗੁਰ ਇਤਿਹਾਸ, ਭਗਤ ਸਾਹਿਬਾਨ ਜੀ, ਗੁਰਮੁਖ ਪਿਆਰੇ ਸਿੰਘਾਂ, ਬ੍ਰਹਮਗਿਆਨੀ ਮਹਾਂਪੁਰਸ਼ਾਂ ਦੇ ਜੀਵਨ ਉਲੇਖ ਦੁਆਰਾ ਮਰਜੀਵੜੇ ਸਿੰਘ ਸੂਰਬੀਰਾਂ ਦਾ ਮਾਣਮੱਤੇ ਇਤਿਹਾਸ ਦੇ ਪੰਨੇ ਦਰਸਾ ਕੇ ਚੜ੍ਹਦੀ ਕਲਾ ਵਾਲਾ ਜੀਵਨ ਬਸਰ ਕਰਨ ਵਾਸਤੇ, ਸੇਵਾ-ਸਿਮਰਨ ਦੀ ਪ੍ਰੇਰਨਾ ਦੇ ਕੇ, ਦੇਸ਼-ਕੌਮ ਅਤੇ ਸਮਾਜ ਵਾਸਤੇ ਯਥਾਸ਼ਕਤ ਯੋਗਦਾਨ ਪਾਉਣ ਲਈ ਉਤਸ਼ਾਹਿਤ ਕਰਨਾ ਇਸ ਮੈਗਜ਼ੀਨ ਦਾ ਮੁਖ ਮੰਤਵ ਹੈ।

ਪਿਆਰੇ ਮਹਾਂਪੁਰਸ਼ਾਂ ਨੇ ਦਾਸ ਨੂੰ ਅਤੇ ਭਾਈ ਜਸਵੰਤ ਸਿੰਘ ਨੂੰ ਬੁਲਾ ਕੇ ਬਚਨ ਕੀਤਾ ਕਿ ਮੈਗਜ਼ੀਨ ਵਾਸਤੇ ਹਰ ਮਹੀਨੇ ਜਾਂ ਕਦੀ-ਕਦੀ ਗੁਰਮਤਿ ਸਬੰਧੀ ਲੇਖ ਜ਼ਰੂਰ ਲਿਖਿਆ ਕਰੋ। ਅਸੀਂ ਸਿਰ ਨਿਵਾ ਕੇ ਬੇਨਤੀ ਕੀਤੀ ਕਿ ਆਪ ਜੀ ਦੀ ਕ੍ਰਿਪਾ ਨਾਲ ਹੀ ਸੰਭਵ ਹੋ ਸਕਦਾ ਹੈ। ਪਿਆਰੇ ਮਹਾਂਪੁਰਸ਼ਾਂ ਦੀ ਉਤਸ਼ਾਹਮਈ ਪ੍ਰੇਰਨਾ ਦੁਆਰਾ, ਸਾਡੇ ਦੋਵਾਂ ਵਲੋਂ ਪਿਛਲੇ ਸੰਨ 1995 ਤੋਂ 2001 ਦੇ ਮੈਗਜ਼ੀਨਾਂ ਵਿਚਲੇ ਲੇਖ ਛਪਦੇ ਰਹੇ ਹਨ। ਸੋ ਇਸ ਤਰ੍ਹਾਂ ਨਾਲ ਦਾਸ ਨੇ ਸਤਿਕਾਰਯੋਗ ਬੀਜੀ ਬਾਰੇ ਇਕ ਲੇਖ ਲਿਖ ਕੇ ਮਹਾਂਪੁਰਸ਼ਾਂ ਨੂੰ ਸੋਧ ਕਰਨ ਵਾਸਤੇ ਦਿਤਾ ਜਿਸ ਦਾ ਸਿਰਲੇਖ 'ਗੁਰਮੁਖਿ ਦਾਸਨ ਦਾਸ' ਰੱਖਿਆ। ਮਹਾਂਪੁਰਖ ਪੜ੍ਹ ਕੇ ਬੜੇ ਪ੍ਰਸੰਨ ਹੋਏ ਤੇ ਬੀਜੀ ਨੂੰ ਇਸ ਬਾਰੇ ਦੱਸਿਆ ਕਿ ਗੁਰਦੇਵ ਸਿੰਘ ਨੇ ਤੁਹਾਡੇ ਬਾਰੇ ਲੇਖ ਲਿਖਿਆ ਹੈ। ਬੀਜੀ ਨੇ ਬੜੇ ਨਿੰਮ੍ਰਤਾ ਭਰੇ ਲਹਿਜੇ ਵਿਚ ਕਿਹਾ, ਬੇਟਾ! ਮੈਂ ਤਾਂ ਕੁਝ ਵੀ ਨਹੀਂ, ਤੁਹਾਡੇ ਬਾਬਾ ਜੀ ਭਗਤੀ ਕਰਦੇ ਹਨ, ਮੈਂ ਤਾਂ ਇਨ੍ਹਾਂ ਦੀ ਅਤੇ ਸੰਗਤ ਦੀ ਸੇਵਾਦਾਰ ਹਾਂ। ਦਾਸ ਨੇ ਹੱਥ ਜੋੜ ਕੇ ਜਵਾਬ ਦਿਤਾ ਕਿ ਬੀਜੀ! ਮੈਂ ਵੀ ਇਸ ਵਿਚ ਆਪ ਜੀ ਦੇ ਸੇਵਾ ਸਮਰਪਨ ਦਾ ਹੀ ਜ਼ਿਕਰ ਕੀਤਾ ਹੈ ਤਾਕਿ ਪਾਠਕਾਂ ਨੂੰ ਪ੍ਰੇਰਨਾ ਮਿਲ ਸਕੇ। ਬੀਜੀ ਨੇ ਵੀ ਦਾਸ ਨੂੰ ਬਹੁਤ ਪਿਆਰ ਭਰਿਆ ਅਸ਼ੀਰਵਾਦ ਦਿਤਾ ਕਿਉਂਕਿ ਉਨ੍ਹਾਂ ਦੇ ਪਿਆਰ ਵਿਚੋਂ ਅਤੀ ਸਤਿਕਾਰਯੋਗ ਪਿਆਰੀ 'ਮਾਂ' ਦੇ ਪਿਆਰ ਦੀ ਝਲਕ ਦਿਖਾਈ ਪੈਂਦੀ ਹੈ ਅਤੇ ਪਿਆਰੇ ਮਹਾਂਪੁਰਸ਼ਾਂ ਦੇ ਪਿਆਰ ਵਿਚੋਂ ਅਤੀ ਸਤਿਕਾਰਯੋਗ ਪਿਆਰੇ ਪਿਤਾ ਦੀ ਝਲਕ ਨਜ਼ਰ ਪੈਂਦੀ ਹੈ। ਇਸ ਤੱਥ ਨੂੰ ਕੇਵਲ ਮੈਂ ਹੀ ਅਨੁਭਵ ਨਹੀਂ ਕਰਦਾ ਸਗੋਂ ਪਿਆਰ ਵਾਲੀ ਸੰਗਤ ਵੀ ਇਹੋ ਮਹਿਸੂਸ ਕਰਦੀ ਹੈ।

ਜਿਸ ਤਰ੍ਹਾਂ ਉਪਰ ਜ਼ਿਕਰ ਕੀਤਾ ਗਿਆ ਹੈ,

ਆਤਮ ਮਾਰਗ ਮੈਗਜ਼ੀਨ ਅਪ੍ਰੈਲ 1995 ਨੂੰ ਅਤੀ ਸਤਿਕਾਰਯੋਗ ਬੀਜੀ ਦੇ ਕਰ ਕਮਲਾਂ ਦੁਆਰਾ ਰੀਲੀਜ਼ ਕੀਤਾ ਗਿਆ ਸੀ। ਸੋ ਇਹ ਲੇਖ ਮਈ, 1995 ਦੇ ਮੈਗਜ਼ੀਨ ਵਿਚ ਛਪਿਆ ਸੀ ਅਤੇ ਸੰਗਤਾਂ ਵਲੋਂ ਵੀ ਇਸ ਨੂੰ ਪਸੰਦ ਕੀਤਾ ਗਿਆ ਸੀ। ਟਰੱਸਟ ਦੇ ਮੌਜੂਦਾ ਮੁਖੀ ਮਹਾਂਪੁਰਖ (ਬਾਬਾ ਲਖਬੀਰ ਸਿੰਘ ਜੀ), ਬਾਬਾ ਕਰਨੈਲ ਸਿੰਘ ਜੀ (ਸ੍ਰੀ ਮਾਨ ਜੀ), ਬਾਬਾ ਹਰਪਾਲ ਸਿੰਘ ਜੀ ਅਤੇ ਵੱਡੇ ਮਹਾਂਪੁਰਖ (ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ) ਦੇ ਪਿਆਰ ਵਾਲੇ ਕਈ ਗੁਰਮੁਖਾਂ (ਭਾਈ ਸੁਖਵਿੰਦਰ ਸਿੰਘ ਜੀ) (ਭਾਈ ਗੁਰਮੁਖ ਸਿੰਘ ਜੀ), (ਭਾਈ ਸੰਤੋਖ ਸਿੰਘ ਜੀ) ਆਦਿ ਨੇ ਦਾਸ ਨੂੰ ਬੀਜੀ ਦੇ ਜੀਵਨ ਬਾਰੇ ਲਿਖਣ ਦੀ ਪ੍ਰੇਰਨਾ ਦਿਤੀ ਜਿਸ ਕਰਕੇ ਉਨ੍ਹਾ ਦੇ ਅਸ਼ੀਰਵਾਦ ਤੇ ਪਿਆਰ ਸਦਕਾ ਇਹ ਨਿਮਾਣਾ ਜਿਹਾ ਯਤਨ ਕਰ ਰਿਹਾ ਹਾਂ। ਮੈਗਜ਼ੀਨ ਵਿਚ ਛਪ ਚੁੱਕੇ ਉਸ ਲੇਖ ਦੇ ਅਧਾਰ ਉਤੇ ਹੀ ਇਸ ਪੁਸਤਕ ਦਾ ਵਿਸਥਾਰ ਕੀਤਾ ਗਿਆ ਹੈ। ਇਸ ਪੁਸਤਕ ਦਾ ਨਾਮ ਵੀ 'ਜਨਮ ਪਰਉਪਕਾਰੀ ਆਏ' ਭਾਗ-4 ਰੱਖਿਆ ਗਿਆ ਹੈ। ਉਮੀਦ ਹੈ ਕਿ ਗੁਰੂ ਪਿਆਰੀ ਸੰਗਤ, ਇਸ ਪੁਸਤਕ ਨੂੰ ਪੜ੍ਹ ਕੇ, ਆਪਣੇ ਜੀਵਨ ਨੂੰ ਸੇਧ ਦੇ ਕੇ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਕੇ ਸਫਲ ਬਣਾਏਗੀ।

*ਗੁਰਦੇਵ ਸਿੰਘ*
*ਜਨਰਲ ਸੈਕਟਰੀ*
*ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ, ਟਰੱਸਟ*
*ਰਤਵਾੜਾ ਸਾਹਿਬ (ਨਿਊ ਚੰਡੀਗੜ੍ਹ), ਪੰਜਾਬ*

## 1. ਗੁਰਮੁਖ ਜੀਵਨ ਵਿਚ ਸਾਂਝ ਤੇ ਸੇਵਾ ਸਮਰਪਣ

ਸੰਸਾਰ ਦੇ ਅੰਦਰ ਜਿਤਨੇ ਵੀ ਫਿਲਾਸਫਰ, ਮਹਾਨ ਪੁਰਸ਼, ਸਿੱਧ ਪੁਰਸ਼, ਸਾਧੂ-ਸੰਤ-ਮਹਾਤਮਾ ਤੇ ਮਨੁੱਖਤਾ ਦੀ ਸੱਚੀ ਰਹਿਨੁਮਾਈ ਕਰਨ ਵਾਲੇ ਸੋਝੀਵਾਨ ਪੁਰਸ਼ ਹੋਏ ਹਨ, ਉਨ੍ਹਾਂ ਦੀ ਸਫਲਤਾ ਦੇ ਪਿੱਛੇ ਕੋਈ ਨਾ ਕੋਈ ਜ਼ਰੂਰ ਗੁੱਝਾ ਭੇਦ ਹੁੰਦਾ ਹੈ ਜਿਸ ਕਰਕੇ ਉਹ ਪਾਰਖੂ ਬੰਦਿਆਂ ਦੀ ਚਰਚਾ ਦਾ ਵਿਸ਼ਾ ਬਣੇ ਰਹਿੰਦੇ ਹਨ। ਖਾਸ ਕਰਕੇ ਗ੍ਰਿਹਸਤ ਜੀਵਨ ਵਿਚ ਰਹਿੰਦਿਆ ਹੋਇਆਂ, ਪਰਿਵਾਰਿਕ ਤੇ ਸਮਾਜਿਕ ਜ਼ਿੰਮੇਵਾਰੀ ਨਿਭਾਉਂਦਿਆਂ ਹੋਇਆਂ 'ਗੁਰਮਤਿ ਗਾਡੀ ਰਾਹ' ਦੀ ਪਾਲਣਾ ਕਰਦੇ ਹੋਏ ਜੀਵਨ ਨੂੰ ਸਫਲ ਕਰਨਾ ਇਹ ਬਹੁਤ ਵੱਡੀ ਜੀਵਨ ਜੁਗਤ ਹੈ ਜੋ ਸੱਚੇ ਸਤਿਗੁਰ ਜੀ ਨੇ ਸਾਨੂੰ ਦੱਸੀ ਹੈ -

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥* *ਅੰਗ - ੫੨੨*

ਗੁਰਮੁਖਾਂ ਦੇ ਗਾਡੀ ਰਾਹ ਦੀ ਕ੍ਰਿਆ ਗੁਰਸਿੱਖ ਦੇ ਜੀਵਨ ਦਾ ਧੁਰਾ ਹੈ ਜਿਸ ਉਤੇ ਚਲਦਿਆਂ, ਪਹਿਰਾ ਦਿੰਦਿਆਂ ਉਹ ਆਪਣਾ ਹਲਤ-ਪਲਤ ਸਵਾਰ ਲੈਂਦਾ ਹੈ। ਐਸੇ ਪਿਆਰੇ ਗੁਰਮੁਖਾਂ ਦੀ ਜੀਵਨ ਸ਼ੈਲੀ ਬਾਰੇ ਭਾਈ ਗੁਰਦਾਸ ਸਾਹਿਬ ਜੀ ਇਸ ਤਰ੍ਹਾਂ ਨਾਲ ਕਥਨ ਕਰਦੇ ਹਨ -

*ਗੁਰਮੁਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ।*
*ਗੁਰ ਕੈ ਬਚਨ ਉਚਾਰਿਕੈ ਧ੍ਰਮਸਾਲਾ ਦੀ ਸੁਰਤਿ ਕਰੰਦਾ।*
*ਸਾਧ ਸੰਗਤਿ ਵਿਚਿ ਜਾਇਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ।*
*ਸੰਕਾ ਮਨਹੁ ਮਿਟਾਇਕੈ ਗੁਰੁ ਸਿਖਾਂ ਦੀ ਸੇਵ ਕਰੰਦਾ।*
*ਕਿਰਤ ਵਿਰਤ ਕਰਿ ਧਰਮ ਦੀ*
*ਲੈ ਪਰਸਾਦ ਆਣਿ ਵਰਤੰਦਾ।*
*ਗੁਰਸਿੱਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪ ਖਵੰਦਾ।*
*ਕਲੀਕਾਲ ਪਰਗਾਸ ਕਰਿ ਗੁਰੂ ਚੇਲਾ ਚੇਲਾ ਗੁਰ ਸੰਦਾ।*
*ਗੁਰਮੁਖ ਗਾਡੀ ਰਾਹੁ ਚਲੰਦਾ।*
*ਭਾਈ ਗੁਰਦਾਸ ਜੀ, ਵਾਰ ੪੦/੧੧*

ਗੁਰੂ ਦੇ ਸਿੱਖ ਦਾ ਨਿਤ ਕਰਮ ਹੈ ਕਿ ਅੰਮ੍ਰਿਤ ਵੇਲੇ ਉਠ ਕੇ ਤਲਾਅ, ਖੂਹ ਜਾਂ ਬਉਲੀ ਤੇ ਜਾ ਕੇ ਇਸ਼ਨਾਨ ਕਰਨਾ ਪਰ ਹੁਣ ਤਾਂ ਇਹ ਸਹੂਲਤ ਹਰ ਇਕ ਦੇ ਘਰ ਅੰਦਰ ਮੌਜੂਦ ਹੈ। ਫਿਰ ਉਹ ਗੁਰੂ ਜੀ ਦੇ ਬਚਨ (ਗੁਰਬਾਣੀ ਨਿਤਨੇਮ) ਦਾ ਪਾਠ ਕਰਕੇ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਕਰਦਾ ਹੈ। ਸਾਧਸੰਗਤ ਵਿਚ ਜਾ ਕੇ ਗੁਰਬਾਣੀ ਦਾ ਕੀਰਤਨ ਬੜੇ ਪ੍ਰੇਮ ਨਾਲ ਸੁਣਦਾ ਹੈ। ਦਸਾਂ ਨੌਂਹਾਂ ਦੀ ਨੇਕ ਕਮਾਈ, ਧਰਮ ਦੀ ਕਿਰਤ ਕਰਕੇ ਆਪਣਾ ਤੇ ਪਰਿਵਾਰ ਦਾ ਗੁਜ਼ਾਰਾ ਕਰਦਾ ਹੈ ਤੇ ਇਸ ਕਮਾਈ ਵਿਚੋਂ ਲਿਆ ਕੇ ਸੰਗਤ ਵਿਚ ਵਰਤਾਉਂਦਾ ਹੈ। ਪਹਿਲਾਂ ਗੁਰਸਿੱਖਾਂ ਨੂੰ ਵਰਤਾ ਕੇ ਪਿਛੋਂ ਬਚਿਆ ਆਪ ਛਕਦਾ ਹੈ ਭਾਵ ਵੰਡ ਕੇ ਛਕਦਾ ਹੈ। ਕਲਜੁਗ ਦੇ ਸਮੇਂ ਅੰਦਰ ਇਸ ਤਰ੍ਹਾਂ ਦੀ ਕਿਰਿਆ ਕਰਦਾ ਹੋਇਆ ਗੁਰੂ ਦਾ ਸਿੱਖ, ਗੁਰੂ ਦਾ ਰੂਪ ਬਣ ਜਾਂਦਾ ਹੈ ਕਿਉਂਕਿ ਉਹ ਗੁਰੂ ਸਾਹਿਬ ਜੀ ਦੇ ਦੱਸੇ ਹੋਏ ਗਾਡੀ ਰਾਹ ਤੇ ਚਲਦਾ ਹੈ।

ਸੋ ਐਸੇ ਜੀਵਨ ਆਦਰਸ਼ਾਂ ਨੂੰ ਸਾਕਾਰ ਕਰਨਾ ਅਤੇ ਹੋਰਨਾਂ ਵਾਸਤੇ ਪ੍ਰੇਰਨਾ ਦਾ ਸਰੋਤ ਬਣਨਾ ਇਕ ਬਹੁਤ ਵੱਡੀ ਘਾਲ ਕਮਾਈ ਵਾਲੀ ਗੱਲ ਹੈ। ਇਸ ਤਰ੍ਹਾਂ ਦੇ ਸੁਚੱਜੇ ਜੀਵਨ ਵਾਲੇ ਗੁਰਮੁਖ ਪਿਆਰਿਆਂ, ਮਹਾਂਪੁਰਸ਼ਾਂ ਪਿੱਛੇ ਜ਼ਰੂਰ ਕਿਸੇ ਨਾ ਕਿਸੇ ਸੁਲਝੇ ਹੋਏ

ਜੀਵਨ ਸਾਥੀ ਦਾ ਸ਼ੁਭ ਇਛਾਵਾਂ ਸਹਿਤ ਅਰਦਾਸਾਂ ਕਰਦਾ ਤੇ ਪ੍ਰੇਰਨਾ ਭਰਿਆ ਹੱਥ ਹੁੰਦਾ ਹੈ। ਇਹ ਹੱਥ ਕਿਸੇ ਮਾਂ, ਪਤਨੀ, ਭੈਣ ਜਾਂ ਧੀ ਦਾ ਵੀ ਹੋ ਸਕਦਾ ਹੈ।

ਗੁਰਮਤਿ ਨਾਲ ਸਬੰਧਤ ਇਤਿਹਾਸ ਨੂੰ ਸੰਖੇਪ ਤੌਰ ਤੇ ਵਾਚਿਆਂ ਇਹ ਸਪੱਸ਼ਟਤਾ ਹੋਰ ਵੀ ਨਿਖਰ ਕੇ ਸਾਮ੍ਹਣੇ ਆ ਜਾਂਦੀ ਹੈ। ਬਾਬਾ ਸ਼ੇਖ ਫਰੀਦ ਜੀ ਹਾਲੇ ਡੇਢ ਸਾਲ ਦੇ ਸਨ ਕਿ ਉਨ੍ਹਾਂ ਦੇ ਪਿਤਾ ਜਮਾਲੁਦੀਨ ਜੀ ਗੁਜ਼ਰ ਗਏ ਸਨ। ਫਰੀਦ ਜੀ ਦੀ ਮਾਤਾ ਮਰੀਅਮ ਜੀ ਨੇ ਫਰੀਦ ਜੀ ਨੂੰ ਪਾਲਿਆ ਅਤੇ ਬਚਪਨ ਤੋਂ ਹੀ ਮਹਾਂਪੁਰਸ਼ਾਂ ਤੇ ਸਤਿਪੁਰਸ਼ਾਂ ਦੀਆਂ ਕਥਾ ਕਹਾਣੀਆਂ ਸੁਣਾ ਕੇ ਬੰਦਗੀ ਕਰਨ ਦੀ ਪ੍ਰੇਰਨਾ ਦਿਤੀ। ਉਨ੍ਹਾਂ ਦੀ ਮਾਤਾ ਨੇ ਇਹ ਨਿਸਚਾ ਦ੍ਰਿੜ੍ਹ ਕਰਵਾ ਦਿਤਾ ਕਿ ਖੁਦਾ ਦੀ ਬੰਦਗੀ ਕਰਨ ਨਾਲ ਸਾਰੀਆਂ ਬਰਕਤਾਂ ਦੇ ਭੰਡਾਰੇ ਖੁਲ੍ਹ ਜਾਂਦੇ ਹਨ। ਪਿਆਰੇ ਮਹਾਂਪੁਰਸ਼ ਸੰਤ ਵਰਿਆਮ ਸਿੰਘ ਜੀ ਉਨ੍ਹਾਂ ਬਾਰੇ ਸਾਖੀ ਸੁਣਾਇਆ ਕਰਦੇ ਸਨ ਕਿ ਮਾਤਾ ਜੀ ਨੇ ਕਹਿਣਾ ਕਿ ਬੇਟਾ ਖੁਦਾ ਦੀ ਬੰਦਗੀ ਕਰਿਆ ਕਰ। ਫੇਰ ਫਰੀਦ ਜੀ ਨੇ ਪੁੱਛਣਾ, ਮਾਤਾ ਜੀ! ਖੁਦਾ ਦੀ ਬੰਦਗੀ ਨਾਲ ਮੈਨੂੰ ਕੀ ਮਿਲੇਗਾ? ਉਸ ਨੇ ਕਿਹਾ ਬੇਟਾ! ਸ਼ਕਰ ਮਿਲੇਗੀ। ਮਾਤਾ ਨੇ ਪੁੱਤਰ ਫਰੀਦ ਨੂੰ ਬੰਦਗੀ ਦੀ ਲਗਨ ਲਗਾਉਣ ਵਾਸਤੇ ਹਰ ਰੋਜ਼ ਉਸ ਦੇ ਮੁਸੱਲੇ ਹੇਠਾਂ ਸ਼ਕਰ ਦੀ ਪੁੜ੍ਹੀ ਬੰਨ੍ਹ ਕੇ ਰੱਖ ਦੇਣੀ। ਜਦੋਂ ਬਾਲਕ ਫਰੀਦ ਜੀ ਨੇ ਅੱਲਾ ਦੇ ਨਾਮ ਦੀ ਮਾਲਾ ਫੇਰ ਕੇ ਹੱਟਣਾ ਤਾਂ ਹੇਠੋਂ ਸ਼ੱਕਰ ਕੱਢ ਕੇ ਖਾਣੀ ਤੇ ਬੜੇ ਖੁਸ਼ ਹੋਣਾ। ਇਕ ਦਿਨ ਮਾਤਾ ਨੇ ਕਿਧਰੇ ਬਾਹਰ ਜਾਣਾ ਸੀ ਤੇ ਉਹ ਮੁਸੱਲੇ ਹੇਠਾਂ ਸ਼ਕਰ ਰੱਖਣੀ ਭੁੱਲ ਗਈ ਤੇ ਉਸ ਨੇ ਅੱਲਾਹ ਅੱਗੇ ਅਰਦਾਸ ਕੀਤੀ ਕਿ ਐ ਖੁਦਾਵੰਦ! ਮੇਰੀ ਲਾਜ ਰੱਖੀਂ, ਕਿਤੇ ਐਸਾ ਨਾ ਹੋਵੇ ਕਿ ਮੇਰੇ ਪੁੱਤਰ ਫਰੀਦ ਦਾ ਵਿਸ਼ਵਾਸ਼ ਟੁੱਟ ਜਾਵੇ? ਬਾਹਰੋਂ ਆ ਕੇ ਜਦੋਂ ਕਾਹਲੀ ਨਾਲ ਘਰ ਪਹੁੰਚੀ ਤੇ ਸਭ ਤੋਂ ਪਹਿਲਾਂ ਬੱਚੇ ਫਰੀਦ ਨੂੰ ਪੁੱਛਿਆ ਕਿ ਬੇਟਾ! ਅੱਜ ਸ਼ਕਰ ਮਿਲੀ? ਫਰੀਦ ਜੀ ਕਹਿਣ ਮਾਤਾ! ਅੱਜ ਤਾਂ ਸ਼ਕਰ ਐਨੀ ਜ਼ਿਆਦਾ ਸੀ ਕਿ ਬਾਕੀ ਦੀ ਭਾਡਿਆਂ ਵਿਚ ਸਾਂਭਣੀ ਪਈ। ਇਹ ਸੁਣ ਕੇ ਮਾਤਾ ਬਹੁਤ ਪ੍ਰਸੰਨ ਹੋਈ ਤੇ ਧੰਨਵਾਦ ਕੀਤਾ ਕਿ ਐ ਖੁਦਾ! ਤੂੰ ਆਪਣੀ ਕ੍ਰਿਪਾ ਨਾਲ ਫਰੀਦ ਦਾ ਵਿਸ਼ਵਾਸ਼ ਦ੍ਰਿੜ੍ਹ ਕਰ ਦਿਤਾ ਹੈ। ਫਰੀਦ ਜੀ ਦੀ ਮਾਤਾ ਆਪ ਵੀ ਬਹੁਤ ਬੰਦਗੀ ਵਾਲੀ ਸੀ। ਹਾਲੇ ਫਰੀਦ ਛੋਟਾ ਬਾਲ ਹੀ ਸੀ ਕਿ ਉਨ੍ਹਾਂ ਦੇ ਘਰ ਰਾਤ ਨੂੰ ਇਕ ਚੋਰ ਆ ਗਿਆ। ਉਸ ਨੇ ਕੀਮਤੀ ਚੀਜ਼ਾਂ ਚੁਕ ਕੇ ਗੰਢ ਬੰਨ੍ਹ ਲਈ ਤੇ ਚੁੱਕ ਕੇ ਬਾਹਰ ਦਰਵਾਜੇ ਵੱਲ ਨੂੰ ਜਾਣ ਲੱਗਾ। ਸਿਰ ਤੇ ਰੱਖੀ ਹੋਈ ਚੋਰੀ ਕੀਤੀ ਪੰਡ ਹੇਠਾ ਲਾਹ ਕੇ ਜਦੋਂ ਪਿੱਛੇ ਨੂੰ ਤੁਰਨ ਲੱਗਾ ਤਾਂ ਦਿਸਣ ਲਗ ਪਿਆ। ਇਸੇ ਤਰ੍ਹਾਂ ਨਾਲ ਉਸ ਨੇ ਦੋ ਤਿੰਨ ਦਫਾ ਕੀਤਾ ਕਿ ਜਦੋਂ ਦਰਵਾਜੇ ਵੱਲ ਜਾਵੇ ਅੰਨ੍ਹਾ ਹੋ ਜਾਵੇ ਤੇ ਪਿੱਛੇ ਨੂੰ ਮੁੜੇ ਤਾਂ ਸੁਜਾਖਾ ਹੋ ਜਾਵੇ। ਆਖਰਕਾਰ ਉਥੇ ਹੀ ਬੈਠ ਗਿਆ ਤੇ ਸਵੇਰ ਹੋ ਗਈ। ਫਰੀਦ ਜੀ ਦੀ ਮਾਤਾ ਨੇ ਪੁੱਛਿਆ ਭਾਈ ਤੂੰ ਕੌਣ ਹੈਂ ਤੇ ਇਥੇ ਕਿਉਂ ਆਇਆ? ਦੋਵੇਂ ਹੱਥ ਜੋੜ ਕੇ ਕਹਿੰਦਾ, ਮਾਤਾ ਜੀ! ਮੈਨੂੰ ਮਾਫ ਕਰ ਦਿਓ, ਮੈਂ ਚੋਰ ਹਾਂ, ਚੋਰੀ ਕਰਨ ਆਇਆ ਸੀ ਪਰ ਮੈਂ ਜਦੋਂ ਬਾਹਰ ਵੱਲ ਨੂੰ ਆਉਂਦਾ ਤਾਂ ਦਿਸਣ ਲਗ ਜਾਂਦਾ ਸੀ। ਇਹ ਸਾਰਾ ਕੌਤਕ ਫਰੀਦ ਨੇ ਅੱਖਾਂ ਨਾਲ ਦੇਖਿਆ ਸੀ। ਇਸੇ ਤਰ੍ਹਾਂ ਜਦ ਬਾਬਾ ਫਰੀਦ ਜੀ ਛੋਟੀ ਆਯੂ ਵਿਚ ਘਰੋਂ ਭਗਤੀ ਕਰਨ ਲਈ ਨਿਕਲੇ ਤਾਂ ਮਾਤਾ ਜੀ ਨੇ ਉਪਦੇਸ਼ ਦਿੰਦਿਆਂ ਕਿਹਾ ਕਿ ਬੇਟਾ! ਤਿੰਨ ਬਚਨਾਂ ਤੇ ਅਮਲ ਕਰੀਂ, ਪਹਿਲਾ ਹੈ ਕਿ ਛੱਤੀ ਪ੍ਰਕਾਰ ਦੇ ਭੋਜਨ ਖਾਵੀਂ। ਦੂਜਾ ਹੈ ਕਿ ਮਖਮਲੀ ਗਦੈਲਿਆਂ ਤੇ ਸੌਂਵੀ। ਤੀਜਾ ਹੈ ਕਿ ਕਿਲੇ ਵਿਚ ਰਹੀਂ। ਕਹਿੰਦਾ ਮਾਤਾ ਜੀ ਮੈਂ ਸਮਝਿਆ ਨਹੀਂ, ਇਹ ਚੀਜ਼ਾਂ ਜੰਗਲ ਇਕਾਂਤ ਵਿਚ ਕਿਵੇਂ ਮਿਲਣਗੀਆਂ? ਫਰੀਦ ਜੀ ਦੀ ਮਾਂ ਕਹਿਣ ਲੱਗੀ, ਬੇਟਾ! ਫਕੀਰਾਂ ਦੀਆਂ ਰਮਜ਼ਾਂ ਹੁੰਦੀਆਂ ਹਨ। ਭੋਜਨ ਉਸ ਵੇਲੇ ਖਾਵੀਂ ਜਦੋਂ ਅਤਿ ਦਰਜੇ ਦੀ ਭੁੱਖ ਲੱਗੀ ਹੋਵੇ, ਉਸ ਵੇਲੇ ਭਾਵੇਂ ਸੁਕੀ ਰੋਟੀ ਵੀ ਹੋਵੇ ਉਹ ਛੱਤੀ ਪ੍ਰਕਾਰ ਦੇ ਭੋਜਨ ਦਾ ਸਵਾਦ ਦੇਵੇਗੀ। ਜਦੋਂ ਭਜਨ ਕਰਦੇ ਹੋਏ ਥਕਾਵਟ ਨਾਲ ਤਨ ਚੂਰ ਹੁੰਦਾ ਹੋਵੇ ਕਿ ਬੈਠਣਾ ਮੁਸ਼ਕਲ ਹੋ ਜਾਵੇ ਤਾਂ ਉਸ ਵੇਲੇ ਭਾਵੇਂ ਬੱਟਿਆਂ-ਰੋੜਿਆਂ ਤੇ ਸੌਂ ਜਾਵੀਂ ਮਖਮਲੀ ਗਦੈਲਿਆਂ ਦਾ ਅਨੰਦ ਆਵੇਗਾ। ਇਕੱਲਾ ਨਾ ਰਹੀਂ, ਮਾਇਆ ਪੈ ਜਾਵੇਗੀ, ਨਾਮ ਜਪਣ ਵਾਲੇ ਸੰਤਾਂ ਦੀ ਸੰਗਤ ਵਿਚ ਰਹੀਂ, ਵਿਕਾਰ ਤੇਰੇ ਨੇੜੇ ਨਹੀਂ ਆਉਣਗੇ, ਉਹ ਕਿਲੇ ਦਾ ਕੰਮ ਕਰੇਗੀ। ਫਰੀਦ ਜੀ ਦਾ ਮਾਤਾ ਦੇ ਬਚਨਾਂ ਪ੍ਰਤੀ ਵਿਸ਼ਵਾਸ਼ ਦ੍ਰਿੜ੍ਹ ਹੋ ਗਿਆ ਕਿ ਤ੍ਰੈਗੁਣੀ ਮਾਇਆ ਦੇ ਪ੍ਰਭਾਵ ਤੋਂ ਬਚ ਕੇ, ਨਾਮ ਜਪ ਕੇ ਅੱਲਾ ਦੀ ਰਹਿਮਤ ਨਾਲ ਅੰਦਰ ਅਲੌਕਿਕ ਸ਼ਕਤੀਆਂ ਵੀ ਪ੍ਰਗਟ ਹੋ ਜਾਂਦੀਆਂ ਹਨ।

ਭਗਤ ਧਰੂ ਜੀ ਦੀ ਮਾਤਾ ਨੇ ਆਪਣੇ ਪੰਜ

ਸਾਲ ਦੇ ਪੁੱਤਰ ਨੂੰ ਸ਼ੁਭ ਸਿੱਖਿਆ ਦੇ ਕੇ ਨਾਮ ਜਪਣ ਲਈ ਪ੍ਰੇਰਿਤ ਕੀਤਾ। ਜਦੋਂ ਮਤਰੇਈ ਮਾਂ ਨੇ ਪਿਤਾ ਰਾਜੇ ਉਤਾਨਪਾਦ ਦੀ ਗੋਦ ਵਿਚੋਂ ਧੂਹ ਕੇ ਕੱਢਿਆ ਤੇ ਕੁਬੋਲ ਬੋਲੇ ਤਾਂ ਧਰੂ ਰੋਂਦਾ ਹੋਇਆ, ਹਉਕੇ ਭਰਦਾ ਮਾਤਾ ਕੋਲ ਗਿਆ, ਸਾਰੀ ਵਾਰਤਾ ਦੱਸੀ। ਪੁੱਛਿਆ, ਮਾਂ! ਤੂੰ ਰਾਣੀ ਹੈਂ ਕਿ ਨੌਕਰਾਣੀ, ਮੇਰੇ ਨਾਲ ਐਸਾ ਵਰਤਾਰਾ ਕਿਉਂ ਹੋਇਆ? ਉਹ ਕਹਿਣ ਲੱਗੀ, ਪੁੱਤਰ! ਜਨਮ ਤੋਂ ਹੀ ਰਾਣੀ ਹਾਂ ਪਰ ਮੈਂ ਰੱਬ ਦੀ ਭਗਤੀ ਨਹੀਂ ਕੀਤੀ, ਇਸ ਕਰਕੇ ਤੇਰੇ ਨਾਲ ਇਹ ਦੁਰਵਿਵਹਾਰ ਹੋਇਆ ਹੈ। ਕਹਿਣ ਲੱਗਾ ਮਾਤਾ! ਰਾਜ ਪ੍ਰਾਪਤ ਕਰਨ ਵਾਸਤੇ ਕੀ ਉਦਮ ਕਰਾਂ ਜਿਸ ਨਾਲ ਸਾਰੇ ਦੁਸ਼ਮਣ ਵੀ ਮਿੱਤਰ ਬਣ ਜਾਣ? ਕਹਿੰਦੀ ਬੇਟਾ! ਪ੍ਰਭੂ ਦੀ ਭਗਤੀ ਕਰਨ ਨਾਲ ਸਾਰੀਆਂ ਇਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਇਹ ਸੁਣ ਉਹ ਇਕ ਦਿਨ ਰਾਤ ਨੂੰ ਦ੍ਰਿੜ੍ਹ ਇਰਾਦੇ ਨਾਲ ਜੰਗਲ ਵਿਚ ਭਗਤੀ ਕਰਨ ਵਾਸਤੇ ਪਹੁੰਚ ਗਿਆ ਅਤੇ ਨਾਰਦ ਮੁਨੀ ਜੀ ਨੇ ਗੁਰ ਮੰਤਰ ਦੇ ਕੇ ਭਗਤੀ ਵਿਚ ਲਾ ਦਿਤਾ। ਹਾਲੇ ਭਗਤੀ ਸ਼ੁਰੂ ਹੀ ਕੀਤੀ ਸੀ ਕਿ ਰਾਜੇ ਨੇ ਵਾਪਸ ਪਰਤਣ ਲਈ ਸੁਨੇਹਾ ਦਿਤਾ ਅਤੇ ਅੱਧਾ ਰਾਜ ਦੇਣ ਦੀ ਪੇਸ਼ਕਸ਼ ਕੀਤੀ। ਹੁਣ ਧਰੂ ਨੂੰ ਨਿਸਚਾ ਹੋ ਗਿਆ ਪ੍ਰਭੂ ਭਗਤੀ ਸਭ ਤੋਂ ਸ੍ਰੇਸ਼ਟ ਹੈ ਜਿਸ ਨਾਲ ਪ੍ਰਭੂ ਦਰਬਾਰ ਵਿਚ ਮਾਣ ਪ੍ਰਾਪਤ ਹੋ ਜਾਂਦਾ ਹੈ। ਭਾਈ ਗੁਰਦਾਸ ਸਾਹਿਬ ਜੀ ਨੇ ਇਸ ਵਾਰਤਾ ਨੂੰ ਹੇਠ ਲਿਖੇ ਅਨੁਸਾਰ ਕਥਨ ਕੀਤਾ ਹੈ।

*ਧਰੂੰ ਹਸਦਾ ਘਰਿ ਆਇਆ*
*ਕਰਿ ਪਿਆਰੁ ਪਿਉ ਕੁਛੜਿ ਲੀਤਾ।*
*ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸ ਮਤ੍ਰੇਈ ਕੀਤਾ।*
*ਡੁਡਹੁਲਿਕਾ ਮਾਂ ਪੁਛੈ ਤੂੰ ਸਾਵਾਣੀ ਹੈ ਕਿ ਸੁਰੀਤਾ?*
*ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜ੍ਹੀਤਾ।*
*ਕਿਸੁ ਉਦਮ ਤੇ ਰਾਜੁ ਮਿਲੈ ਸਤ੍ਰੂ ਤੇ ਸਭ ਹੋਵਨਿ ਮੀਤਾ?*
*ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।*
*ਬਾਹਰਿ ਚਲਿਆ ਕਰਣਿ ਤਪੁ ਮਨ ਬੈਰਾਗੀ ਹੋਇ ਅਤੀਤਾ।*
*ਨਾਰਦ ਮੁਨਿ ਉਪਦੇਸਿਆ*
*ਨਾਮ ਨਿਧਾਨੁ ਅਮਿਓ ਰਸੁ ਪੀਤਾ।*
*ਪਿਛਹੁਂ ਰਾਜੇ ਸਦਿਆ ਅਬਿਚਲ ਰਾਜ ਕਰਹੁ ਨਿਤ ਨੀਤਾ।*
*ਹਾਰਿ ਚਲੇ ਗੁਰਮੁਖਿ ਜਗ ਜੀਤਾ॥*
*ਭਾਈ ਗੁਰਦਾਸ ਜੀ ਵਾਰ ੧੦/੧*

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨੌਵੇਂ ਸਰੂਪ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ, ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮ ਨਾਲ, ਮਾਤਾ ਨਾਨਕੀ ਅਤੇ ਮਹਿਲ ਮਾਤਾ ਗੁਜਰੀ ਨਾਲ ਬਾਬਾ ਬਕਾਲੇ ਆ ਕੇ ਰਹਿਣ ਲਗ ਪਏ। ਉਥੇ ਆਪ ਜੀ ਗੁਪਤ ਤੌਰ ਤੇ ਭੋਰੇ ਵਿਚ ਬੈਠ ਕੇ ਤਕਰੀਬਨ 26 ਸਾਲ ਤਪ ਕੀਤਾ ਤੇ ਮਾਤਾ ਗੁਜਰੀ ਜੀ ਵੀ ਉਸੇ ਤਰ੍ਹਾਂ ਦਰਵਾਜੇ ਅੱਗੇ ਬੈਠ ਕੇ ਤਪ ਕੀਤਾ। ਗੁਰੂ ਮਹਾਰਾਜ ਜੀ ਦੇ ਲੰਗਰ ਪ੍ਰਸ਼ਾਦੇ ਦਾ ਬੰਦੋਬਸਤ ਅਤੇ ਬਸਤਰ ਆਦਿ ਧੋਣ ਦੀ ਸੇਵਾ ਕਰਦੇ ਰਹੇ। ਇਸ ਵਿਚ ਮਾਤਾ ਗੁਜਰੀ ਜੀ ਦੇ ਜਤ ਸਤ ਤੇ ਸਾਧਨਾ ਦਾ ਬਹੁਤ ਵੱਡਾ ਹੱਥ ਸੀ। ਜਿਸ ਬਾਰੇ ਸ੍ਰੀ ਕਲਗੀਧਰ ਦਸ਼ਮੇਸ਼ ਜੀ ਦੇ ਬਚਨ ਇਸ ਪ੍ਰਕਾਰ ਹਨ-

*ਤਾਤ ਮਾਤ ਮੁਰ ਅਲਖ ਅਰਾਧਾ॥*
*ਬਹੁਤ ਬਿਧਿ ਜੋਗ ਸਾਧਨਾ ਸਾਧਾ॥*
*ਤਿਨ ਜੋ ਕਰੀ ਅਲਖ ਕੀ ਸੇਵਾ॥*
*ਤਾਤੇ ਭਏ ਪ੍ਰਸੰਨਿ ਗੁਰਦੇਵਾ॥ (ਸ੍ਰੀ ਸਰਬ ਲੋਹ ਗ੍ਰੰਥ)*

ਇਸ ਦੇ ਫਲਸਰੂਪ ਸਤਿਗੁਰੂ ਜੀ ਦੀ ਭਗਤੀ ਨੂੰ ਚਾਰ ਚੰਨ ਲੱਗੇ ਅਤੇ ਉਨ੍ਹਾਂ ਦੀ ਮਹਿਮਾ ਸੰਸਾਰ ਵਿਚ ਪ੍ਰਗਟ ਹੋਈ। ਸੱਚੇ ਸਤਿਗੁਰੂ ਜੀ ਨੇ 'ਹਿੰਦ ਦੀ ਚਾਦਰ' ਬਣ ਕੇ ਸੁਕ ਰਹੀ, ਕੁਮਲਾ ਰਹੀ ਮਨੁੱਖਤਾ ਨੂੰ ਆਪਣੀ ਪਾਵਨ ਸ਼ਹਾਦਤ ਦਾ ਖ਼ੂਨ ਦੇ ਕੇ ਸਿੰਚਿਆ ਤੇ ਹਰਾ ਭਰਾ ਕੀਤਾ। ਹਿੰਦੂ ਧਰਮ ਦੇ ਤਿਲਕ-ਜੰਞੂ ਦੀ ਰਾਖੀ ਕੀਤੀ।

*ਤਿਲਕ ਜੰਞੂ ਰਾਖਾ ਪ੍ਰਭ ਤਾਂਕਾ॥*
*ਕੀਨੋ ਬਡੋ ਕਲੂ ਮਹਿ ਸਾਕਾ॥ ਸ੍ਰੀ ਦਸਮ ਗ੍ਰੰਥ*

ਇਹ ਬਰਕਤ, ਇਹ ਰਹਿਮਤ, ਇਹ ਸਹਿਨਸ਼ੀਲਤਾ, ਇਹ ਸਰਬੱਤ ਦੇ ਭਲੇ ਲਈ ਘਾਲ ਕਮਾਈ ਲਈ ਮਾਤਾ ਗੁਜਰੀ ਜੀ ਦਾ ਪੂਰਨ ਸਾਥ ਅਤੇ ਪੂਰਨ ਹੌਂਸਲਾ ਹਫਸਾਈ ਸੀ। ਉਨ੍ਹਾਂ ਦੀ ਭਗਤੀ ਅਤੇ ਤਿਆਗ ਸਦਕਾ ਹੀ ਗੁਰੂ ਦਸਵੇਂ ਪਾਤਸ਼ਾਹ ਜੀ ਮਹਾਰਾਜ ਉਨ੍ਹਾਂ ਦੀ ਪਵਿੱਤਰ ਕੁਖੋਂ ਅਵਤਾਰ ਧਾਰਿਆ ਜਿਨ੍ਹਾਂ ਨੇ ਮੁਗਲਾਂ ਦੀ ਜ਼ੁਲਮੀ ਸਲਤਨਤ ਦੀਆਂ ਜੜ੍ਹਾਂ ਪੁੱਟ ਕੇ ਖਾਲਸੇ ਦਾ ਤਪ-ਤੇਜ ਸੰਸਾਰ ਵਿਚ ਪ੍ਰਗਟ ਕੀਤਾ। ਮਾਤਾ ਜੀ ਨੇ ਆਪਣੇ ਸਮੁੱਚੇ ਪਰਿਵਾਰ ਨੂੰ ਸਿੱਖ ਪੰਥ ਅਤੇ ਮਾਨਵਤਾ ਤੋਂ ਨਿਛਾਵਰ ਕਰ ਦਿਤਾ। ਮਾਤਾ ਜੀ ਨੇ ਇਨ੍ਹਾਂ ਸਾਰੀਆਂ ਮੁਸੀਬਤਾਂ ਨੂੰ ਖਿੜੇ ਮੱਥੇ ਸਹਿ ਕੇ ਆਖਰੀ ਸਵਾਸਾਂ ਤੱਕ ਚੜ੍ਹਦੀ ਕਲਾ ਦਾ ਜੀਵਨ ਬਤੀਤ ਕੀਤਾ ਜਿਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਅੰਦਰ ਕਿਧਰੇ ਢੂੰਡਿਆਂ ਵੀ ਨਹੀਂ ਮਿਲਦੀ।

*'ਚਲਦਾ........।'*

# ਈਸ਼੍ਵਰ ਅਮੋਲਕ ਲਾਲ
# (ਭਾਗ ਦੂਜਾ)
# ਈਸ਼ਵਰ ਹਰੀ ਅਤੇ ਹਰੀ ਈਸ਼ਵਰ

## 2. ਈਸ਼ਰ ਹਰੀ (1-6-1961)

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥*

**ਵਾਹਿਗੁਰੂ ਤੂੰ ਹੀ ਹੈਂ।**

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥* *ਅੰਗ - ੧੩੬੬*

*ਗਉੜੀ ਮਹਲਾ ੯*

*ਨਰ ਅਚੇਤ ਪਾਪ ਤੇ ਡਰੁ ਰੇ ॥*
*ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ॥ ੧ ॥ ਰਹਾਉ ॥*
*ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ ॥*
*ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭ ਹਰੁ ਰੇ ॥ ੧ ॥*
*ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥*
*ਨਾਨਕ ਕਹਤ ਗਾਇ ਕਰੁਨਾ ਮੈ ਭਵਸਾਗਰ ਕੈ ਪਾਰਿ ਉਤਰੁ ਰੇ ॥* *ਅੰਗ- ੨੨੦*

ਅਸ਼ਰਫ਼-ਉਲ-ਮਖ਼ਲੂਕਾਤ (ਸਾਰੀਆਂ ਜੂਨੀਆਂ ਦਾ ਬਾਦਸ਼ਾਹ) ਇਸ ਮਾਨੁਖ ਤਨ ਕੋ ਕਹਿਤੇ ਹੈਂ॥ਕਿਉਂਕਿ ਤਮਾਮ ਚੁਰਾਸੀ ਲਾਖ ਜੂਨੀਓਂ ਸੇ ਆਲ੍ਹਾ ਹੈ। ਜੈਸੇ ਦੁਨੀਆਂ ਮੇਂ ਤਮਾਮ, ਆਦਮੀਓਂ ਸੇ ਰਾਜਾ ਯਾ ਬਾਦਸ਼ਾਹ ਆਲ੍ਹਾ ਮਾਨਾ ਗਿਆ ਹੈ ਵੈਸੇ ਹੀ ਮਾਨੁਖ ਸ਼ਰੀਰ ਤਮਾਮ ਸ਼ਰੀਰੋਂ ਸੇ ਆਲ੍ਹਾ ਹੈ।

## 3. ਮਾਨੁਖ ਤਨ ਕਾ ਪਰਮ ਪ੍ਰਯੋਜਨ

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥* *ਅੰਗ - ੧੨*

ਪ੍ਰਮਾਤਮਾ ਕੇ ਮਿਲਾਪ ਵਾਸਤੇ ਯੇਹ ਮਾਨੁਖ ਤਨ ਹੈ। ਮਨ ਕੋ ਇਕਾਗਰ ਕਰਨੇ ਕੇ ਤੀਨ ਉਪਾਏ ਜਿਨ ਸੇ ਮਨ ਕੀ ਰੋਕਥਾਮ ਜਲਦੀ ਹੋ ਜਾਤੀ ਹੈ।

1. **ਤਰੀਕਾ ਅੱਵਲ -** ਮਨ ਕੋ ਜ਼ਬਰਦਸਤੀ ਰੋਕਨੇ ਕੀ ਕੋਸ਼ਿਸ਼ ਨਾ ਕਰੋ। ਇਸ ਕੇ ਸਾਥ ਕੁਸ਼ਤੀ ਔਰ ਜੱਦੋ-ਜਹਿਦ ਨਾ ਕਰੋ। ਸਿਰਫ ਆਪਨੇ ਖ਼ਿਆਲਾਤ ਕੋ ਗੌਰ ਸੇ ਦੇਖੋ ਔਰ ਮਨ ਕੀ ਖ਼ਸਲਤ (ਪੱਕੀ ਆਦਤ) ਕੋ ਪਹਿਚਾਨੋ ਕਿ ਕਿਸ ਕਿਸਮ ਕਾ ਹੈ ਔਰ ਕਿਧਰ ਜਾਤਾ ਹੈ, ਇਸ ਕੋ ਇਧਰ ਉਧਰ ਕੋ ਦੌੜਨੇ ਕੀ ਮਨਜ਼ੂਰੀ ਨਾ ਦੋ। ਲੇਕਿਨ ਰੋਕੋ ਭੀ ਮਤ ਔਰ ਖੁੱਲ੍ਹੀ ਛੁੱਟੀ ਦੇ ਦੋ। ਤੁਮ ਦੇਖੋਗੇ ਕਿ ਥੋੜ੍ਹੀ ਦੇਰ ਕੇ ਬਾਦ ਖੁਦ ਹੀ ਸ਼ਾਂਤ ਹੋ ਜਾਏਗਾ ਔਰ ਇਸੀ ਤਰ੍ਹਾਂ ਕੇ ਅਭਿਆਸ ਸੇ ਆਹਿਸਤਾ ਆਹਿਸਤਾ ਸਥਿਰ ਹੋ ਜਾਏਗਾ ਔਰ ਆਮ, ਸਾਧਾਰਨ ਔਰ ਔਸਤ ਦਰਜੇ ਕੇ ਸਾਧਨ ਜਿਨ ਕੀ ਤਾਦਾਦ ਬਹੁਤ ਜ਼ਿਆਦਾ ਹੈ, ਇਸੀ ਤਰੀਕੇ ਪਰ ਚਲਤੇ ਹੈਂ।

2. **ਮਨ ਕੋ ਰੋਕਨੇ ਕਾ ਤਰੀਕਾ ਦੋਮ (ਦੂਜਾ) -** ਯੇਹ ਤਰੀਕਾ ਉਨ ਲੋਗੋਂ ਕਾ ਹੈ। ਜਿਨ ਕੀ ਵੀਚਾਰ ਸ਼ਕਤੀ ਕੁਝ ਬੜ੍ਹੀ ਹੂਈ ਹੈ ਔਰ ਬੁੱਧੀ ਬਲ ਕੁਛ ਜ਼ਿਆਦਾ ਹੈ। ਜੋ ਪਹਿਲੇ ਦਰਜੇ ਸੇ ਕਿਸੀ ਕਦਰ ਊਂਚੇ ਹੈਂ। ਇਸ ਮੇਂ ਸਾਧਕ ਅਪਨੇ ਮਨ ਕੇ ਦੋ ਹਿੱਸੇ ਬਨਾ ਲੇਤਾ ਹੈ - ਏਕ ਸੁਆਮੀ ਔਰ ਦੂਸਰਾ ਸੇਵਕ। ਸੁਆਮੀ ਹੋ ਕਰ ਸੇਵਕ ਕੋ ਬੁਰੇ ਖ਼ਿਆਲੋਂ ਸੇ ਰੋਕਤਾ ਰਹਿਤਾ ਹੈ ਔਰ ਆਹਿਸਤਾ-ਆਹਿਸਤਾ ਖ਼ਿਆਲਤ ਪਰ ਕਾਬੂ ਪਾ ਕਰ ਇਨ ਕੀ ਪੂਰੀ ਰੋਕਥਾਮ ਕਰ ਲੇਤਾ ਹੈ।

**3. ਮਨ ਕੋ ਰੋਕਨੇ ਕਾ ਤੀਸਰਾ ਤਰੀਕਾ –** ਯੇਹ ਮਨ ਕੋ ਰੋਕਨੇ ਕਾ ਤੀਸਰਾ ਤਰੀਕਾ ਹੈ ਜੋ ਕਿ ਯੋਗਿਓਂ ਕਾ ਤਰੀਕਾ ਹੈ। ਆਰਾਮ ਸੇ ਧਿਆਨ ਜਮਾਨੇ ਕੇ ਲੀਏ ਬੈਠ ਜਾਓ ਲੇਕਿਨ ਸੋਚਨਾ ਬੰਦ ਕਰ ਦੋ। ਦਿਮਾਗ਼ ਕੋ ਖ਼ਾਲੀ ਕਰ ਦੋ ਔਰ ਅਪਨੇ ਮਨ ਕੋ ਦੇਖੋ ਕਿ ਖ਼ਿਆਲਾਤ ਕਿਧਰ ਸੇ ਆਤੇ ਹੈਂ। ਤੁਮ ਦੇਖੋਗੇ ਕਿ ਬਾਹਰ ਸੇ ਆਤੇ ਹੈਂ। ਇਨ ਕੋ ਮਨ ਮੇਂ ਦਾਖਿਲ ਹੋਨੇ ਸੇ ਪਹਿਲੇ ਹੀ ਨਿਕਾਲ ਕਰ ਫੈਂਕਤੇ ਰਹੋ ਔਰ ਬਾਹਰ ਧਕੇਲਤੇ ਰਹੋ। ਹੱਤਾ ਕਿ (ਜਦੋਂ ਤਕ) ਤੁਮਾਰਾ ਮਨ ਪੂਰੀ ਤਰ੍ਹਾਂ ਖਾਮੋਸ਼ ਔਰ ਅਸਥਿਰ ਨਾ ਹੋ ਜਾਏ। ਇਸ ਤਰ੍ਹਾਂ ਥੋੜ੍ਹੇ ਦਿਨੋਂ ਮੇਂ ਹੀ ਨਿਰਬਾਣ ਪਦ ਯਾ ਨਿਰਗੁਣ ਬ੍ਰਹਮ ਕਾ ਸਾਖ਼ਿਆਤਕਾਰ ਹੋ ਜਾਏਗਾ। ਲੇਕਿਨ ਯੇਹ ਜਲਦੀ ਕੀ ਅਵਸਥਾ ਪ੍ਰਮੇਸ਼ਰ  ਕੀ ਅਪਾਰ ਕ੍ਰਿਪਾ ਸੇ ਹੀ ਪ੍ਰਾਪਤ ਹੋ ਸਕਤੀ ਹੈ ਔਰ ਜਿਸ ਕਾ ਕੁਛ ਪਹਿਲੇ ਭੀ ਸਾਧਨ ਕੀਆ ਹੋਤਾ ਹੈ।

ਜੈਸਾ ਸੁਖ ਤਮਾਮ ਪ੍ਰਵਿਰਤੀਓਂ ਸੇ ਰਹਿਤ ਏਕਾਂਤ ਮੇਂ ਨਿਵਾਸ ਕਰਨੇ ਵਾਲੇ ਮੁਨੀ ਕੋ ਹੋਵੇ ਹੈ ਔਰ ਤ੍ਰਿਸ਼ਨਾ ਰਹਿਤ ਵੈਰਾਗਵਾਨ ਵਿਵੇਕੀ ਪੁਰਸ਼ ਕੋ ਜੋ ਸੁਖ ਹੋਵੇ ਹੈ। ਵੈਸਾ ਸੁਖ ਦੇਵਤਾਓਂ ਕੇ ਰਾਜਾ ਇੰਦਰ ਤਥਾ ਸੂਰਜ ਅਸਤ ਸੇ ਉਦੇ ਲਓ ਨਿਸ਼ਕਲੰਕ ਚੱਕਰਵਰਤੀ ਰਾਜਾ ਕੋ ਭੀ ਨਹੀਂ ਹੋਵੇ ਹੈ।

ਅੰਦਿਗਰੇ ਉਪਾਸ਼ਨਾ = ਸਭ ਵਾਹਿਗੁਰੂ ਹੀ ਹੈ।

ਅਹਿੰਗਰੇ ਉਪਾਸ਼ਨਾ = ਮੈਂ ਵਾਹਿਗੁਰੂ ਹੀ ਹੂੰ ਵੋਹ ਵਾਹਿਗੁਰੂ ਮੈਂ ਹੂੰ।

ਆਤਮ ਚਿੰਤਨ = ਮੈਂ ਸਤਿ-ਚਿੱਤ ਅਨੰਦ ਪੂਰਨ ਹੂੰ। ਸਭ ਕੁਛ ਮੈਂ ਹੀ ਹੂੰ। ਮੁਝ ਕੇ ਸਿਵਾ ਕੁਛ ਭੀ ਨਹੀਂ।

---

*(ਪੰਨਾ 36 ਦੀ ਬਾਕੀ)*

ਹਾਂ। ਸਤਿਸੰਗਤ ਸਾਧਨ ਹੈ। ਜਿਥੇ ਜਾ ਕੇ ਜਾਗ੍ਰਤੀ ਆਉਂਦੀ ਹੈ, ਜਾਗ ਆਉਂਦੀ ਹੈ।

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਅੰਗ- ੬੪੨*

ਇਹ ਸਭ ਤੋਂ ਸ੍ਰੇਸ਼ਟ ਕਰਮ ਹੈ ਪਰ ਮਿਲਦਾ ਕਿਹਨਾਂ ਨੂੰ ਹੈ? ਇਹ ਉਹਨਾਂ ਨੂੰ ਮਿਲਦਾ ਹੈ –

*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਇਥੇ ਆ ਕੇ ਫੇਰ ਜੁਗਤ ਮਿਲਦੀ ਹੈ ਜਦੋਂ ਅਸੀਂ 'ਵਾਹਿਗੁਰੂ' ਗੁਰਮੰਤ੍ਰ ਦਾ ਜਾਪ ਕਰਦੇ ਨਾਮ 'ਚ ਅਸਥਿਤ ਹੋ ਗਏ ਫੇਰ –

*ਸਦਾ ਅਨੰਦੁ ਤਹ ਨਹੀ ਬਿਓਗੁ ॥ ਅੰਗ- ੨੭੫*

ਸਦਾ ਦੀਆਂ ਖੁਸ਼ੀਆਂ, ਸਦਾ ਦਾ ਹੀ ਖੇੜਾ ਪ੍ਰਾਪਤ ਹੋ ਜਾਂਦਾ ਹੈ।

*ਸਤਿ ਸੁਹਾਣੁ ਸਦਾ ਮਨਿ ਚਾਉ ॥ ਅੰਗ - ੪*

ਕਿੰਨਾਂ ਫਲ ਹੈ ਇਸਦਾ –

*ਗੁਨ ਗਾਵਤ ਤੇਰੀ ਉਤਰਸਿ ਮੈਲੁ ॥ ਅੰਗ - ੨੮੯*

ਸਾਰੀ ਮੈਲ ਦੂਰ ਹੋ ਜਾਂਦੀ ਹੈ।

*ਬਿਨਸਿ ਜਾਇ ਹਉਮੈ ਬਿਖੁ ਫੈਲੁ ॥ ਅੰਗ- ੨੮੯*

ਜਿਹੜੀ ਇਹ ਜ਼ਹਿਰ ਫੈਲ ਗਈ ਇਹ ਸਾਰੀ ਉਤਰ ਜਾਂਦੀ ਹੈ। ਸੋ ਗੁਰੂ ਚਰਨਾਂ ਦੇ ਵਿਚ ਆਪਾਂ ਜੋ ਪਹੁੰਚਦੇ ਹਾਂ, ਸਤਿਸੰਗ ਕਰਦੇ ਹਾਂ–

*ਸੁਣਿ ਸਾਖੀ ਮਨ ਜਪਿ ਪਿਆਰ ॥*
*ਅਜਾਮਲੁ ਉਧਰਿਆ ਕਹਿ ਏਕ ਬਾਰ ॥ ਅੰਗ- ੧੧੯੨*

ਚਾਰ ਦੁਖ ਵੱਡੇ ਨੇ –

*ਦੁਖੁ ਵੇਛੋੜਾ ਇਕੁ ਦੁਖੁ ਭੂਖ ॥*
*ਇਕੁ ਦੁਖੁ ਸਕਤਵਾਰ ਜਮਦੂਤ ॥*
*ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥*
*ਵੈਦ ਨ ਭੋਲੇ ਦਾਰੂ ਲਾਇ ॥ ਅੰਗ - ੧੨੫੬*

ਸਾਰੇ ਦੁਖਾਂ-ਕਲੇਸ਼ਾਂ, ਪਾਪਾਂ ਦਾ ਨਾਸ਼ ਉਸ ਭਜਨ ਬਾਣੀ ਦੇ ਪ੍ਰਤਾਪ ਦੇ ਨਾਲ ਹੋ ਜਾਂਦਾ ਹੈ। ਸੋ ਜੁਗਤ ਅਪਣਾਓ, ਨਾਮ ਦੇ ਨਾਲ ਜੁੜਨ ਦੀ। ਜੁਗਤ ਸਤਿਸੰਗ ਤੋਂ ਮਿਲਦੀ ਹੈ। ਇਹ ਜੀਵਨ ਜਾਂਚ ਇਥੇ ਵੀ ਸੁਖੀ ਰਖਦੀ ਹੈ ਤੇ ਜਦੋਂ ਇਥੋਂ ਜਾਣਾ ਹੈ ਫੇਰ ਅੱਗੇ ਵੀ ਧੰਨ-ਧੰਨ ਹੁੰਦੀ ਹੈ।

*ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।*

# ਵਾਰਾਂ ਭਾਈ ਗੁਰਦਾਸ ਜੀ
## ਸਟੀਕ

ਵਾਰ ੪

*ਭਾਈ ਵੀਰ ਸਿੰਘ ਜੀ*

### ੮. (ਘਾਹ)

ਲਤਾਂ ਹੇਠਿ ਲਤਾੜੀਐ ਘਾਹੁ ਨ ਕਢੈ ਸਾਹੁ ਵਿਚਾਰਾ।
ਗੋਰਸੁ ਦੇ ਖੜੁ ਖਾਇਕੈ ਗਾਇ ਗਰੀਬੀ ਪਰਉਪਕਾਰਾ।
ਦੁਧਹੁ ਦਹੀ ਜਮਾਈਐ ਦਹੀਅਹੁ ਮਖਣੁ ਛਾਹਿ ਪਿਆਰਾ।
ਘਿਅ ਤੇ ਹੋਵਨਿ ਹੋਮ ਜਗ ਢੰਗ ਸੁਆਰਥ ਚਜ ਅਚਾਰਾ।
ਧਰਮ ਧਉਲੁ ਪਰਗਟ ਹੋਇ ਧੀਰਜਿ ਵਹੈ ਸਹੈ ਸਿਰਿ ਭਾਰਾ।
ਇਕ ਇਕੁ ਜਾਉ ਜਣੇਦਿਆਂ ਚਹੁਚਕਾਂ ਵਿਚਿ ਵਗ ਹਜਾਰਾ।
ਤ੍ਰਿਣ ਅੰਦਰਿ ਵਡਾ ਪਾਸਾਰਾ॥

ਪਦਾਰਥ - ਗੋਰਸੁ=ਦੁੱਧ-ਮੱਖਣ। ਖੜੁ=ਘਾਹ। ਢੰਗ ਸੁਆਰਥ=ਵਿਆਹ (ਆਦਿ ਖੁਸ਼ੀ ਦੇ ਕੰਮ)। ਚਜ ਅਚਾਰਾ=ਭਲੇ ਕਰਤੱਬ। ਧਰਮੁ-ਜੋ ਧਾਰਨ ਕੀਤਾ ਜਾਏ। ਜਾਉ=ਬੱਚਾ, ਵੱਛਾ।

ਅਰਥ - 1. ਘਾਹ ਲੱਤਾਂ ਦੇ ਹੇਠ ਲਤਾੜੀਦਾ ਹੈ, ਵਿਚਾਰੇ ਨੂੰ ਸਾਹ ਨਹੀਂ ਲੈਣਾ ਮਿਲਦਾ। 2. ਗਊ ਵਿਚਾਰੀ ਗਰੀਬ (ਓਸ) ਘਾਹ ਨੂੰ ਖਾ ਕੇ ਦੁੱਧ ਦਿੰਦੀ ਹੈ, ਪਰਉਪਕਾਰ ਲਈ। 3. ਦੁੱਧ ਥੋਂ ਦਹੀਂ ਜਮਾਈਦਾ ਹੈ, ਦਹੀਂ ਥੋਂ ਮੱਖਣ ਤੇ ਲੱਸੀ ਪਿਆਰੇ ਲਗਦੇ ਹਨ। 4. ਘਿਉ ਤੋਂ ਹੋਮ ਤੇ ਜੱਗ, ਵਿਆਹਾਂ ਦੇ ਕੰਮ ਤੇ ਹੋਰ ਕਈ ਭਲੇ ਕਰਤੱਬ ਹੁੰਦੇ ਹਨ। 5. (ਗਾਂ ਤੋਂ) ਬਲਦ ਪ੍ਰਗਟ ਹੁੰਦਾ ਹੈ (ਜੰਮਦਾ ਹੈ ਜੋ) ਧੀਰਜ (ਧਾਰ ਕੇ ਹਲਾਂ ਗਡਾਂ ਹੇਠ) ਵਗਦਾ ਹੈ ਤੇ ਸਿਰ ਤੇ ਭਾਰ ਚੁੱਕਦਾ ਹੈ, (ਉਸ ਵਿਚਾਰੇ ਦਾ) ਧਰਮ (ਯਾ ਫਰਜ਼ ਹੀ ਇਹੋ ਹੋ ਚੁੱਕਾ ਹੈ) 6. ਇਕ-ਇਕ ਵੱਛੇ ਦੇ ਜਣਨ ਥੋਂ ਹਜ਼ਾਰਾਂ ਵਗ ਚਾਰ ਚਕਾਂ ਵਿਖੇ (ਹੋ ਜਾਂਦੇ ਹਨ) 7. ਘਾਹ ਦੇ ਅੰਦਰ ਵਡਾ ਫੈਲਾਉ ਹੈ।

ਭਾਵ - ਘਾਸ ਦੇ ਦ੍ਰਿਸ਼ਟਾਂਤ ਤੋਂ ਉਪਦੇਸ਼ ਕੱਢਿਆ ਹੈ ਨਿਮਰਤਾ ਦਾ ਕਿ ਨਿਮਾਣਾ ਘਾਸ ਕਿੱਡੇ ਭਾਰੇ ਕੰਮ ਅਰ ਪਰਉਪਕਾਰ ਦਾ ਆਸਰਾ ਬਣਦਾ ਹੈ।

### 9. (ਤਿਲ)

ਲਹੁੜਾ ਤਿਲੁ ਹੋਇ ਜੰਮਿਆ ਨੀਚਹੁ ਨੀਚੁ ਨੇ ਆਪੁ ਗਣਾਇਆ।
ਫੁਲਾ ਸੰਗਤਿ ਵਸਿਆ ਹੋਇ ਨਿਰਗੰਧੁ ਸੁਗੰਧੁ ਸੁਹਾਇਆ।
ਕੋਲੂ ਪਾਇ ਪੀੜਾਇਆ ਹੋਇ ਫੁਲੇਲੁ ਖੇਲੁ ਵਰਤਾਇਆ।
ਪਤਿਤੁ ਪਵਿਤ੍ਰ ਚਲਿਤ੍ਰ ਕਰਿ ਪਾਤਿਸਾਹ ਸਿਰਿ ਧਰਿ ਸੁਖੁ ਪਾਇਆ।
ਦੀਵੈ ਪਾਇ ਜਲਾਇਆ ਕੁਲ ਦੀਪਕੁ ਜਗਿ ਬਿਰਦੁ ਸਦਾਇਆ।
ਕਜਲੁ ਹੋਆ ਦੀਵਿਅਹੁ ਅਖੀ ਅੰਦਰਿ ਜਾਇ ਸਮਾਇਆ।
ਬਾਲਾ ਹੋਇ ਨ ਵਡਾ ਕਹਾਇਆ।

ਪਦਾਰਥ - ਲਹੁੜਾ=ਨਿੱਕਾ। ਨਿਰਗੰਧੁ=ਵਾਸ਼ਨਾ। ਰਹਤ=ਜਿਸ ਵਿਚ ਖੁਸ਼ਬੋ ਨਾ ਹੋਵੇ। ਸੁਗੰਧ=ਚੰਗੀ ਵਾਸ਼ਨਾ ਵਾਲਾ। ਬਾਲਾ=ਵਡਾ। (ਫਾਰਸੀ, ਬਾਲਾ=ਉੱਚਾ। ਹਿੰਦੀ ਬਾਲਾ=ਛੋਟਾ।

ਅਰਥ - 1. ਨਿੱਕਾ ਤਿਲ ਹੋ ਕੇ ਉਪਤ ਹੋਇਆ, ਨੀਵੇਂ ਥੋਂ ਨੀਵੇਂ ਹੋ ਕੇ ਆਪ ਨੂੰ ਕੁਝ ਨਾ ਗਣਾਇਆ। 2. ਫੁੱਲਾਂ ਦੀ ਸੰਗਤ ਵਿਚ (ਜਦ, ਇਸ) ਨਿਰਵਾਸ਼ ਨੇ ਵਾਸ ਕੀਤਾ, ਚੰਗੀ ਵਾਸ਼ਨਾ ਨਾਲ ਸੋਭਿਆ। 3. ਜਦ (ਇਹ) ਕੋਹਲੂ ਵਿਖੇ ਪੀੜਿਆ ਗਿਆ ਤਾਂ ਫੁਲੇਲ (ਬਣ ਕੇ) ਚੰਗਾ ਕੌਤਕ ਦੱਸਿਆ। 4. ਪਾਪੀਆਂ ਨੂੰ ਪਵਿੱਤਰ ਕਰਣਹਾਰ (ਈਸ਼੍ਵਰ ਨੇ ਅਜਿਹਾ) ਚਲਿੱਤ੍ਰ ਕੀਤਾ ਕਿ ਪਾਤਸ਼ਾਹ ਨੇ (ਉਸ ਫੁਲੇਲ ਨੂੰ) ਸਿਰ ਪਰ ਮਲ ਕੇ ਸੁਖ ਪਾਇਆ, (ਭਾਵ ਨਿਮ੍ਰਤਾ ਨੇ ਪਾਪੀ ਕਾਲੇ ਤਿਲ ਨੂੰ ਫੁਲੇਲ ਦੀ ਪਦਵੀ ਦੇ ਕੇ ਪਾਤਸ਼ਾਹ ਦੇ ਸਿਰਾਂ ਤੇ ਪੁਚਾਇਆ। 5. ਦੀਵੇ ਪਾਕੇ ਜਦ ਸਾੜਿਆ (ਤਦ) ਜਗਤ ਵਿਖੇ ਕੁਲ ਦੀਪਕ (ਭਾਵ ਕੁਲ ਦਾ ਪ੍ਰਕਾਸ਼ਕ) ਨਾਮ ਰਖਿਆ। 6. ਦੀਵੇ ਥੋਂ ਕੱਜਲ ਬਣ ਕੇ ਅੱਖਾਂ ਦੇ ਵਿਚ ਜਾ ਮਿਲਿਆ। 7. ਵੱਡਾ ਹੋ ਕੇ (ਬੀ) ਆਪ ਨੂੰ ਵੱਡਾ ਨ ਕਹਾਇਆ।

ਭਾਵ - ਗਾਂਧੀ ਲੋਕ ਤਿਲ ਨੂੰ ਸੁੱਧ ਕਰਕੇ ਫੁੱਲਾਂ ਵਿਚ ਕਈ ਦਿਨ ਰੱਖ ਕੇ ਫੇਰ ਪੀੜ ਕੇ ਫੁਲੇਲ ਬਣਾਉਂਦੇ ਹਨ ਅਰ ਬਾਹਲੇ ਲੋਕ ਦੀਵੇ ਦੀ ਸ਼ਾਹੀ ਤੋਂ ਕੱਜਲ ਬਣਾ ਕੇ ਵੇਚਦੇ ਹਨ, ਉਹਨਾਂ ਥੋਂ ਸਿਰਾਂ ਅਰ ਅੱਖੀਆਂ ਦੇ ਰੋਗ ਦੂਰ ਹੁੰਦੇ ਹਨ। ਮੁੱਕਦੀ ਗੱਲ, ਇੰਨੀ ਵੱਡੀ ਪਦਵੀ ਪਾ ਕੇ ਬੀ ਓੜਕ ਆਪਣਾ ਨਾਮ ਤਿਲ ਹੀ ਕਹਾਇਆ। ਤਿਲ ਪੰਜਾਬੀ ਦੇ ਮਹਾਵਰੇ ਵਿਚ ਨਿੱਕੇ ਨੂੰ ਬੀ ਕਹਿੰਦੇ ਹਨ।

### ੧੦. ਵੜੇਵਾਂ

ਹੋਇ ਵੜੇਵਾਂ ਜਗ ਵਿਚਿ ਬੀਜੇ ਤਨੁ ਖੇਹ ਨਾਲਿ ਰਲਾਇਆ।
ਬੂਟੀ ਹੋਇ ਕਪਾਹ ਦੀ ਟੀਡੇ ਹਸਿ ਹਸਿ ਆਪੁ ਖਿੜਾਇਆ।
ਦੁਹੁ ਮਿਲਿ ਵੇਲਣੁ ਵੇਲਿਆ ਲੂੰ ਲੂੰ ਕਰਿ ਕਰਿ ਤੂੰਬੁ ਤੁੰਬਾਇਆ।
ਪਿੰਵਣਿ ਪਿੰਵ ਉਡਾਇਆ ਕਰਿ ਕਰਿ ਗੋੜੀ ਸੂਤ ਕਤਾਇਆ।
ਤਣਿ ਵੁਣਿ ਖੁੰਬਿ ਚੜਾਇਕੈ ਦੇ ਦੇ ਦੁਖੁ ਧੁਆਇ ਰੰਗਾਇਆ।
ਕੈਚੀ ਕਟਣਿ ਕਟਿਆ ਸੂਈ ਧਾਗੇ ਜੋੜਿ ਸੀਵਾਇਆ।
ਲਜਣੁ ਕਜਣੁ ਹੋਇ ਕਜਾਇਆ।

ਪਦਾਰਥ - ਵੜੇਵਾਂ= ਵਪਾਹ ਦਾ ਬੀਜ। ਲੂੰ ਲੂੰ=ਵਾਲ ਵਾਲ। ਗੋੜ੍ਹੀਂ=ਗੋਹੜੇ। ਪਿੰਵਣ=ਪੇਂਜਾ। ਕੱਟਣ=ਕਾਤ੍ਰਾਂ। ਲਜਣੁ=ਵਸਤ੍ਰ। ਕਜਣੁ=ਪੜਦੇ ਕੱਜ।

ਅਰਥ - 1. ਜੱਗ ਵਿਚ ਵੜੇਵੇਂ ਨੇ ਹੋ ਕੇ, (ਬੀਜਿਆ) ਜਾ ਕੇ ਖੇਹ ਨਾਲ (ਆਪਣੇ) ਸਰੀਰ ਨੂੰ ਰਲਾ ਦਿਤਾ। 2. (ਇਸ ਨਿਮ੍ਰਤਾ ਕਰਕੇ) ਕਪਾਹ ਦੀ ਬੂਟੀ ਹੋਈ ਜਿਸ ਨਾਲ ਟੀਂਡੇ ਨੇ ਲਗ ਕੇ ਹੱਸ ਹੱਸ ਕੇ ਆਪ ਨੂੰ ਪ੍ਰਫੁੱਲਤ ਕੀਤਾ। 3. (ਇਸ ਕਰਕੇ) ਦੋਹੁਂ ਵੇਲਣਿਆਂ ਵਿਚ ਮਿਲ ਕੇ ਵੇਲਿਆ, ਵਾਲ-ਵਾਲ ਕਰਕੇ ਫੇਰ ਤੁੰਬਿਆ। 4. ਫੇਰ ਪੇਂਜੇ ਨੇ ਪਿੰਜ-ਪਿੰਜ ਕੇ ਉਡਾਇਆ, (ਤ੍ਰੀਮਤਾਂ ਨੇ ਫੇਰ) ਗੋਹੜੇ ਕਰ ਕਰਕੇ ਸੂਤ ਕੱਤਿਆ। 5. ਤਣ ਕੇ ਫੇਰ ਉਣ ਕੇ ਖੁੰਬ ਚੜ੍ਹਾਇਕੇ ਵੱਡੇ ਦੁਖ ਦੇ-ਦੇ ਧੁਆਕੇ ਰੰਗਾਇਆ। 6. ਕੈਂਚੀ ਨੇ ਕਾਟ ਕੱਟੀ ਅਤੇ ਫੇਰ ਸੂਈ ਧਾਗੇ ਨੇ ਉਹ ਕਾਤਰਾਂ ਜੋੜ ਕੇ ਸੀਤੀਆਂ। 7. (ਇਸ ਨਿੰਮ੍ਰਤਾ ਦੇ ਸਾਧਨ ਕਰਕੇ) ਕੱਪੜੇ ਨੇ ਕੱਜਣ ਵਾਲਾ ਹੋ ਕੇ (ਲੋਕਾਂ ਨੂੰ ਪਾਲੇ ਤੋਂ) ਕੱਜ ਦਿੱਤਾ।

ਭਾਵ - ਸੰਤ ਲੋਕ ਵੜੇਵੇਂ ਵਾਂਗੂੰ ਨਿਮਰਤਾ ਧਾਰ ਕੇ ਨਾਨਾ ਪ੍ਰਕਾਰ ਦੀ ਵਿਪਦਾ ਸਹਾਰ ਕੇ ਲੋਕਾਂ ਦੇ ਪੜਦੇ ਕੱਜਦੇ ਹਨ, ਭਾਵੇਂ ਆਪ ਦੁਖੀ ਹੀ ਰਹਿਣ।

# ਭਾਈ ਨੰਦ ਲਾਲ ਜੀ
## (ਗੰਜਨਾਮਾ)

ਗੁਰੂ ਗੋਬਿੰਦ, ਗੋਪਾਲ ਗੁਰ ਪੂਰਨ ਨਰਾਇਣਹਿ।
ਗੁਰ ਦਿਆਲ, ਸਮਰੱਥ ਗੁਰ ਗੁਰ ਨਾਨਕ ਪਤਿਤ ਉਦਾਰਣਹਿ॥

ਦਿਲੋ ਜਾਨਮ ਬ-ਹਰ ਸਬਾਹੋ ਮਸਾ
ਸਰੋ ਫ਼ਰਕਮ ਜ਼ਿ ਰੂਇ ਸਿਦਕੋ ਸਫ਼ਾ॥
ਬਾਦ ਬਰ ਮੁਰਸ਼ਦ ਤਰੀਕਿ ਨਿਸਾਰ॥
ਅਜ਼ ਸਰਿ ਇਜਜ਼ ਸਦ ਹਜ਼ਾਰਾਂ ਨਿਸਾਰ॥

ਮੇਰਾ ਦਿਲ ਅਤੇ ਜਾਨ ਹਰ ਸਵੇਰ ਅਤੇ ਸ਼ਾਮ, ਮੇਰਾ ਸਿਰ ਤੇ ਮੱਥਾ ਸਿਦਕ ਸਫ਼ਾਈ ਨਾਲ ਆਪਣੇ ਗੁਰੂ ਤੋਂ ਕੁਰਬਾਨ ਜਾਵੇ, ਨਿਮਰਤਾ ਸਹਿਤ ਲੱਖਾਂ ਵਾਰ ਕੁਰਬਾਨ ਹੋਵੇ।

ਕਿ ਜ਼ਿ ਇਨਸਾਂ ਮਲਿਕ ਨਮੂਦਸਤ ਊ
ਇਜ਼ਤਿ ਖ਼ਾਕੀਆਂ ਫ਼ਜ਼ੂਦਸਤ ਊ॥

ਕਿਉਂ ਜੋ ਉਸੇ ਨੇ ਮਨੁੱਖਾਂ ਵਿਚੋਂ ਦੇਵਤੇ ਪ੍ਰਗਟ ਕੀਤੇ, ਉਸ ਨੇ ਮਿੱਟੀ ਦੇ ਜੀਵਾਂ ਦੇ ਮਾਨ ਸਤਿਕਾਰ ਵਧਾ ਦਿਤੇ।

ਖ਼ਾਸਗਾਂ ਜੁਮਲਾ ਖ਼ਾਕਿ ਪਾਇ ਊ
ਹਮਾ ਮਲਕੂਤੀਆਂ ਫ਼ਿਦਾਇ ਊ॥

ਉਸ ਦੇ ਸਤਿਕਾਰੇ ਹੋਏ ਸਾਰੇ ਹੀ ਉਸ ਦੇ ਚਰਨਾਂ ਦੀ ਧੂੜ ਹਨ, ਸਾਰੇ ਦੇਵੀ-ਦੇਵਤੇ ਉਸ ਤੋਂ ਕੁਰਬਾਨ ਹਨ।

ਗਰ ਫ਼ਿਰੋਜ਼ਦ ਹਜ਼ਾਰ ਮਿਹਰੋ ਮਾਹ
ਆਲਮੇ ਦਾਂ ਜੁਜ਼ ਊ ਤਮਾਮ ਸਿਆਹ॥

ਭਾਵੇਂ ਹਜ਼ਾਰਾਂ ਸੂਰਜ ਚੰਨ ਪਏ ਚਮਕਣ, ਪਰ ਉਸ ਗੁਰੂ ਤੋਂ ਬਿਨਾਂ ਸਾਰਾ ਜਹਾਨ ਘੋਰ ਅੰਨੇਰਾ ਹੈ।

ਮੁਰਸ਼ਦਿ ਪਾਕ ਨੂਰਿ ਹੱਕ ਆਮਦ
ਜ਼ਾਂ ਸਬੱਬ ਦਰ ਦਿਲਮ ਸਬਕ ਆਮਦ॥

ਪਾਕ ਪਵਿੱਤ੍ਰ ਮੁਰਸ਼ਦ ਰੱਬ ਦਾ ਹੀ ਨੂਰ ਹੈ, ਇਸੇ ਕਾਰਣ ਉਹ ਮੇਰੇ ਦਿਲ ਵਿਚ ਵਸਿਆ।

ਆਂ ਕਸਾਨੇ ਕਿ ਜ਼ੋ ਨ ਯਾਦ ਆਰੰਦ
ਸਮਰਾ-ਏ ਜਾਨੋ ਦਿਲ ਬਬਾਦ ਆਰੰਦ॥

ਉਹ ਮਨੁੱਖ ਜਿਹੜੇ ਉਸ ਨੂੰ ਯਾਦ ਨਹੀਂ ਕਰਦੇ, ਸਮਝੋ ਕਿ ਉਨ੍ਹਾਂ ਆਪਣੀ ਜਾਨ ਅਤੇ ਦਿਲ ਦਾ ਫਲ ਅੰਞਾਈ ਗਵਾ ਲਿਆ।

ਮਜ਼ਰਾ-ਇ ਪੁਰ ਸਮਰ ਬ-ਅਰਜ਼ਾਨੀ
ਚੂੰ ਮ-ਬੀਨਦ ਜ਼ਿ ਦੂਰ ਸੇਰਾਨੀ॥

ਇਸ ਸਸਤੇ ਫ਼ਲਾਂ ਨਾਲ ਭਰੇ ਖੇਤ ਨੂੰ ਜਦ ਉਹ ਦੂਰੋਂ ਰੱਜ ਕੇ ਵੇਖਦਾ ਹੈ।

ਇੰਬਸਾਤ ਆਦਿਸ਼ ਅਜ਼ਾਂ ਦੀਦਨ
ਬਰ ਸ਼ਤਾਬਦ ਜ਼ਿ ਬਹਿਰਿ ਬਰਚੀਦਨ॥

ਤਾਂ ਉਸ ਨੂੰ ਵੇਖਣ ਵਿਚ ਆਨੰਦ ਪ੍ਰਾਪਤ ਹੁੰਦਾ ਹੈ ਅਤੇ ਉਹ ਉਨ੍ਹਾਂ ਫਲਾਂ ਨੂੰ ਤੋੜਨ ਲਈ ਨੱਸਦਾ ਹੈ।

ਲੇਕ ਹਾਸਿਲ ਨਿਆਰਦ ਅਜ਼ ਵੈ ਬਾਰ
ਬਾਜ਼ ਗਰਦਦ ਗੁਰਜਨਾ ਖੁਆਰੋ ਨਜ਼ਾਰ॥

ਪਰ ਉਸ ਖੇਤ 'ਚੋਂ ਉਸ ਨੂੰ ਕੋਈ ਫ਼ਲ ਪ੍ਰਾਪਤ ਨਹੀਂ ਹੁੰਦਾ, ਅਤੇ ਉਹ ਫੇਰ ਭੁੱਖਾ ਤਿਹਾਇਆ ਅਤੇ ਕਮਜ਼ੋਰ ਮੁੜ ਜਾਂਦਾ ਹੈ।

ਗ਼ੈਰ ਸਤਿਗੁਰ ਹਮਾ ਬ-ਦਾਂ ਮਾਨਦ
ਕਾਂ ਚੁਨਾਂ ਜ਼ਰਇ ਬਾਰ-ਵਰ ਦਾਨਦ॥

ਸਤਿਗੁਰ ਤੋਂ ਬਿਨਾਂ ਸਭ ਕੁਝ ਇਸੇ ਤਰ੍ਹਾਂ ਸਮਝ, ਜਿਵੇਂ ਕਿ ਝਾੜਾਂ ਅਤੇ ਕੰਡਿਆਂ ਨਾਲ ਭਰਿਆ ਹੋਇਆ ਖੇਤ ਹੋਵੇ।

### ਪਹਿਲੀ ਪਾਤਸ਼ਾਹੀ

ਪਹਿਲੀ ਪਾਤਸ਼ਾਹੀ ਉਸ ਸੱਚੇ ਅਤੇ ਸਮਰੱਥ ਦੇ ਨੂਰ ਨੂੰ ਚਮਕਾਉਣ ਵਾਲੀ ਅਤੇ ਰੱਬ ਪਰ ਭਰੋਸੇ ਦੇ ਗਿਆਨ ਨੂੰ ਰੋਸ਼ਨ ਕਰਨ ਵਾਲੀ ਹੈ। ਉਸ ਸਦੀਵੀ ਜਾਣਕਾਰੀ ਦਾ ਝੰਡਾ ਉੱਚਾ ਕਰਨ ਵਾਲੀ ਅਤੇ ਗਿਆਨ ਦੇ ਅੰਨ੍ਹੇਰੇ ਨੂੰ ਦੂਰ ਕਰਨ ਵਾਲੀ, ਪਾਤਾਲ ਤੋਂ ਲੈ ਕੇ ਅਨੰਤ ਤੱਕ ਉਸ ਰੱਬ ਦੇ ਫ਼ਰਮਾਨ ਦਾ ਪਾਲਨਾ ਆਪਣੇ ਮੋਢੇ ਤੇ ਰਖੀ ਬੈਠੀ ਹੈ। ਲਾਹੂਤ ਤੋਂ ਲੈ ਕੇ ਇਸ ਜਹਾਨ ਤੱਕ ਸਭ ਉਸ ਦੇ ਦਰ ਦੀ ਖ਼ਾਕ ਹਨ, ਉਸ ਦਾ ਜਸ ਗਾਇਣ ਕਰਨ ਵਾਲਾ

ਆਪ ਵੱਡੇ ਮਰਤਬੇ ਵਾਲਾ ਰੱਬ ਹੈ ਅਤੇ ਉਸ ਦਾ ਤਾਲਬ ਆਪ ਰੱਬ ਦੀ ਅਬਿਨਾਸ਼ੀ ਜਾਤ ਹੈ, ਹਰ ਚੌਥੇ ਅਤੇ ਛੇਵੇਂ ਫਰਿਸ਼ਤੇ ਦਾ ਕਲਾਮ ਵੀ ਉਸ ਦੀ ਸਿਫ਼ਤ-ਸਲਾਹ ਕਰਨੋ ਅਸਮਰੱਥ ਹੈ ਅਤੇ ਉਸ ਦਾ ਨੂਰ ਨਾਲ ਭਰਿਆ ਝੰਡਾ ਦੋਹਾਂ ਜਹਾਨਾਂ ਤੇ ਝੂਲਦਾ ਹੈ। ਉਸ ਦੇ ਹੁਕਮ ਦੀ ਮਸਾਲ ਰੱਬ ਦੀਆਂ ਨੂਰਾਨੀ ਕਿਰਨਾਂ ਹਨ ਅਤੇ ਉਸ ਦੇ ਸਾਹਮਣੇ ਲੱਖਾਂ ਚੰਨ ਸੂਰਜ ਅਨ੍ਹੇਰੇ ਦੇ ਸਮੁੰਦਰ ਵਿਚ ਡੁੱਬ ਜਾਂਦੇ ਹਨ। ਉਸ ਦੇ ਬਚਨ ਅਤੇ ਆਗਿਆ ਦੁਨੀਆਂ ਦੇ ਲੋਕਾਂ ਲਈ ਸਰਵੋਤਮ ਹਨ ਅਤੇ ਉਸ ਦੀ ਸਿਫ਼ਾਰਸ਼ ਦੋਹਾਂ ਜਹਾਨਾਂ ਲਈ ਪਹਿਲਾ ਦਰਜਾ ਰਖਦੀ ਹੈ। ਉਸ ਦੇ ਸੱਚੇ ਖ਼ਿਤਾਬ ਦੋਹਾਂ ਜਹਾਨਾਂ ਦੇ ਮੁਰਸ਼ਦ ਹਨ ਅਤੇ ਉਸ ਦੀ ਸੱਚੀ ਜਾਤ ਗੁਨਾਹਗਾਰਾਂ ਲਈ ਰਹਿਮਤ ਹੈ। ਰੱਬ ਦੀ ਦਰਗਾਹ ਦੇ ਦੇਵਤੇ ਉਸ ਮੁਰਸ਼ਦ ਦੇ ਚਰਨਾਂ ਦੀ ਧੂੜ ਨੂੰ ਚੁੰਮਦੇ ਹਨ ਅਤੇ ਉਚੇਰੇ ਦਰਬਾਰ ਦੇ ਪਵਿੱਤਰ ਫ਼ਰਿਸਤੇ ਉਸ ਮੁਰਸ਼ਦ ਦੇ ਗੋਲੇ ਅਤੇ ਗੁਲਾਮ ਹਨ, ਉਸ ਦੇ ਪਵਿੱਤਰ ਨਾਮ ਦੇ ਦੋਵੇਂ, 'ਨੂੰਨ' ਨਿਆਮਤਾਂ ਬਖਸ਼ਣ ਵਾਲੇ ਅਤੇ ਸਹਾਈ ਹੋਣ ਵਾਲੇ ਹਨ। ਵਿਚਕਾਰਲਾ 'ਅਲਿਫ਼' ਅਕਾਲ ਪੁਰਖ ਦਾ ਲਖਾਇਕ ਹੈ, ਅਖ਼ੀਰਲਾ 'ਕਾਫ਼' ਅੰਤਮ ਮਹਾਂਪੁਰਸ਼ ਦਾ ਸੂਚਕ ਹੈ। ਉਸ ਦੀ ਫ਼ਕੀਰੀ ਕਾਮਲ ਫ਼ਕਰ ਦਾ ਸਿਰ ਉੱਚਾ ਕਰਨ ਵਾਲੀ ਹੈ ਅਤੇ ਉਸ ਦੀ ਸਖ਼ਾਵਤ ਦੋਹਾਂ ਜਹਾਨਾਂ ਵਿਚ ਭਰਪੂਰ ਹੈ।

ਵਾਹਿਗੁਰੂ ਜੀਓ ਸਤ, ਵਾਹਿਗੁਰੂ ਜੀਓ ਹਾਜ਼ਰ ਨਾਜ਼ਰ ਹੈ।

ਨਾਮਿ ਊ ਸ਼ਾਹਿ ਨਾਨਕ ਹੱਕ ਕੇਸ਼
ਕਿ ਨਿਆਇਦ ਚੁਨੂੰ ਦਿਗਰ ਦਰਵੇਸ਼॥

ਉਸ ਦਾ ਨਾਮ ਨਾਨਕ ਪਾਤਸ਼ਾਹ ਹੈ ਤੇ ਉਹ ਸੱਚੇ ਧਰਮ ਵਾਲਾ ਹੈ। ਉਸ ਜਿਹਾ ਹੋਰ ਕੋਈ ਦਰਵੇਸ਼ ਸੰਸਾਰ ਵਿਚ ਨਹੀਂ ਆਇਆ।

ਫ਼ੁਕਰੇ ਊ ਫ਼ਕਰ ਰਾ ਸਰ-ਫ਼ਰਾਜ਼ੀ
ਪੇਸ਼ਿ ਊ ਕਾਰਿ ਜੁਮਲਾ ਜਾਨਬਾਜ਼ੀ॥

ਉਸ ਦੀ ਫ਼ਕੀਰੀ, ਦਰਵੇਸ਼ੀ ਦਾ ਸਿਰ ਉੱਚਾ ਕਰਦੀ ਹੈ, ਉਸ ਦੇ ਸਾਹਮਣੇ ਸਭ ਦਾ ਕੰਮ ਜਾਨ ਵਾਰਨਾ ਹੈ।

ਤਾਲਿਬੇ ਖ਼ਾਕਿ ਊ ਚਿਹ ਖ਼ਾਸੋ ਚਿਹ ਆਮ
ਚਿਹ ਮਲਾਇਕ ਚਿਹ ਹਾਜ਼ਿਰਾਨਿ ਤਮਾਮ॥

ਕੀ ਖ਼ਾਸ ਅਤੇ ਕੀ ਆਮ, ਕੀ ਫ਼ਰਿਸ਼ਤੇ ਤੇ ਕੀ ਰੱਬੀ ਦਰਗਾਹ ਦੇ ਦਰਸ਼ਕ, ਸਾਰੇ ਹੀ ਉਸ ਦੀ ਧੂੜ ਦੇ ਜਾਚਕ ਹਨ।

ਹੱਕ ਚੂ ਖ਼ੁੱਦ ਵਾਸਿਫ਼ਸ਼ ਚਿਗੋਇਮ ਮਨ
ਦਰ ਰਹਿ ਵਸਫ਼ਿ ਊ ਚਿ ਪੋਇਮ ਮਨ॥

ਜਦ ਰੱਬ ਆਪ ਦੀ ਉਸਤਤਿ ਕਰਦਾ ਹੈ, ਤਾਂ ਮੈਂ ਕੀ ਸਿਫ਼ਤ ਕਰਾਂ? ਉਸ ਦੀ ਸਿਫ਼ਤ ਦੇ ਰਾਹ ਤੇ ਮੈਂ ਕਿਵੇਂ ਚੱਲਾਂ?

ਸਦ ਹਜ਼ਾਰਾਂ ਮੁਰੀਦਸ਼ ਅਜ਼ ਮਲਕੂਤ
ਸਦ ਹਜ਼ਾਰਾਂ ਮੁਰੀਦਸ਼ ਅਜ਼ ਨਾਸੂਤ॥

ਰੂਹਾਂ ਦੀ ਦੁਨੀਆਂ ਦੇ ਲੱਖਾਂ ਹੀ (ਫ਼ਰਿਸ਼ਤੇ) ਉਸ ਦੇ ਮੁਰੀਦ ਹਨ, ਇਸ ਜਹਾਨ ਦੇ ਲੱਖਾਂ ਲੋਕ ਉਸ ਦੇ ਮੁਰੀਦ ਹਨ।

ਹਮਾ ਜਬਰੂਤੀਆਂ ਫ਼ਿਦਾਇ ਊ
ਹਮਾ ਲਾਹੂਤੀਆਂ ਬਪਾਇ ਊ॥

ਅਧਿਆਤਮਕ ਸੰਸਾਰ ਦੇ ਸਾਰੇ ਦੇਵਤੇ ਉਸ ਤੋਂ ਕੁਰਬਾਨ ਜਾਂਦੇ ਹਨ, ਰੂਹਾਨੀ ਸੰਸਾਰ ਦੇ ਸਾਰੇ ਫ਼ਰਿਸ਼ਤੇ ਉਸ ਦੇ ਚਰਨਾਂ ਤੇ ਢਹਿੰਦੇ ਹਨ।

ਹਮਾ ਨਾਸੂਤੀਆਂ ਮਲਾਇਕਿ ਊ
ਜਲਵਾ-ਅਸ਼ ਦਾਂ ਤਹਿਤੋ ਫ਼ੌਕਿ ਨਿਕੂ॥

ਇਸ ਜਹਾਨ ਦੇ ਸਾਰੇ ਲੋਕ ਉਸ ਦੇ ਬਣਾਏ ਦੇਵਤੇ ਹਨ, ਉਸ ਦਾ ਦੀਦਾਰ ਹੇਠਾਂ ਉਪਰ ਸਭ ਥਾਈਂ ਪ੍ਰਕਾਸ਼ਮਾਨ ਹੈ।

ਜਾ-ਨੀਸ਼ਨਾਨਿ ਊ ਅਜ਼ ਊ ਲਾਇਕ
ਜ਼ਿਕਰਿ ਤੰਸੀਫ਼ਿ ਜ਼ਾਤ ਰਾ ਲਾਇਕ॥

ਉਸ ਦੀ ਸੰਗਤ ਵਿਚ ਬੈਠਣ ਵਾਲੇ ਸਭ ਗਿਆਨਵਾਨ ਹਨ, ਉਹ ਰੱਬ ਦੀ ਜਾਤ ਦੀ ਸਿਫ਼ਤ ਸ਼ਲਾਘਾ ਕਰਨ ਵਾਲੇ ਹਨ।

ਅਬਦ ਆਬਾਦ ਕਦਰੋ ਜਾਹੋ ਨਿਸ਼ਾਂ
ਬਰ ਅਫ਼ਰਾਜ਼ਦ ਜ਼ਿ ਯਕ ਦਿਗਰ ਸੁਬਹਾਂ॥

ਉਨ੍ਹਾਂ ਦਾ ਮਾਨ ਸਤਿਕਾਰ, ਸਥਾਨ ਅਤੇ ਮਰਤਬਾ ਅਤੇ ਨਾਮ ਨਿਸ਼ਾਨ ਰਹਿੰਦੀ ਦੁਨੀਆਂ ਤਕ ਸਥਿਰ ਹੈ, ਉਹ ਪਾਕ ਪਰਵਰਦਗਾਰ ਉਨ੍ਹਾਂ ਨੂੰ ਦੂਜਿਆਂ ਨਾਲੋਂ ਉਚੇਚਾ ਦਰਜਾ ਬਖਸ਼ਦਾ ਹੈ।

*'ਚਲਦਾ.....।'*

# ਜ਼ਰੂਰੀ ਸੂਚਨਾ

## ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ!

ਆਪ ਜੀ ਨੂੰ ਸੰਨਿਮਰ ਬੇਨਤੀ ਹੈ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਵਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।



ਸੱਚਖੰਡ ਵਾਸੀ
ਸ੍ਰੀ ਮਾਨ
ਸੰਤ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ
(ਨਿਊ ਚੰਡੀਗੜ੍ਹ)

FASTWAY

**ਫਾਸਟਵੇਅ ਕੇਬਲ ਟੀ.ਵੀ. ਨੈਟਵਰਕ**

**ਚੈਨਲ ਨੰਬਰ - 202 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**

**4.45 ਤੋਂ 6.45 ਤੱਕ (2 ਘੰਟੇ)**

ਇਹ ਕੀਰਤਨ ਪ੍ਰਵਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਚੇਤਿ ਸੰਗਰਾਂਦ - 14 ਮਾਰਚ, ਦਿਨ ਸ਼ੁਕਰਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

### ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**

**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | Amout |
|---|---|
| 1 Year | Rs. 300/- |
| 3 Year | Rs. 750/- |
| 5 Year | Rs. 1200/- |
| Life (20 Year) | Rs 3000/- |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।

## PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

### LIST OF CORRESPONDENT BANKS

**Australia**

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

**Canada**

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

**Germany**

1. Commerze bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
7. Deutsche Bank AGDEUTDEFF
8. HSBCT rinkaus & Burkhadt AGTUBDDEDD

**Italy**

1. Credit AgricoleI talia SpACRPPIT2P
2. Intesa Sanpaolo Sp ABCITITMM
3. Unicredit SPAUNCRITMM
4. Banca Popolaredi Sondrio Societa Cooperativa perAzioni POSOIT22
5. BPERB anca Sp ABPMOIT22

**United Kingdom**

1. Standard Chartered Bank SCBLGB2L
2. Couttsand Company COUTGB22
3. National Westminster Bank Plc (NatWestBank) NWBKGB2L
4. Royal Bank of Scotland Plc RBOSGB2L
5. Barclays Bank PlcBARCGB22
6. HSBC Bank Plc MIDLGB22
7. Lloyds Bank PlcLOYDGB2L
8. State Bank of India (UK)Ltd.SBOIGB2L

**United States**

1. Fifth Third Bank FTBCUS3C
2. HSBC Bank USA National Association MRMDUS33
3. Deutsche Bank Trust Company Americas BKTRUS33
4. Wells Fargo Bank National Association WFBIUS6S
5. Silicon Valley Bank SVBKUS6S
6. State Bank of India (California) SBCAUS6L
7. The Bank of New York Mellon IRVTUS3N
8. PNC Bank National Association PNCCUS33
9. BOKF National Association BAOKUS44
10. MUFG Union Bank National Association BOFCUS33
11. Bank of America National Association BOFAUS3N
12. Key bank National Association KEYBUS33
13. US Bank National Association USBKUS44
14. Citi bank NACITIUS33
15. JP Morgan Chase Bank National Association CHASUS33
16. The Northern Trust Company CNORUS44

In case you want to send donations by cheque, please send it to the Trust along with Donor's ID Proof & Address Proof at the address : Gurdwara Isher Parkash, Ratwara Sahib, (Near New Chandigarh), P.O Mullanpur Garibdas, Distt. S.A.S Nagar (Mohali)-140901, Punjab (India)

**For any query, please contact Mobile No. 98889-10777. Email id : gurmukh4124@gmail.com**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 200/– | |
| 2. | ਕਿਵ ਕੂੜੈ ਤੁਟੈ ਪਾਲਿ | 120/– | 35/– |
| 3. | ਬਾਤ ਅਗੰਮ ਕੀ | 400/– | 400/– |
| 4. | ਕਿਵ ਸਚਿਆਰਾ ਹੋਈਐ – | 400/– | |
| 5. | ਹੋਵੈ ਅਨੰਦੁ ਘਣਾ | | 30/– |
| 6. | ਚਉਥੈ ਪਹਰਿ ਸਬਾਹ ਕੈ | 55/– | 60/– |
| 7. | ਸੁਰਤਿਆਂ ਉਪਜੈ ਚਾਉ | 40/– | 60/– |
| 8. | ਬਾਬਾਣੀਆਂ ਕਹਾਣੀਆਂ | 50/– | 50/– |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/– | 10/– |
| 10. | ਅੰਮ੍ਰਿਤ ਫੁਹਾਰ | 10/– | 10/– |
| 11. | ਅਗੰਮ ਅਗੋਚਰ ਦਾ ਮਾਰਗ | 60/– | 70/– |
| 12. | ਪੁਰਾਤਨ ਟੀਕਾ – ਜਪੁਜੀ ਸਾਹਿਬ | 30/– | |
| 13. | ਅਮਰ ਜੋਤਾਂ | 20/– | 15/– |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/– | |
| 15. | ਅਮਰ ਗਾਥਾ | 200/– | 100/– |
| 16. | ਧਰਮ ਯੁਧ ਕੇ ਚਾਇ | 50/– | |
